27-JULY-PAGE-1.qxd 7/26/2023 10:58 PM Page 1

ਵੀਰਵਾਰ, 27 ਜੁਲਾਈ, 2023

12 ਸਾਉਣ {ਨਾਨਕਸ਼ਾਹੀ 555 / ਬਿਕਰਮੀ 2080}

ਜਿਲਦ/VOL. : 72

ਅੰਕ/NO. : 56

# ਨਵਾਂ ਜ਼ਮਾਨਾ

DAILY NAWAN ZAMANA • THURSDAY, 27 JULY, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਬੱਦਲ ਫਟਿਆ



**ਸ਼ਿਮਲਾ** : ਸ਼ਿਮਲਾ ਜ਼ਿਲ੍ਹੇ ਦੇ ਰਾਮਪੁਰ ਉਪ ਮੰਡਲ 'ਚ ਬੱਦਲ ਫਟਣ ਨਾਲ ਸਕੂਲ, ਦੋ ਘਰ ਅਤੇ ਖੇਤੀ ਵਾਲੀ ਜ਼ਮੀਨ ਰੁੜ੍ਹ ਗਏ, ਜਦੋਂ ਕਿ ਝਕੜੀ ਅਤੇ ਜੋਏਰੀ ਖੇਤਰਾਂ ਦੇ ਨੇੜੇ ਰਾਸ਼ਟਰੀ ਰਾਜਮਾਰਗ 5 ਢਿਗਾਂ ਡਿੱਗਣ ਕਾਰਨ ਬੰਦ ਹੋ ਗਿਆ। ਮੰਗਲਵਾਰ ਨੂੰ ਸਰਪਾਰਾ ਪੰਚਾਇਤ ਦੇ ਕੰਥਾਰ ਪਿੰਡ 'ਚ ਬੱਦਲ ਫਟਣ ਕਾਰਨ 17 ਭੇਡਾਂ ਅਤੇ ਬੱਕਰੀਆਂ ਵੀ ਰੁੜ੍ਹ ਗਈਆਂ। ਹਿਮਾਚਲ ਪ੍ਰਦੇਸ਼ ਦੇ ਮੌਸਮ ਵਿਭਾਗ ਨੇ 26 ਅਤੇ 27 ਜੁਲਾਈ ਨੂੰ 12 ਵਿੱਚੋਂ 8 ਜ਼ਿਲ੍ਹਿਆਂ 'ਚ ਕਈ ਥਾਵਾਂ 'ਤੇ ਭਾਰੀ ਤੋਂ ਬਹੁਤ ਭਾਰੀ ਬਾਰਸ਼ ਲਈ ਔਰੇਂਜ ਚਿਤਾਵਨੀ ਜਾਰੀ ਕੀਤੀ ਹੈ।

## ਟਾਈਟਲਰ 5 ਨੂੰ ਤਲਬ

**ਨਵੀਂ ਦਿੱਲੀ** : ਸਥਾਨਕ ਅਦਾਲਤ ਨੇ ਸਿੱਖ ਵਿਰੋਧੀ ਦੰਗਿਆਂ ਨਾਲ ਸੰਬੰਧਤ ਮਾਮਲੇ ਵਿਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖਿਲਾਫ ਦਾਇਰ ਸੀ ਬੀ ਆਈ ਦੀ ਚਾਰਜਸੀਟ ਦਾ ਨੋਟਿਸ ਲੈਂਦਿਆਂ ਟਾਈਟਲਰ ਨੂੰ ਸੰਮਨ ਜਾਰੀ ਕਰਕੇ 5 ਅਗਸਤ ਨੂੰ ਅਦਾਲਤ 'ਚ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਹਨ।

## ਕੋਲਾ ਘਪਲੇ 'ਚ ਪਿਓ-ਪੁੱਤ ਨੂੰ ਚਾਰ-ਚਾਰ ਸਾਲ ਦੀ ਸਜ਼ਾ

**ਨਵੀਂ ਦਿੱਲੀ** : ਸਥਾਨਕ ਅਦਾਲਤ ਨੇ ਕੋਲਾ ਘਪਲੇ 'ਚ ਸਾਬਕਾ ਰਾਜ ਸਭਾ ਮੈਂਬਰ ਵਿਜੈ ਦਰਡਾ ਅਤੇ ਉਸ ਦੇ ਪੁੱਤਰ ਨੂੰ ਚਾਰ-ਚਾਰ ਸਾਲ ਦੀ ਸਜ਼ਾ ਸੁਣਾਈ ਹੈ। ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਅਦਾਲਤ ਨੇ ਇਸ ਮਾਮਲੇ 'ਚ ਸਾਬਕਾ ਕੋਲਾ ਸਕੱਤਰ ਐੱਚ ਸੀ ਗੁਪਤਾ, ਸਾਬਕਾ ਅਧਿਕਾਰੀ ਕੇ ਐੱਸ ਕ੍ਰੋਫਾ ਅਤੇ ਕੇ ਸੀ ਸਮਰੀਆ ਨੂੰ ਤਿੰਨ-ਤਿੰਨ ਸਾਲ ਦੀ ਸਜ਼ਾ ਸੁਣਾਈ ਹੈ।

## ਈ ਡੀ ਮੁਖੀ ਦਾ ਸੇਵਾ ਕਾਲ ਵਧਾਉਣ ਲਈ ਅਰਜ਼ੀ

**ਨਵੀਂ ਦਿੱਲੀ** : ਕੇਂਦਰ ਨੇ ਈ ਡੀ ਮੁਖੀ ਸੰਜੈ ਕੁਮਾਰ ਮਿਸ਼ਰਾ ਦੇ ਕਾਰਜਕਾਲ 'ਚ ਵਾਧੇ ਲਈ ਬੁੱਧਵਾਰ ਸੁਪਰੀਮ ਕੋਰਟ ਦਾ ਰੁਖ ਕੀਤਾ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਮਿਸ਼ਰਾ ਦੇ ਸੇਵਾਕਾਲ 'ਚ ਕੀਤਾ ਵਾਧਾ ਗੈਰਕਾਨੂੰਨੀ ਕਰਾਰ ਦਿੰਦਿਆਂ ਉਨ੍ਹਾ ਨੂੰ 31 ਜੁਲਾਈ ਨੂੰ ਅਹੁਦਾ ਛੱਡਣ ਦਾ ਹੁਕਮ ਦਿੱਤਾ ਸੀ। ਹੁਣ ਜਸਟਿਸ ਬੀ ਆਰ ਗਵਈ ਦੀ ਅਗਵਾਈ ਵਾਲੀ ਬੈਂਚ ਨੇ ਵੀਰਵਾਰ ਨੂੰ ਬਾਅਦ ਦੁਪਹਿਰ 3.30 ਵਜੇ ਕੇਂਦਰ ਦੀ ਪਟੀਸਨ 'ਤੇ ਸੁਣਵਾਈ ਕਰਨ ਲਈ ਸਹਿਮਤੀ ਦਿੱਤੀ ਹੈ।

## ਮੂਸੇਵਾਲਾ ਕਤਲ ਕਾਂਡ 'ਚ ਫਰਦ ਜੁਰਮ ਆਇਦ

**ਮਾਨਸਾ** : ਇਥੋਂ ਦੀ ਅਦਾਲਤ ਨੇ ਬੁੱਧਵਾਰ ਸਿੱਧੂ ਮੂਸੇਵਾਲਾ ਕਤਲ ਕਾਂਡ ਵਿਚ ਗ੍ਰਿਫਤਾਰ ਗੈਂਗਸਟਰ ਲਾਰੈਂਸ ਬਿਸ਼ਨੋਈ ਸਮੇਤ 26 ਮੁਲਜ਼ਮਾਂ ਖਿਲਾਫ ਦੋਸ਼ ਆਇਦ ਕਰ ਦਿੱਤੇ। ਇਨ੍ਹਾਂ ਸਾਰਿਆਂ ਨੂੰ ਅਦਾਲਤ 'ਚ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕੀਤਾ ਗਿਆ। ਇਨ੍ਹਾਂ 'ਤੇ ਹੁਣ ਮੁਕੱਦਮਾ ਚੱਲੇਗਾ। ਅਦਾਲਤ ਨੇ 9 ਅਗਸਤ ਨੂੰ ਸਾਰੇ ਮੁਲਜ਼ਮਾਂ ਨੂੰ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

## ਬਿਕਰਮ ਬਰਾੜ ਦੁਬਈ ਤੋਂ ਡਿਪੋਰਟ

**ਨਵੀਂ ਦਿੱਲੀ** : ਲਾਰੈਂਸ ਬਿਸ਼ਨੋਈ ਗੈਂਗ ਨਾਲ ਸੰਬੰਧਤ ਗੈਂਗਸਟਰ ਬਿਕਰਮ ਬਰਾੜ ਨੂੰ ਦੁਬਈ ਤੋਂ ਡਿਪੋਰਟ ਕਰ ਦਿੱਤਾ ਗਿਆ ਹੈ ਅਤੇ ਐੱਨ ਆਈ ਏ ਨੇ ਉਸ ਨੂੰ ਹਿਰਾਸਤ 'ਚ ਲੈ ਲਿਆ ਹੈ। ਇਹ ਬਦਮਾਸ਼ ਰਾਜਸਥਾਨ ਦਾ ਰਹਿਣ ਵਾਲਾ ਹੈ ਅਤੇ ਸਿੱਧੂ ਮੂਸੇਵਾਲਾ ਕਤਲ ਕਾਂਡ ਵਿਚ ਵੀ ਸ਼ਾਮਲ ਦੱਸਿਆ ਜਾਂਦਾ ਹੈ।

## ਮੁੱਖ ਮੰਤਰੀ ਭਲਕੇ ਸਰਵਿਸ ਰੈਗੂਲਰਾਈਜੇਸ਼ਨ ਲੈਟਰ ਸੌਂਪਣਗੇ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਇੱਕ ਦਹਾਕੇ ਤੋਂ ਸਕੂਲ ਸਿੱਖਿਆ ਵਿਭਾਗ ਵਿੱਚ ਠੇਕੇ 'ਤੇ ਕੰਮ ਕਰ ਰਹੇ ਸਿੱਖਿਆ ਪ੍ਰੋਵਾਈਡਰ, ਆਈ. ਈ, ਈ.ਜੀ.ਐਸ, ਐਸ. ਟੀ. ਆਰ, ਏ.ਆਈ. ਈ ਅਤੇ ਸਪੈਸ਼ਲ ਇਨਕਲੂਸਿਵ ਟੀਚਰਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਜਾ ਰਹੀ ਹੈ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਇਸ ਸਬੰਧੀ 28 ਜੁਲਾਈ ਨੂੰ ਚੰਡੀਗੜ੍ਹ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਜਾਵੇਗਾ ਅਤੇ ਜਿਸ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਤੇ ਠੇਕੇ 'ਤੇ ਕੰਮ ਕਰ ਰਹੇ ਇਨ੍ਹਾਂ 12,500 ਅਧਿਆਪਕਾਂ ਨੂੰ ਸਰਵਿਸ ਰੈਗੂਲਰਾਈਜੇਸ਼ਨ ਲੈਟਰ ਸੌਂਪਣਗੇ ਅਤੇ ਇਹ ਸਮਾਗਮ ਸੂਬੇ ਭਰ ਦੇ ਸਕੂਲਾਂ ਵਿੱਚ ਵੀ ਇੱਕੋ ਸਮੇਂ ਕਰਵਾਏ ਜਾਣਗੇ।

# ਮੋਦੀ ਵਜ਼ਾਰਤ ਖਿਲਾਫ ਬੇਵਿਸਾਹੀ ਮਤਾ ਦਾਖਲ



**ਨਵੀਂ ਦਿੱਲੀ** : ਲੋਕ ਸਭਾ ਸਪੀਕਰ ਓਮ ਬਿੜਲਾ ਨੇ ਬੁੱਧਵਾਰ ਮੰਤਰੀ ਪ੍ਰੀਸ਼ਦ ਖਿਲਾਫ ਬੇਵਿਸਾਹੀ ਮਤਾ ਦਾਖਲ ਕਰ ਲਿਆ। ਮਤਾ ਕਾਂਗਰਸ ਦੇ ਗੌਰਵ ਗੋਗੋਈ ਨੇ ਪੇਸ਼ ਕੀਤਾ ਸੀ ਤੇ 50 ਤੋਂ ਵੱਧ ਆਪੋਜ਼ੀਸ਼ਨ ਮੈਂਬਰਾਂ ਨੇ ਖੜ੍ਹੇ ਹੋ ਕੇ ਇਸ ਦੀ ਹਮਾਇਤ ਕੀਤੀ। ਗੋਗੋਈ ਨੇ ਮੋਦੀ ਸਰਕਾਰ ਖਿਲਾਫ ਬੇਵਿਸਾਹੀ ਮਤੇ ਦਾ ਨੋਟਿਸ ਮਨੀਪੁਰ ਮੁੱਦੇ 'ਤੇ ਦਿੱਤਾ। ਸਪੀਕਰ ਨੇ ਕਿਹਾ ਕਿ ਉਹ ਮਤੇ 'ਤੇ ਬਹਿਸ ਤੇ ਸਮੇਂ ਦਾ ਫੈਸਲਾ ਸਦਨ ਦੇ ਆਗੂਆਂ ਨਾਲ ਵਿਚਾਰ ਕਰਕੇ ਕਰਨਗੇ। ਨਿਯਮ ਮੁਤਾਬਕ ਸਪੀਕਰ ਨੂੰ ਮਤਾ ਦਾਖਲ ਕਰਨ ਤੋਂ ਬਾਅਦ 10 ਦਿਨਾਂ ਵਿਚ ਬਹਿਸ ਤੇ ਵੋਟਿੰਗ ਦਾ ਸਮਾਂ ਤੈਅ ਕਰਨਾ ਹੁੰਦਾ ਹੈ।

ਤ੍ਰਿਣਮੂਲ ਕਾਂਗਰਸ, ਨੈਸ਼ਨਲ ਕਾਨਫਰੰਸ, ਡੀ ਐੱਮ ਕੇ, ਐੱਨ ਸੀ ਪੀ, ਜੇ ਡੀ ਯੂ ਤੋਂ ਇਲਾਵਾ ਖੱਬੀਆਂ ਪਾਰਟੀਆਂ ਨੇ ਮਤੇ ਦੀ ਹਮਾਇਤ ਕੀਤੀ ਹੈ।

ਬੇਵਿਸਾਹੀ ਮਤਾ ਪੇਸ਼ ਕਰਨ ਪਿੱਛੇ ਆਪੋਜ਼ੀਸ਼ਨ ਦਾ ਮਕਸਦ ਇਹ ਹੈ ਕਿ ਮਨੀਪੁਰ ਬਾਰੇ ਸੰਸਦ ਵਿਚ ਬਿਆਨ ਦੇਣ ਲਈ ਤਿਆਰ ਨਹੀਂ ਹੋ ਰਹੇ ਪ੍ਰਧਾਨ ਮੰਤਰੀ ਨੂੰ ਮਤੇ ਦਾ ਜਵਾਬ ਦੇਣ ਵੇਲੇ ਬੋਲਣਾ ਪਵੇਗਾ। ਆਪੋਜ਼ੀਸ਼ਨ ਮੈਂਬਰ ਮਨੀਪੁਰ ਬਾਰੇ ਖੁੱਲ੍ਹ ਕੇ ਬੋਲਣਗੇ ਤੇ ਪ੍ਰਧਾਨ ਮੰਤਰੀ ਨੂੰ ਜਵਾਬ ਦੇਣਾ ਪਵੇਗਾ, ਕਿਉਂਕਿ ਸਰਕਾਰ ਦੇ ਮੁਖੀ ਉਹੀ ਹਨ। ਮੋਦੀ ਨੇ ਪੰਜ ਸਾਲ ਪਹਿਲਾਂ 2018 ਵਿਚ ਬੇਵਿਸਾਹੀ ਮਤੇ ਦਾ ਜਵਾਬ ਦਿੰਦਿਆਂ ਕਿਹਾ ਸੀ—ਮੈਂ ਤੁਹਾਨੂੰ ਸ਼ੁਭਕਾਮਨਾਵਾਂ ਦੇਣੀਆਂ ਚਾਹੁੰਦਾ ਹਾਂ ਕਿ ਤੁਸੀਂ ਏਨੀ ਤਿਆਰੀ ਕਰੋ ਕਿ ਤੁਹਾਨੂੰ 2023 ਵਿਚ ਫਿਰ ਬੇਵਿਸਾਹੀ ਮਤਾ ਲਿਆਉਣ ਦਾ ਮੌਕਾ ਮਿਲੇ।

## ਭਾਜਪਾ ਨੂੰ ਸਿਆਸੀ ਬਦਹਜ਼ਮੀ : ਚੱਢਾ



**ਨਵੀਂ ਦਿੱਲੀ**-ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਨੇਤਾ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਬੁੱਧਵਾਰ ਆਪਣੇ ਟਵਿੱਟਰ ਰਾਹੀਂ ਲਿਖਿਆ-ਮਨੀਪੁਰ ਅਤੇ ਉੱਤਰ-ਪੂਰਬੀ ਖੇਤਰ ਦੀ ਮੌਜੂਦਾ ਸਥਿਤੀ ਬਾਰੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸੱਤਾਧਾਰੀ ਭਾਜਪਾ ਸੰਸਦ ਦੇ ਕੰਮਕਾਜ ਵਿਚ ਰੁਕਾਵਟ ਪਾ ਰਹੀ ਹੈ ਅਤੇ ਜਵਾਬਦੇਹੀ ਤੋਂ ਬਚ ਰਹੀ ਹੈ, ਜਿਸ ਕਾਰਨ ਉਨ੍ਹਾਂ ਨੇ ਲੋਕ ਸਭਾ ਵਿਚ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿਰੁੱਧ ਬੇਵਿਸਾਹੀ ਮਤਾ ਲਿਆਂਦਾ ਹੈ।

ਆਪ ਦੇ ਸਾਥੀ ਸੰਸਦ ਮੈਂਬਰ ਸੰਜੇ ਸਿੰਘ ਦੀ ਮੁਅੱਤਲੀ ਬਾਰੇ, ਰਾਘਵ ਚੱਢਾ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਡਰਨਗੇ ਨਹੀਂ ਅਤੇ ਸੰਸਦ ਕੰਪਲੈਕਸ ਵਿੱਚ ਆਪਣਾ ਵਿਰੋਧ ਪ੍ਰਦਰਸ਼ਨ ਜਾਰੀ ਰੱਖਣਗੇ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਅਰਵਿੰਦ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਦੀ ਵਧਦੀ ਲੋਕਪ੍ਰਿਅਤਾ ਕਾਰਨ ਵਿਰੋਧੀ ਧਿਰ ਨੂੰ ਦਬਾਉਣ ਅਤੇ ਲੋਕਤੰਤਰ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਵਿਵਾਦਗ੍ਰਸਤ ਦਿੱਲੀ ਆਰਡੀਨੈਂਸ 'ਤੇ ਚਰਚਾ ਕਰਦੇ ਹੋਏ ਉਨ੍ਹਾਂ ਨੇ ਦਿੱਲੀ ਦੇ ਲੋਕਾਂ ਅਤੇ ਭਾਰਤ ਦੀ ਨਿਆਂਪਾਲਿਕਾ 'ਤੇ ਹਮਲਾ ਕਰਨ ਲਈ ਭਾਜਪਾ ਦੀ ਆਲੋਚਨਾ ਕੀਤੀ। ਉਨ੍ਹਾ ਦਲੀਲ ਦਿੱਤੀ ਕਿ ਇਹ ਆਰਡੀਨੈਂਸ ਕਈ ਕੋਸ਼ਿਸ਼ਾਂ ਦੇ ਬਾਵਜੂਦ ਦਿੱਲੀ ਵਿੱਚ ਭਾਜਪਾ ਦੀ ਜਿੱਤ ਵਿੱਚ ਅਸਮਰੱਥਾ ਦਾ ਜਵਾਬ ਹੈ। ਉਨ੍ਹਾ ਹਾਸੇ-ਮਜ਼ਾਕ ਨਾਲ ਸੁਝਾਅ ਦਿੱਤਾ ਕਿ ਅਜਿਹੇ ਆਰਡੀਨੈਂਸਾਂ ਦੀ ਬਜਾਏ, ਭਾਜਪਾ ਨੂੰ ਆਪਣੇ ਰਾਜਨੀਤਕ ਬਦਹਜ਼ਮੀ ਦਾ ਇਲਾਜ ਕਰਨ ਲਈ ਡਾਕਟਰ ਦੀ ਲੋੜ ਹੈ।

## ਐੱਨ ਡੀ ਏ 'ਚ ਈ ਡੀ, ਸੀ ਬੀ ਆਈ ਤੇ ਇਨਕਮ ਟੈਕਸ ਡਿਪਾਰਟਮੈਂਟ ਹੀ ਮਜ਼ਬੂਤ ਪਾਰਟੀਆਂ : ਠਾਕਰੇ

**ਨਵੀਂ ਦਿੱਲੀ** : ਸ਼ਿਵ ਸੈਨਾ (ਯੂ ਬੀ ਟੀ) ਦੇ ਮੁਖੀ ਊਧਵ ਠਾਕਰੇ ਨੇ ਭਾਜਪਾ 'ਤੇ ਵਿਅੰਗ ਕਰਦਿਆਂ ਕਿਹਾ ਕਿ ਸਿਰਫ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ), ਆਮਦਨ ਕਰ ਵਿਭਾਗ ਅਤੇ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਹੀ ਕੌਮੀ ਜਮਹੂਰੀ ਗਠਜੋੜ (ਐੱਨ ਡੀ ਏ) ਦੀਆਂ 'ਤਿੰਨ ਮਜ਼ਬੂਤ ਪਾਰਟੀਆਂ' ਹਨ। ਠਾਕਰੇ ਨੇ ਪਾਰਟੀ ਦੇ ਮੁੱਖ ਪੱਤਰ 'ਸਾਮਨਾ' ਦੇ ਕਾਰਜਕਾਰੀ ਸੰਪਾਦਕ ਸੰਜੇ ਰਾਊਤ ਨਾਲ ਇੰਟਰਵਿਊ ਦੌਰਾਨ ਮਨੀਪੁਰ 'ਚ ਜਾਤੀ ਹਿੰਸਾ 'ਤੇ ਕੇਂਦਰ ਸਰਕਾਰ ਦੀ ਆਲੋਚਨਾ ਵੀ ਕੀਤੀ ਤੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਥੋਂ ਦਾ ਦੌਰਾ ਕਰਨ ਲਈ ਤਿਆਰ ਨਹੀਂ।

# ਨੌਕਰੀ ਦੌਰਾਨ ਹਾਦਸੇ 'ਚ ਮਾਰੇ ਜਾਣ ਵਾਲੇ ਸੈਨਿਕਾਂ ਦੇ ਪਰਵਾਰਾਂ ਲਈ ਐੱਕਸ-ਗ੍ਰੇਸ਼ੀਆ ਗਰਾਂਟ ਸ਼ੁਰੂ ਕਰਨ ਦਾ ਐਲਾਨ

## ਡਿਊਟੀ ਦੌਰਾਨ ਦਿਵਿਆਂਗ ਹੋਏ ਸੈਨਿਕਾਂ ਦੀ ਐੱਕਸ-ਗ੍ਰੇਸ਼ੀਆ ਰਾਸ਼ੀ ਦੁੱਗਣੀ ਹੋਵੇਗੀ : ਮਾਨ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਨਰਿੰਦਰਜੀਤ ਸਿੰਘ)**- ਦੇਸ਼ ਦੇ ਬਹਾਦਰ ਸੈਨਿਕਾਂ ਦੇ ਸਤਿਕਾਰ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਸੈਨਿਕ ਦੀ ਨੌਕਰੀ ਦੌਰਾਨ ਕਿਸੇ ਹਾਦਸੇ ਵਿੱਚ ਮੌਤ ਹੋ ਜਾਣ (ਫਿਜ਼ੀਕਲ ਕੈਜ਼ੂਅਲਟੀ) ਦੀ ਸੂਰਤ ਵਿਚ ਪਰਵਾਰ ਲਈ ਐਕਸ-ਗ੍ਰੇਸ਼ੀਆ ਗਰਾਂਟ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਡਿਊਟੀ ਦੌਰਾਨ ਦਿਵਿਆਂਗ ਹੋਏ ਸੈਨਿਕਾਂ ਲਈ ਵਿੱਤੀ ਸਹਾਇਤਾ ਦੁੱਗਣੀ ਕਰਨ ਦੇ ਨਾਲ-ਨਾਲ ਪਹਿਲੇ ਤੇ ਦੂਜੇ ਵਿਸ਼ਵ ਯੁੱਧ ਦੇ ਨਾਨ-ਪੈਨਸ਼ਨਰ ਸਾਬਕਾ ਸੈਨਿਕਾਂ ਦੀ ਵਿੱਤੀ ਸਹਾਇਤਾ ਵਧਾਉਣ ਦਾ ਵੀ ਐਲਾਨ ਕੀਤਾ। ਇੱਥੇ 'ਪੰਜਾਬ ਸਟੇਟ ਵਾਰ ਹੀਰੋਜ਼ ਮੈਮੋਰੀਅਲ ਐਂਡ ਮਿਊਜ਼ੀਅਮ' ਵਿਖੇ ਕਾਰਗਿਲ ਵਿਜੈ ਦਿਵਸ ਮੌਕੇ ਕਰਵਾਏ ਸਮਾਗਮ ਵਿਚ ਮੁੱਖ ਮੰਤਰੀ ਨੇ ਸੂਬੇ ਦੀ ਅਗਵਾਈ ਕਰਦਿਆਂ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਜਾਨਾਂ ਕੁਰਬਾਨ ਕਰਨ ਵਾਲੇ ਕਾਰਗਿਲ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਸੈਨਿਕਾਂ ਦੇ ਲਾਮਿਸਾਲ ਯੋਗਦਾਨ ਦੇ ਸਤਿਕਾਰ ਵਿਚ ਸੂਬਾ ਸਰਕਾਰ ਨੇ ਹੁਣ ਰੱਖਿਆ ਸੈਨਾਵਾਂ ਵਿਚ ਨੌਕਰੀਆਂ ਦੌਰਾਨ ਸੈਨਿਕ ਦੀ ਕਿਸੇ ਹਾਦਸੇ ਵਿਚ (ਜੰਗੀ ਅਪ੍ਰੇਸ਼ਨਾਂ ਤੋਂ ਇਲਾਵਾ) ਮੌਤ ਹੋ ਜਾਣ ਦੀ ਸੂਰਤ ਵਿਚ ਪਰਵਾਰ ਲਈ 25 ਲੱਖ ਰੁਪਏ ਐਕਸ-ਗ੍ਰੇਸ਼ੀਆ ਗਰਾਂਟ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਅਜਿਹੀ ਕੋਈ ਵਿਵਸਥਾ ਨਹੀਂ ਸੀ। ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਡਿਊਟੀ ਦੌਰਾਨ ਦਿਵਿਆਂਗ ਹੋ ਚੁੱਕੇ ਸੈਨਿਕਾਂ ਲਈ ਵੀ ਐਕਸ-ਗ੍ਰੇਸ਼ੀਆ ਰਾਸ਼ੀ ਵਿਚ ਵਾਧਾ ਕੀਤਾ ਹੈ। ਮੁੱਖ ਮੰਤਰੀ ਨੇ ਅੱਗੇ ਦੱਸਿਆ ਕਿ 76 ਫੀਸਦੀ ਤੋਂ 100 ਫੀਸਦੀ ਦਿਵਿਆਂਗ ਹੋਏ ਸੈਨਿਕਾਂ ਨੂੰ ਹੁਣ 20 ਲੱਖ ਰੁਪਏ ਦੀ ਬਜਾਏ 40 ਲੱਖ ਰੁਪਏ ਐਕਸ-ਗ੍ਰੇਸ਼ੀਆ ਮਿਲੇਗੀ, 51 ਫੀਸਦੀ ਤੋਂ 75 ਫੀਸਦੀ ਦਿਵਿਆਂਗ ਹੋਏ ਸੈਨਿਕਾਂ ਨੂੰ 10 ਲੱਖ ਰੁਪਏ ਦੀ ਬਜਾਏ 20 ਲੱਖ ਰੁਪਏ ਅਤੇ 25 ਫੀਸਦੀ ਤੋਂ 50 ਫੀਸਦੀ ਦਿਵਿਆਂਗ ਹੋਏ ਸੈਨਿਕਾਂ ਨੂੰ 5 ਲੱਖ ਰੁਪਏ ਦੀ ਬਜਾਏ 10 ਲੱਖ ਰੁਪਏ ਐਕਸ-ਗ੍ਰੇਸ਼ੀਆ ਰਾਸ਼ੀ ਮਿਲੇਗੀ। ਉਨ੍ਹਾਂ ਕਿਹਾ ਕਿ ਪਹਿਲੇ ਤੇ ਦੂਜੇ ਵਿਸ਼ਵ ਯੁੱਧ ਦੇ ਨਾਨ-ਪੈਨਸ਼ਨਰ ਸਾਬਕਾ ਸੈਨਿਕਾਂ ਤੇ ਉਨ੍ਹਾਂ ਦੀਆਂ ਵਿਧਵਾਵਾਂ ਲਈ ਮਹੀਨਾਵਾਰ ਮਾਲੀ ਸਹਾਇਤਾ 6000 ਰੁਪਏ ਤੋਂ ਵਧਾ ਕੇ 1000 ਰੁਪਏ ਕਰ ਦਿੱਤੀ ਹੈ। ਮੁੱਖ ਮੰਤਰੀ ਨੇ ਚੇਤੇ ਕਰਦਿਆਂ ਕਿਹਾ ਕਿ ਕਾਰਗਿਲ ਜੰਗ ਦੌਰਾਨ ਮੈਂ ਇੱਕ ਕਲਾਕਾਰ ਸੀ ਅਤੇ ਇਨ੍ਹਾਂ ਕੌਮੀ ਨਾਇਕਾਂ ਨਾਲ ਇਕਮੁੱਠਤਾ ਪ੍ਰਗਟਾਉਣ ਲਈ ਮੈਂ ਇੱਕ ਚੈਰਿਟੀ ਸ਼ੋਅ ਵੀ ਕਰਵਾਇਆ ਸੀ। ਇਹ ਚੈਰਿਟੀ ਸ਼ੋਅ ਪਟਿਆਲਾ ਵਿਖੇ ਕਰਵਾਇਆ ਗਿਆ ਸੀ, ਜਿਸ ਵਿੱਚ ਕਈ ਹੋਰ ਕਲਾਕਾਰਾਂ ਨੇ ਵੀ ਹਿੱਸਾ ਲਿਆ ਸੀ। ਫੌਜ ਦੇ ਬਹਾਦਰੀ ਭਰੇ ਕਾਰਨਾਮਿਆਂ ਪ੍ਰਤੀ ਧੰਨਵਾਦ ਪ੍ਰਗਟਾਉਂਦੇ ਹੋਏ ਇਸ ਸ਼ੋਅ ਦਾ ਇਕੱਠਾ ਹੋਇਆ ਸਾਰਾ ਪੈਸਾ ਫੌਜ ਦੇ ਅਧਿਕਾਰੀਆਂ ਨੂੰ ਸੌਂਪਿਆ ਗਿਆ ਸੀ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਮਾਤ ਭੂਮੀ ਦੀ ਰਾਖੀ ਦੀ ਖਾਤਰ ਕੁਰਬਾਨ ਹੋਣ ਵਾਲੇ ਮਹਾਨ ਸ਼ਹੀਦਾਂ ਦੇ ਸਤਿਕਾਰ ਵਿਚ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਸ਼ਹੀਦਾਂ ਦੇ ਪਰਵਾਰਕ ਮੈਂਬਰਾਂ ਨੂੰ ਵੀ ਸਨਮਾਨਿਤ ਕੀਤਾ, ਜਿਨ੍ਹਾਂ ਨੇ ਇਨ੍ਹਾਂ ਨਾਇਕਾਂ ਦੀ ਮਹਾਨ ਕੁਰਬਾਨੀ ਨੂੰ ਯਾਦ ਕਰਨ ਲਈ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ, ਕੁਲਦੀਪ ਸਿੰਘ ਧਾਲੀਵਾਲ ਅਤੇ ਹਰਭਜਨ ਸਿੰਘ ਈ.ਟੀ.ਓ ਵੀ ਹਾਜ਼ਰ ਸਨ।

### ਅਮਰ ਜਵਾਨ ਜੋਤੀ ਤੇਲ ਨਾਲ ਨਹੀਂ, ਸ਼ਹੀਦਾਂ ਦੇ ਖ਼ੂਨ ਨਾਲ ਜਗਦੀ

ਮੁੱਖ ਮੰਤਰੀ ਨੇ ਕਿਹਾ-ਅਮਰ ਜਵਾਨ ਜੋਤੀ ਤੇਲ ਨਾਲ ਨਹੀਂ, ਬਲਕਿ ਸ਼ਹੀਦਾਂ ਦੇ ਖ਼ੂਨ ਨਾਲ ਜਗਦੀ ਹੈ। ਤੇਲ ਨਾਲ ਜਗਿਆ ਦੀਵਾ ਭਾਵੇਂ ਕੁਝ ਸਮੇਂ ਬਾਅਦ ਰੌਸ਼ਨੀ ਦੇਣਾ ਬੰਦ ਕਰ ਦਿੰਦਾ ਹੈ, ਪਰ ਸ਼ਹੀਦਾਂ ਦੇ ਖ਼ੂਨ ਨਾਲ ਬਲਿਆ ਦੀਵਾ ਹਮੇਸ਼ਾ ਚਮਕਦਾ ਹੈ। ਇਨ੍ਹਾਂ ਸੈਨਿਕਾਂ ਦੀ ਸ਼ਹਾਦਤ ਸਦੀਆਂ ਤੱਕ ਸਾਡੀ ਨੌਜਵਾਨ ਪੀੜ੍ਹੀ ਨੂੰ ਨਿਰਸਵਾਰਥ ਕੁਰਬਾਨੀ ਲਈ ਪ੍ਰੇਰਿਤ ਕਰਦੀ ਹੈ।

# ਉੱਡ'ਗੀ ਵਿੱਚ ਹਵਾ ਦੇ ਯਾਰੋ ਘੋੜੀ ਜਿਉਣੇ ਮੌੜ ਦੀ



**ਲੁਧਿਆਣਾ** : ਸ਼੍ਰੋਮਣੀ ਪੰਜਾਬੀ ਲੋਕ ਗਾਇਕ ਸੁਰਿੰਦਰ ਛਿੰਦਾ (64) ਨੇ ਬੁੱਧਵਾਰ ਸਵੇਰੇ ਡੀ ਐੱਮ ਸੀ ਹਸਪਤਾਲ 'ਚ ਆਖਰੀ ਸਾਹ ਲਿਆ। ਕੁਝ ਦਿਨ ਪਹਿਲਾਂ ਉਨ੍ਹਾ ਦੀ ਫੂਡ ਪਾਈਪ ਦਾ ਹਸਪਤਾਲ 'ਚ ਅਪਰੇਸ਼ਨ ਹੋਇਆ ਸੀ, ਜਿਸ ਤੋਂ ਬਾਅਦ ਸਰੀਰ 'ਚ ਇਨਫੈਕਸ਼ਨ ਵਧ ਗਈ ਸੀ। ਉਨ੍ਹਾ ਦੇ ਪਰਵਾਰ 'ਚ ਪੁੱਤਰ ਮਨਿੰਦਰ ਛਿੰਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਹੋਰ ਸਿਆਸੀ ਤੇ ਸਮਾਜਕ ਜਥੇਬੰਦੀਆਂ ਦੇ ਨਾਲ-ਨਾਲ ਸੰਗੀਤ ਖੇਤਰ ਨਾਲ ਜੁੜੀਆਂ ਹਸਤੀਆਂ ਨੇ ਛਿੰਦਾ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ ਹੈ।

ਉੱਘੇ ਫਿਲਮ ਖੋਜਕਰਤਾ ਅਤੇ ਇਤਿਹਾਸਕਾਰ ਭੀਮ ਰਾਜ ਗਰਗ ਨੇ ਛਿੰਦਾ ਦੇ ਦੇਹਾਂਤ ਨੂੰ ਪੰਜਾਬੀ ਫਿਲਮ ਅਤੇ ਸੰਗੀਤ ਜਗਤ ਲਈ ਵੱਡਾ ਘਾਟਾ ਕਰਾਰ ਦਿੰਦਿਆਂ ਦੱਸਿਆ ਕਿ ਛਿੰਦਾ ਨੇ ਕਰੀਬ 24 ਫਿਲਮਾਂ ਲਈ ਅਭਿਨੈ ਕੀਤਾ ਅਤੇ ਕਰੀਬ 31 ਫਿਲਮਾਂ 'ਚ ਪਲੇਅਬੈਕ ਗੀਤ ਗਾਏ। ਇਸ ਤੋਂ ਬਿਨਾਂ 4 ਫਿਲਮਾਂ ਲਈ ਸੰਗੀਤ ਵੀ ਦਿੱਤਾ। ਪੁੱਤ ਜੱਟਾਂ ਦੇ 1983 ਅਤੇ ਜੱਟ ਜਿਉਣਾ ਮੌੜ 1992 ਦੀਆਂ ਆਲ ਟਾਈਮ ਬਲਾਕ ਬਸਟਰ ਫਿਲਮਾਂ 'ਚ ਸ਼ਾਮਲ ਸਨ। ਇਨ੍ਹਾਂ ਫਿਲਮਾਂ 'ਚ ਛਿੰਦਾ ਨੇ ਅਦਾਕਾਰ, ਪਿੱਠਵਰਤੀ ਗਾਇਕ ਅਤੇ ਸੰਗੀਤਕਾਰ ਵਜੋਂ ਤਿੰਨ-ਤਿੰਨ ਰੋਲ ਨਿਭਾਏ ਸਨ। ਪੁੱਤ ਜੱਟਾਂ ਦੇ ਫਿਲਮ ਦਾ ਗੀਤ ਪੁੱਤ ਜੱਟਾਂ ਦੇ ਬੁਲਾਉਂਦੇ ਬੱਕਰੇ ਅੱਜ ਤੱਕ ਪੰਜਾਬੀ ਨੌਜਵਾਨਾਂ ਦਾ ਮਨਪਸੰਦ ਗੀਤ ਬਣਿਆ ਹੋਇਆ ਹੈ। ਇਸ ਤੋਂ ਬਿਨਾਂ ਜਿੰਦ ਯਾਰ ਦੀ, ਤੈਨੂੰ ਹੱਥ ਤੇ ਅਤੇ ਭੰਨ ਚੂੜੀਆਂ ਵੀ ਸਦਾਬਹਾਰ ਗੀਤਾਂ 'ਚ ਸ਼ਾਮਲ ਹਨ। ਜੱਟ ਜਿਉਣਾ ਮੌੜ ਫਿਲਮ ਲਈ ਜਿਉਣਾ ਮੌੜ ਛਤਰ ਚੜ੍ਹਾਉਣ ਚੱਲਿਆ ਅਤੇ ਕਰਦੇ ਮੁਰਾਦਾਂ ਪੂਰੀਆਂ ਮਾਂ ਜੋਤਾਂ ਵਾਲੀਏ ਕਦੇ ਨਾ ਭੁੱਲਣ ਵਾਲੇ ਗੀਤ ਹਨ।

ਗਰਗ ਨੇ ਦੱਸਿਆ ਕਿ 6 ਫਿਲਮਾਂ ਪੁੱਤ ਜੱਟਾਂ ਦੇ, ਕੀ ਬਣੂ ਦੁਨੀਆ ਦਾ, ਤੁਣਕਾ ਪਿਆਰ ਦਾ, ਅਣਖ ਜੱਟਾਂ ਦੀ, ਬਦਲਾ ਜੱਟੀ ਦਾ ਅਤੇ ਸਿਕੰਦਰਾ 'ਚ ਛਿੰਦਾ ਦਾ ਫਿਲਮੀ ਨਾਂਅ ਵੀ ਛਿੰਦਾ ਹੀ ਸੀ। ਛਿੰਦਾ ਨੇ ਪਹਿਲੀ ਬਾਰ ਸੰਗੀਤਕਾਰ ਕਮਲਕਾਂਤ ਦੇ ਸੰਗੀਤ ਹੇਠ ਫਿਲਮ ਜੱਟ ਦਾ ਗੰਡਾਸਾ ਲਈ 1982 'ਚ ਪਿੱਠਵਰਤੀ ਗਾਇਕੀ ਕੀਤੀ ਸੀ। ਗੀਤ ਸੀ ਜਦ ਜ਼ੁਲਮ ਦਾ ਹੜ੍ਹ ਆਵੇ। 1988 ਵਿਚ ਫਿਲਮ ਪਟੋਲਾ 1988 'ਚ ਛਿੰਦਾ ਨੇ ਕਰੀਬ 8 ਮਿੰਟ ਦਾ ਮਿਰਜ਼ਾ ਗਇਆ ਸੀ।

'80 ਦੇ ਦਹਾਕੇ 'ਚ ਆਏ ਓਪੇਰਾ ਜਿਉਣਾ ਮੌੜ ਨੇ ਛਿੰਦਾ ਨੂੰ ਸਫਲਤਾ ਦੀਆਂ ਬੁਲੰਦੀਆਂ 'ਤੇ ਪਹੁੰਚਾਇਆ। ਇਹ ਓਪੇਰਾ ਹੀ ਜੱਟ ਜਿਉਣਾ ਮੌੜ ਫਿਲਮ ਦੀ ਸੁਪਰ ਸਫਲਤਾ ਦੀ ਪ੍ਰੇਰਨਾ ਬਣਿਆ ਸੀ। ਇਸ ਓਪੇਰਾ ਦੇ ਕਈ ਗੀਤ ਮਸ਼ਹੂਰ ਹੋਏ—ਉੱਡ'ਗੀ ਵਿਚ ਹਵਾ ਦੇ ਯਾਰੋ ਘੋੜੀ ਜਿਉਣੇ ਮੌੜ ਦੀ, ਬਦਲਾ ਲੈ ਲਈਂ ਜਿਉਣਿਆ, ਜੇ ਮਾਂ ਦਾ ਜਾਇਆ, 'ਜਿਉਣਾ ਮੌੜ ਛਤਰ ਚੜ੍ਹਾਉਣ ਚੱਲਿਆ, ਅਹਿਮਦ ਡੋਗਰ ਪਾਪੀ, ਦਾਤਾ ਤੇ ਭਗਤ ਸੂਰਮੇ, ਡੋਗਰਾ ਸੁਣ ਲਲਕਾਰਾ ਮੌੜ ਦਾ, ਆ ਬਾਹਰ ਡੋਗਰਾ ਵੇ ਆਦਿ। '90 ਦੇ ਦਹਾਕੇ 'ਚ ਛਿੰਦਾ ਦਾ ਗੀਤ ਨਵਾਂ ਲੈ ਲਿਆ ਟਰੱਕ ਤੇਰੇ ਯਾਰ ਨੇ ਬਾਬਿਆਂ ਦੇ ਚੱਲ ਚਲੀਏ ਕਾਫੀ ਹਿੱਟ ਹੋਇਆ ਸੀ।

ਛਿੰਦਾ ਨੇ ਕੁਲਦੀਪ ਕੌਰ, ਸੁਰਿੰਦਰ ਸੋਨੀਆ, ਨਰਿੰਦਰ ਬੀਬਾ, ਸੁਦੇਸ਼ ਕੁਮਾਰੀ, ਹਰਨੀਤ ਕੌਰ, ਊਸ਼ਾ ਕਿਰਨ, ਸੁਖਵੰਤ ਸੁੱਖੀ, ਪਰਮਿੰਦਰ ਸੰਧੂ, ਰੁਪਿੰਦਰ ਰੰਜਣਾ, ਅਨੁਰਾਧਾ ਪੌਡਵਾਲ, ਸਵਿਤਾ ਸਾਥੀ, ਅਲਕਾ ਯਾਗਨਿਕ, ਕਵਿਤਾ ਕ੍ਰਿਸ਼ਨਾਮੂਰਤੀ ਸਮੇਤ ਹੋਰਨਾਂ ਨਾਲ ਜੋੜੀ ਬਣਾ ਕੇ ਡਿਊਟ ਗੀਤ ਗਾਏ, ਪਰ ਗੁਲਸ਼ਨ ਕੋਮਲ ਨਾਲ ਮਿਲ ਕੇ ਗਾਏ ਹੋਏ ਗੀਤ ਹਮੇਸ਼ਾ ਲਈ ਹਿਟ ਬਣੇ ਹੋਏ ਹਨ।

## ਦੋ ਐੱਸ ਸੀ ਸਰਟੀਫਿਕੇਟ ਜਾਲ੍ਹੀ ਨਿਕਲੇ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਬਲਵਿੰਦਰ ਕੁਮਾਰ ਪੁੱਤਰ ਚਮਨ ਲਾਲ ਵਾਸੀ ਮਮਦੋਟ, ਜ਼ਿਲ੍ਹਾ ਫਿਰੋਜ਼ਪੁਰ ਅਤੇ ਜਸਵੀਰ ਕੌਰ ਪੁੱਤਰੀ ਕੇਹਰ ਸਿੰਘ ਹਿੰਦੀ ਮਿਸਟ੍ਰੈੱਸ ਸਰਕਾਰੀ ਮਿਡਲ ਸਕੂਲ ਜੰਡਪੁਰ, ਜ਼ਿਲ੍ਹਾ ਐੱਸ ਏ ਐੱਸ ਨਗਰ ਦਾ ਜਾਲ੍ਹੀ ਅਨੁਸੂਚਿਤ ਜਾਤੀ ਸਰਟੀਫਿਕੇਟ ਰਾਜ ਪੱਧਰੀ ਸਕਰੂਟਨੀ ਕਮੇਟੀ ਵੱਲੋਂ ਰੱਦ ਕਰ ਦਿੱਤਾ ਗਿਆ ਹੈ। ਜਸਵੀਰ ਸਿੰਘ ਪਮਾਲੀ ਮੈਂਬਰ ਕੋਰ ਕਮੇਟੀ ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ, ਪਿੰਡ ਪਮਾਲੀ, ਜ਼ਿਲ੍ਹਾ ਲੁਧਿਆਣਾ ਵੱਲੋਂ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਸੀ ਕਿ ਬਲਵਿੰਦਰ ਕੁਮਾਰ ਨੇ ਅਨੁਸੂਚਿਤ ਜਾਤੀ ਦਾ ਜਾਲ੍ਹੀ ਸਰਟੀਫਿਕੇਟ ਬਣਾਇਆ ਹੈ। ਇਸ ਅਧਾਰ 'ਤੇ ਉਸ ਨੇ ਬੀ ਐੱਸ ਸੀ (ਖੇਤੀਬਾੜੀ) ਦੀ ਡਿਗਰੀ ਅਤੇ ਗੁਰੂ ਅੰਗਦ ਦੇਵ ਯੂਨੀਵਰਸਿਟੀ ਆਫ ਵੈਟਰਨਰੀ ਸਾਇੰਸਿਜ਼ ਲੁਧਿਆਣਾ ਵਿਖੇ ਨੌਕਰੀ ਪ੍ਰਾਪਤ ਕੀਤੀ ਹੋਈ ਹੈ।

ਬਲਵੀਰ ਸਿੰਘ ਪੁੱਤਰ ਨਿਰਮਲ ਸਿੰਘ ਪਿੰਡ ਆਲਮਪੁਰ, ਜ਼ਿਲ੍ਹਾ ਪਟਿਆਲਾ ਨੇ ਸ਼ਿਕਾਇਤ ਕੀਤੀ ਸੀ ਕਿ ਜਸਵੀਰ ਕੌਰ ਨੇ ਜੱਟ ਸਿੱਖ ਜਾਤੀ ਨਾਲ ਸੰਬੰਧਤ ਹੋਣ ਦੇ ਬਾਵਜੂਦ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਬਣਾਇਆ ਹੈ।

## 19 ਜ਼ਿਲ੍ਹੇ ਹੜ੍ਹ ਪ੍ਰਭਾਵਤ, 41 ਮੌਤਾਂ



**ਚੰਡੀਗੜ੍ਹ** : ਪੰਜਾਬ 'ਚ ਆਏ ਹੜ੍ਹਾਂ ਕਾਰਨ 41 ਵਿਅਕਤੀਆਂ ਦੀ ਮੌਤ ਹੋ ਗਈ ਹੈ ਅਤੇ 1616 ਵਿਅਕਤੀ 173 ਰਾਹਤ ਕੈਂਪਾਂ 'ਚ ਰਹਿ ਰਹੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਤਰਨ ਤਾਰਨ, ਫਿਰੋਜ਼ਪੁਰ, ਫਤਿਹਗੜ੍ਹ ਸਾਹਿਬ, ਫਰੀਦਕੋਟ, ਹੁਸ਼ਿਆਰਪੁਰ, ਰੂਪਨਗਰ, ਕਪੂਰਥਲਾ, ਪਟਿਆਲਾ, ਮੋਗਾ, ਲੁਧਿਆਣਾ, ਐੱਸ ਏ ਐੱਸ ਨਗਰ, ਜਲੰਧਰ, ਸੰਗਰੂਰ, ਐੱਸ ਬੀ ਐੱਸ ਨਗਰ, ਫਾਜ਼ਿਲਕਾ, ਗੁਰਦਾਸਪੁਰ, ਮਾਨਸਾ, ਬਠਿੰਡਾ ਅਤੇ ਪਠਾਨਕੋਟ ਸਮੇਤ 19 ਜ਼ਿਲ੍ਹੇ ਪ੍ਰਭਾਵਤ ਹਨ। ਅਧਿਕਾਰੀ ਨੇ ਕਿਹਾ ਕਿ ਸਰਕਾਰ ਅਤੇ ਬਚਾਅ ਏਜੰਸੀਆਂ ਨੇ 27,286 ਵਿਅਕਤੀਆਂ ਨੂੰ ਪਾਣੀ 'ਚ ਡੁੱਬੇ ਇਲਾਕਿਆਂ ਤੋਂ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਹੈ।

## ਦੋ ਹੌਟਸਪੌਟ ਖੇਤਰਾਂ ਨੇ ਨਸ਼ਿਆਂ ਤੋਂ ਦੂਰ ਰਹਿਣ ਦਾ ਲਿਆ ਅਹਿਦ



**ਗਿੱਦੜਬਾਹਾ, (ਜਸਵੰਤ ਗਿੱਲ ਛੱਤਿਆਣਾ)**-ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਦੋ ਨਸ਼ਿਆਂ ਲਈ ਬਦਨਾਮ ਇਲਾਕਿਆਂ ਪਿੰਡ ਮਿੱਡਾ ਅਤੇ ਮਲੋਟ ਦੇ ਮੁਹੱਲਾ ਛੱਜਘਰ ਦੇ ਵਾਸੀਆਂ ਨੇ ਨਸ਼ਿਆਂ ਤੋਂ ਦੂਰ ਰਹਿਣ ਦਾ ਪ੍ਰਣ ਕੀਤਾ ਹੈ। ਇਹ ਦੋਵੇਂ ਖੇਤਰ ਹੈਰੋਇਨ, ਨਸ਼ੀਲੀਆਂ ਗੋਲੀਆਂ ਆਦਿ ਸਮੇਤ ਕਈ ਤਰ੍ਹਾਂ ਦੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਵਰਤੋਂ ਲਈ ਬਦਨਾਮ ਹਨ। ਇਹ ਅਹਿਦ ਪੰਜਾਬ ਨੂੰ ਨਸ਼ਾ ਮੁਕਤ ਅਤੇ ਅਪਰਾਧ ਮੁਕਤ ਸੂਬਾ ਬਣਾਉਣ ਲਈ ਪੰਜਾਬ ਪੁਲਸ ਵੱਲੋਂ ਨਸ਼ਾ ਤਸਕਰੀ, ਸਮਾਜ ਵਿਰੋਧੀ ਅਨਸਰਾਂ ਅਤੇ ਅਪਰਾਧੀਆਂ ਨੂੰ ਨੱਥ ਪਾਉਣ ਲਈ ਚਲਾਈ ਜਾ ਰਹੀ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਦੇ ਚਲਦਿਆਂ ਸਾਹਮਣੇ ਆਇਆ। ਮੁਹਿੰਮ ਦੇ ਤੀਜੇ ਦਿਨ ਡੀ ਜੀ ਪੀ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ 'ਤੇ ਇਹ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਫਰੀਦਕੋਟ ਰੇਂਜ ਦੇ ਤਿੰਨਾਂ ਜ਼ਿਲ੍ਹਿਆਂ ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ ਅਤੇ ਮੋਗਾ ਵਿੱਚ ਚਲਾਈ ਗਈ। ਮੁਕਤਸਰ ਪੁਲਸ ਨੇ ਇਹ ਕਾਰਵਾਈ ਸਵੇਰੇ 5 ਵਜੇ ਤੋਂ ਦੁਪਹਿਰ 12 ਵਜੇ ਤੱਕ ਕੀਤੀ, ਜਦਕਿ ਫਰੀਦਕੋਟ ਅਤੇ ਮੋਗਾ ਪੁਲਸ ਵੱਲੋਂ ਇਹ ਛਾਪੇਮਾਰੀ ਦਿਨ ਵੇਲੇ ਕੀਤੀ ਗਈ। ਇਹ ਸਾਰੀ ਕਾਰਵਾਈ ਡੀ ਆਈ ਜੀ ਫਰੀਦਕੋਟ ਰੇਂਜ ਅਜੈ ਮਲੂਜਾ ਦੀ ਸਮੁੱਚੀ ਨਿਗਰਾਨੀ ਹੇਠ ਚਲਾਈ ਗਈ ਅਤੇ ਐੱਸ ਐੱਸ ਪੀਜ਼ ਨੂੰ ● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਦਿੱਤਾ ਬਿਆਨ ਕਈ ਵਾਰ ਅਕਾਲੀਆਂ ਨੇ,
ਫਿਰ ਤੋਂ ਜਾਣਾ ਨਹੀਂ ਭਾਜਪਾ ਨਾਲ ਬੇਲੀ।
ਅਸਾਂ ਨੂੰ ਲੋੜ ਨਾ ਇਹੋ ਜਿਹੇ ਸਾਥੀਆਂ ਦੀ,
ਬਸਪਾ ਬੜੀ ਤਕੜੀ ਆ ਭਾਈਵਾਲ ਬੇਲੀ।
ਸ਼ੋਸ਼ੇ ਛੱਡਣ ਦਿਉ, ਜਿਨ੍ਹਾਂ ਵੀ ਛੱਡਣੇ ਆ,
ਏਦਾਂ ਦੀ ਚੱਲਣੀ ਕੋਈ ਨਹੀਂ ਚਾਲ ਬੇਲੀ।
ਮੁੜ-ਮੁੜ ਦਿੱਲੀ ਤੋਂ ਸੁਣੀਂਦੇ ਨਿੱਤ ਚਰਚੇ,
ਮਿਲ ਗਿਆ ਅੰਦਰੋਂ ਸੁਰਾਂ ਦਾ ਤਾਲ ਬੇਲੀ।
ਲੁਕਦੀ ਗੱਲ ਨਹੀਂ ਲੁਕਵੀਆਂ ਬੈਠਕਾਂ ਦੀ,
ਨਿਕਲਦੀ ਬਾਹਰ ਸਭ ਪਈ ਭੜਾਸ ਬੇਲੀ।
ਆਸਾ ਜੀਵੇ, ਨਿਰਾਸੇ ਲਈ ਮੌਤ ਸੁਣਿਆ,
ਅਕਾਲੀ ਲੀਡਰਾਂ ਨੂੰ ਇਹੀਉ ਆਸ ਬੇਲੀ।

-ਤੀਸ ਮਾਰ ਖਾਂ

# ਕੱਚੇ ਕਾਮੇ ਪੱਕੇ ਕਰਨ ਤੇ ਖਾਲੀ ਅਸਾਮੀਆਂ ਭਰਨ ਦੇ ਭਰੋਸੇ ਤੋਂ ਬਾਅਦ ਅੱਜ ਦਾ ਧਰਨਾ ਮੁਲਤਵੀ



**ਪਟਿਆਲਾ** : ਹਰਭਜਨ ਸਿੰਘ ਈ ਟੀ ਓ ਬਿਜਲੀ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਬਿਜਲੀ ਕਾਮਿਆਂ ਦੀਆਂ ਮੰਗਾਂ 'ਤੇ ਵਿਸਥਾਰਤ ਵਿਚਾਰ-ਚਰਚਾ ਹੋਈ। ਬਿਜਲੀ ਕਰਮਚਾਰੀਆਂ ਦੀਆਂ ਮੰਨੀਆਂ ਮੰਗਾਂ / ਮਸਲਿਆਂ ਦਾ ਪਾਵਰ ਮੈਨੇਜਮੈਂਟ ਵੱਲੋਂ ਜਲਦੀ ਹੋਰ ਮੀਟਿੰਗ ਦੇ ਕੇ ਨਿਪਟਾਰਾ ਕਰਨ ਦਾ ਵਿਸ਼ਵਾਸ਼ ਦਿੱਤਾ ਗਿਆ, ਜਿਸ ਨੂੰ ਧਿਆਨ ਵਿੱਚ ਰੱਖਦਿਆ ਜਾਇੰਟ ਫੋਰਮ ਨੇ ਅਗਲੇ ਫੈਸਲੇ ਤੱਕ ਸੰਘਰਸ਼ ਪ੍ਰੋਗਰਾਮ ਸਮੇਤ ਬਿਜਲੀ ਮੰਤਰੀ ਦੀ ਰਿਹਾਇਸ਼ ਵਿਖੇ 27 ਜੁਲਾਈ ਦਾ ਧਰਨਾ ਮੁਲਤਵੀ ਕਰ ਦਿੱਤਾ। ਮੀਟਿੰਗ ਵਿੱਚ ਪਾਵਰ ਮੈਨੇਜਮੈਂਟ ਵੱਲੋਂ ਇੰਜ: ਬਲਦੇਵ ਸਿੰਘ ਸਰਾਂ ਸੀ ਐੱਮ ਡੀ, ਜਸਵੀਰ ਸਿੰਘ ਸੁਰਸਿੰਘ ਡਾਇਰੈਕਟਰ ਪ੍ਰਬੰਧਕੀ, ਇੰਜ: ਰਵਿੰਦਰ ਸਿੰਘ ਸੈਣੀ ਡਾਇਰੈਕਟਰ ਕਮਰਸ਼ੀਅਲ, ਐੱਸ ਕੇ ਬੇਰੀ ਡਾਇਰੈਕਟਰ ਵਿੱਤ, ਡਿਪਟੀ ਸਕੱਤਰ ਵੈੱਲਫੇਅਰ ਰਣਬੀਰ ਸਿੰਘ ਸਮੇਤ ਹੋਰ ਅਧਿਕਾਰੀ ਅਤੇ ਜਾਇੰਟ ਫੋਰਮ ਵੱਲੋਂ ਰਤਨ ਸਿੰਘ ਮਜਾਰੀ, ਸਿਕੰਦਰ ਨਾਥ, ਬਲਦੇਵ ਸਿੰਘ ਮੰਢਾਲੀ, ਰਵੇਲ ਸਿੰਘ ਸਹਾਏਪੁਰ, ਜਗਜੀਤ ਸਿੰਘ ਕੋਟਲੀ, ਅਵਤਾਰ ਸਿੰਘ ਕੈਂਥ, ਗੁਰਚਰਨ ਸਿੰਘ, ਜਗਜੀਤ ਸਿੰਘ ਕੰਡਾ, ਸੁਖਵਿੰਦਰ ਸਿੰਘ ਚਾਹਲ ਜਗਦੀਪ ਸਿੰਘ ਸਹਿਗਲ, ਸੁਖਵਿੰਦਰ ਸਿੰਘ ਦੁੰਮਣਾ, ਸਰਬਜੀਤ ਸਿੰਘ ਭਾਣਾ ਆਦਿ ਨੁਮਾਇੰਦੇ ਸ਼ਾਮਲ ਹੋਏ। ਮੀਟਿੰਗ ਵਧੀਆ ਮਾਹੌਲ ਵਿੱਚ ਹੋਈ। ਮੀਟਿੰਗ ਵਿੱਚ ਜਾਇੰਟ ਫੋਰਮ ਵੱਲੋਂ ਮੈਨੇਜਮੈਂਟ ਨੂੰ ਦਿੱਤੇ ਮੰਗ ਪੱਤਰ ਅਤੇ 25 ਮਈ ਨੂੰ ਬਿਜਲੀ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੇ ਫੈਸਲੇ ਲਾਗੂ ਕਰਨ 'ਤੇ ਵਿਸਥਾਰਤ ਵਿਚਾਰ-ਚਰਚਾ ਹੋਈ। ਮੀਟਿੰਗ ਵਿੱਚ ਸੀ ਆਰ ਏ 295/19 ਵਾਲੇ ਸਾਥੀਆਂ ਨਾਲ ਹੋ ਰਹੀ ਵਧੀਕੀ ਸੰਬੰਧੀ ਬਿਜਲੀ ਮੰਤਰੀ ਅਤੇ ਮੈਨੇਜਮੈਂਟ ਨੇ ਵਿਸ਼ਵਾਸ ਦਿਵਾਇਆ ਕਿ ਇਸ ਸੰਬੰਧੀ ਹਮਦਰਦੀ ਪੂਰਵਕ ਵਿਚਾਰਦਿਆਂ ਇਨਸਾਫ ਦਿਵਾਇਆ ਜਾਵੇਗਾ। ਜਾਇੰਟ ਫੋਰਮ ਦੇ ਨੁਮਾਇੰਦਿਆਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਪਰਖ ਕਾਲ ਸਮਾਂ ਪੂਰਾ ਕਰ ਚੁੱਕੇ ਮੁਲਾਜ਼ਮਾਂ ਨੂੰ ਪੂਰੀ ਤਨਖਾਹ ਦਿੱਤੀ ਜਾਵੇ। ਮੈਨੇਜਮੈਂਟ ਨੇ ਕਿਹਾ ਕਿ ਜਲਦੀ ਹੀ ਹੋਰ ਮੁਲਾਜ਼ਮਾਂ ਦੀ ਭਰਤੀ ਕੀਤੀ ਜਾਵੇਗੀ। ਮੁਲਾਜ਼ਮਾਂ ਦੀਆਂ ਬਣਦੀਆਂ ਤਰੱਕੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਜਲਦੀ ਹੀ ਹੋਰ ਮੁਲਾਜ਼ਮਾਂ ਦੀਆਂ ਤਰੱਕੀਆਂ ਕੀਤੀਆਂ ਜਾਣਗੀਆਂ। ਰਹਿੰਦੇ ਭੱਤਿਆਂ ਵਿੱਚ ਯੋਗ ਵਾਧਾ, ਪੇ ਸਕੇਲਾਂ ਦੀਆਂ ਰਹਿੰਦੀਆਂ ਤਰੁੱਟੀਆਂ ਦੂਰ ਕਰਨ ਲਈ ਜਾਇੰਟ ਫੋਰਮ ਦੇ ਨੁਮਾਇੰਦਿਆਂ ਨਾਲ ਡਾਇਰੈਕਟਰ ਵਿੱਤ ਦੀ ਮੀਟਿੰਗ ਜਲਦੀ ਕਰਵਾ ਕੇ ਮਾਮਲਿਆਂ ਦਾ ਨਿਪਟਾਰਾ ਕੀਤਾ ਜਾਵੇਗਾ। ਪੇ ਸਕੇਲਾਂ ਦੇ ਵਿੱਤੀ ਖਰਚੇ ਸੰਬੰਧੀ ਪੰਜਾਬ ਸਰਕਾਰ ਨੂੰ ਪੱਤਰ ਲਿਖ ਦਿੱਤਾ ਹੈ। ਪਾਵਰਕਾਮ ਮੈਨੇਜਮੈਂਟ ਨੇ ਬਿਜਲੀ ਮੰਤਰੀ ਨੂੰ ਜ਼ੋਰ ਦੇ ਕੇ ਕੇਸ ਕਲੀਅਰ ਕਰਵਾਉਣ ਦੀ ਬੇਨਤੀ ਕੀਤੀ। ਵੇਜ ਫਾਰਮੂਲੇਸ਼ਨ ਕਮੇਟੀ ਵਿੱਚ ਦੋ ਮੈਂਬਰ ਜਾਇੰਟ ਫੋਰਮ ਦੇ ਲਏ ਗਏ। ਜਾਇੰਟ ਫੋਰਮ ਨੇ ਵੇਜ ਫਾਰਮੂਲੇਸ਼ਨ ਕਮੇਟੀ ਵਿੱਚ ਹੋਰ ਨੁਮਾਇੰਦੇ ਲੈਣ ਦੀ ਮੰਗ ਕੀਤੀ। ਰੈਗੂਲਰ ਅਤੇ ਕੱਚੇ ਕਾਮਿਆਂ ਨਾਲ ਘਾਤਕ ਹਾਦਸਿਆਂ ਸਮੇਂ ਪੀੜਤ ਪਰਵਾਰ ਨੂੰ ਵਿੱਤੀ ਸਹਾਇਤਾ ਲਈ ਸੁਰੱਖਿਆ ਮੁਲਾਜ਼ਮਾਂ ਵਾਂਗ ਇੱਕ ਕਰੋੜ ਰੁਪਏ ਦੀ ਮੰਗ 'ਤੇ ਮੈਨੇਜਮੈਂਟ ਨੇ ਕਿਹਾ ਕਿ ਇਹ ਮੁੱਦਾ ਵੀ ਬੈਂਕਾਂ ਨਾਲ ਵੀ ਵਿਚਾਰਿਆ ਜਾਵੇਗਾ।

ਓ ਸੀ (ਹੁਣ ਏ ਐੱਸ ਐੱਸ ਏ) ਸਮੇਤ ਬਰਾਬਰ ਦੀਆਂ ਕੈਟਾਗਰੀਆਂ ਨੂੰ ਵੱਖਰੇ ਤੌਰ 'ਤੇ ਮੀਟਿੰਗ ਕਰਕੇ ਵਿਚਾਰਨ ਦਾ ਭਰੋਸਾ ਦਿੱਤਾ। ਜਾਇੰਟ ਫੋਰਮ ਦੇ ਨੁਮਾਇੰਦਿਆ ਨੇ ਮੈਨੇਜਮੈਂਟ ਨਾਲ ਹੋਏ ਫੈਸਲੇ ਅਨੁਸਾਰ 23 ਸਾਲਾਂ ਦੀ ਸੇਵਾ ਉਪਰੰਤ ਲਾਭ ਨੂੰ ਤੀਸਰੀ ਤਰੱਕੀ ਸਮੇਂ ਮਿਲਾਣ ਕਰਨ ਲਈ ਫੈਸਲਾ ਲਾਗੂ ਕਰਨ ਦਾ ਭਰੋਸਾ ਦਿੱਤਾ। ਯੋਗ ਕਰਮਚਾਰੀਆਂ ਨੂੰ 9-16-23 ਸਾਲਾ ਸਮਾਂਬੱਧ ਸਕੇਲ ਦੀ ਅਦਾਇਗੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਮੁੱਚੇ ਕੱਚੇ ਕਾਮੇ ਪੰਜਾਬ ਸਰਕਾਰ ਵਾਂਗ ਪੱਕੇ ਕਰਨ, ਗਰਿਡ ਸਬ-ਸਟੇਸ਼ਨਾਂ ਦੀ ਸੁਰੱਖਿਆ ਅਤੇ ਹਾਈਡਲਾਂ, ਥਰਮਲਾਂ ਸਮੇਤ ਸਮੁੱਚੇ ਮੁਲਾਜ਼ਮਾਂ ਦੀਆਂ ਬਣਦੀਆਂ ਤਰੱਕੀਆਂ ਜਲਦੀ ਕਰਨ ਦਾ ਭਰੋਸਾ ਦਿੱਤਾ। ਪਾਵਰ ਮੈਨੇਜਮੈਂਟ ਨੇ ਕਿਹਾ ਕਿ ਜਲਦੀ ਹੀ ਮੰਗ ਪੱਤਰ ਤੇ ਵੱਖ-ਵੱਖ ਮੁੱਦਿਆਂ 'ਤੇ ਮੀਟਿੰਗ ਦੇ ਕੇ ਮੁਲਾਜ਼ਮ ਮੰਗਾਂ ਤੇ ਮਸਲਿਆਂ ਦਾ ਨਿਪਟਾਰਾ ਕਰ ਦਿੱਤਾ ਜਾਵੇਗਾ। ਜਾਇੰਟ ਫੋਰਮ ਦੇ ਨੁਮਾਇੰਦਿਆਂ ਨੇ ਕਿਹਾ ਕਿ ਜੇਕਰ ਮੈਨੇਜਮੈਂਟ ਨੇ ਪਹਿਲਾਂ ਵਾਂਗ ਟਾਲ-ਮਟੋਲ ਦੀ ਨੀਤੀ ਅਖਤਿਆਰ ਕੀਤੀ ਤਾਂ ਬਿਜਲੀ ਕਾਮਿਆਂ ਨੂੰ ਮਜਬੂਰਨ ਮੁਅੱਤਲ ਕੀਤਾ ਸੰਘਰਸ਼ ਪ੍ਰੋਗਰਾਮ ਸ਼ੁਰੂ ਕਰਨਾ ਪਵੇਗਾ।

CMYK

# ਏ ਆਈ ਐੱਸ ਐੱਫ ਦੀ ਸੂਬਾਈ ਕਾਨਫਰੰਸ 2-3 ਸਤੰਬਰ ਨੂੰ ਪਟਿਆਲਾ ਵਿਖੇ



**ਮੋਗਾ**—ਏ ਆਈ ਐੱਸ ਐੱਫ ਸੂਬਾ ਕੌਂਸਲ ਦੀ ਮੀਟਿੰਗ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਜਥੇਬੰਦੀ ਦੇ ਪ੍ਰਧਾਨ ਲਵਪ੍ਰੀਤ ਮਾੜੀਮੇਘਾ ਦੀ ਪ੍ਰਧਾਨਗੀ ਹੇਠ ਕੀਤੀ ਗਈ। ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਜਗਰੂਪ, ਸਰਭ ਭਾਰਤ ਨੌਜਵਾਨ ਸਭਾ ਦੇ ਸਾਬਕਾ ਕੌਮੀ ਪ੍ਰਧਾਨ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸੂਬਾਈ ਸਾਬਕਾ ਸਕੱਤਰ ਕੁਲਦੀਪ ਭੋਲਾ ਨੇ ਸੂਬਾ ਭਰ 'ਚੋਂ ਆਏ ਵਿਦਿਆਰਥੀਆਂ 'ਤੇ ਖੁਸ਼ੀ ਜ਼ਾਹਰ ਕੀਤੀ ਤੇ ਨਾਲ ਹੀ ਯਕੀਨ ਦਵਾਇਆ ਕਿ ਅਸੀਂ ਏ ਆਈ ਐੱਸ ਐੱਫ ਦੀ ਆਰਥਕ ਤੇ ਜਥੇਬੰਦਕ ਮਦਦ ਕਰਦੇ ਰਹਾਂਗੇ। ਦਰਅਸਲ ਇਹ ਲਾਲ ਝੰਡੇ ਦੇ ਵਿਚਾਰਾਂ ਦਾ ਫੈਲਾਓ ਕਰਨ ਦੀ ਪਨੀਰੀ ਹੈ ਤੇ ਸਾਡਾ ਫਰਜ਼ ਹੈ ਕਿ ਪਨੀਰੀ ਦੀ ਪਾਲਣਾ ਕੀਤੀ ਜਾਵੇ, ਕਿਉਂਕਿ ਇਹੀ ਪਨੀਰੀ ਪੱਕ ਕੇ ਇਨਕਲਾਬੀ ਫਲ ਦੇਵੇਗੀ।

ਮੌਜੂਦਾ ਕੌਮੀ ਪ੍ਰਧਾਨ ਸੁਖਜਿੰਦਰ ਮਹੇਸਰੀ, ਏ ਆਈ ਐੱਸ ਐੱਫ ਦੇ ਸੂਬਾ ਸਕੱਤਰ ਵਰਿੰਦਰ ਖੁਰਾਨਾ ਤੇ ਕੁੜੀਆਂ ਦੀ ਸਾਬਕਾ ਕੌਮੀ ਕਨਵੀਨਰ ਕਰਮਵੀਰ ਕੌਰ ਬੱਧਨੀ ਨੇ ਕਿਹਾ ਕਿ ਏ ਆਈ ਐੱਸ ਐੱਫ ਦੀ ਸੂਬਾਈ ਕਾਨਫਰੰਸ 2-3 ਸਤੰਬਰ ਨੂੰ ਪਟਿਆਲਾ ਵਿਖੇ ਹੋਵੇਗੀ। ਆਗੂਆਂ ਕਿਹਾ ਕਿ ਸਾਡੇ ਦੇਸ਼ ਦੇ ਮੌਜੂਦਾ ਹਾਲਾਤ ਠੀਕ ਨਹੀਂ, ਕਿਉਂਕਿ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਵਿੱਦਿਆ, ਰੁਜ਼ਗਾਰ, ਸਿਹਤ ਸਹੂਲਤਾਂ ਨੂੰ ਗਰੀਬ ਤੇ ਮੱਧ ਵਰਗ ਦੇ ਹੱਥੋਂ ਖੋ ਕੇ ਪੂੰਜੀਪਤੀਆਂ ਦੇ ਹਵਾਲੇ ਕਰ ਦਿੱਤਾ ਹੈ। ਜੇਕਰ ਹੁਣ ਦੁਖਦਾਇਕ ਹਾਲਤਾਂ ਨੂੰ ਵੇਖਦਿਆਂ ਹੋਇਆਂ ਸਮਾਜਕ, ਆਰਥਕ ਤੇ ਰਾਜਨੀਤਕ ਬਰਾਬਰੀ ਲਈ ਸੰਘਰਸ਼ ਨਾ ਵਿੱਢਿਆ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਲੋਕ ਆਰਥਕ ਪੱਖੋਂ ਹੋਰ ਕਮਜ਼ੋਰ ਹੋ ਜਾਣਗੇ। ਪਹਿਲਾਂ ਹੀ 1 ਫੀਸਦੀ ਪੂੰਜੀਪਤੀਆਂ ਨੇ 85 ਫੀਸਦੀ ਦੌਲਤ 'ਤੇ ਕਬਜ਼ਾ ਕੀਤਾ ਹੋਇਆ ਹੈ, 9 ਫੀਸਦੀ ਕੋਲ 7 ਫੀਸਦੀ ਤੇ 90 ਫੀਸਦੀ ਕੋਲ ਫੀਸਦੀ ਕੋਲ ਦੌਲਤ ਦਾ ਕੁੱਲ ਹਿੱਸਾ 10 ਫੀਸਦੀ ਬੱਚਿਆ ਹੈ। ਇਸ ਸਰਮਾਏ ਦੀ ਲੁੱਟ ਨੇ ਸਾਰੀ ਦੁਨੀਆ ਵਿਚ ਬੇਰੁਜ਼ਗਾਰੀ, ਅਨਪੜ੍ਹਤਾ,ਅਮੀਰ-ਗਰੀਬ ਦਾ ਪਾੜਾ ਹੋਰ ਵਧਾ ਦਿੱਤਾ ਹੈ। ਇਸ ਨਿਜ਼ਾਮ ਨੂੰ ਤੋੜ ਕੇ ਹਰ ਇੱਕ ਲਈ ਮੁਫਤ, ਲਾਜ਼ਮੀ ਤੇ ਵਿਗਿਆਨਕ ਵਿੱਦਿਆ ਦਾ ਪ੍ਰਬੰਧ, ਰੁਜ਼ਗਾਰ ਦਾ ਪੱਕਾ ਪ੍ਰਬੰਧ, ਸਸਤੀ ਸਿਹਤ ਸਹੂਲਤ, ਸਾਰੇ ਸਰਕਾਰੀ ਅਦਾਰਿਆਂ ਵਿੱਚ ਰੈਗੂਲਰ ਅਤੇ ਪੱਕੀ ਭਰਤੀ ਤੇ ਹੋਰ ਮਨੁੱਖਤਾ ਨੂੰ ਸੌਖਾ ਕਰਨ ਵਾਸਤੇ ਤੇ ਸਮਾਜ ਨੂੰ ਸੋਹਣਾ ਤੇ ਖੁਸ਼ਹਾਲ ਬਣਾਉਣ ਵਾਸਤੇ ਸੰਘਰਸ਼ ਕਰਨਾ ਪਵੇਗਾ।

ਆਗੂਆਂ ਕਿਹਾ ਕਿ ਤਕਨੀਕੀ ਯੁੱਗ ਦੇ ਦੌਰ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਬਹੁਤ ਵੱਡਾ ਰੋਲ ਹੈ। ਤਕਨੀਕ ਮਨੁੱਖ ਨੂੰ ਅਸਾਨੀ ਨਾਲ ਕੰਮ ਕਰਨ ਵਾਲੇ ਪਾਸੇ ਲੈ ਕੇ ਜਾ ਰਹੀ ਹੈ ਤੇ ਦੂਜੇ ਪਾਸੇ ਮਨੁੱਖ ਨੂੰ ਕੰਮ ਤੋਂ ਵਿਹਲੇ ਕੀਤਾ ਜਾ ਰਿਹਾ ਹੈ, ਜਿਸ ਦੇ ਹੱਲ ਵਜੋਂ ਕੰਮ ਦਾ ਸਮਾਂ ਘੱਟ ਤੋਂ ਘੱਟ ਕਰਕੇ ਹਰ ਮਨੁੱਖ ਲਈ ਰੁਜ਼ਗਾਰ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਮੀਟਿੰਗ ਵਿੱਚ ਹੋਰ ਸਾਥੀਆਂ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਿਤਪਾਲ ਸਿੰਘ, ਰਾਹੁਲ, ਪੰਜਾਬ ਯੂਨੀਵਰਸਿਟੀ ਤੋਂ ਗੁਰਿੰਦਰ ਸਿੰਘ, ਸੁਖਵਿੰਦਰ ਸਿੰਘ ਮਲੋਟ, ਸਵਰਾਜ ਸਿੰਘ ਮੋਗਾ, ਰਮਨਦੀਪ ਧਰਮੂਵਾਲ, ਅਵਤਾਰ ਸਿੰਘ ਚੜਿੱਕ ਤੇ ਹੋਰ ਸਾਥੀ ਸ਼ਾਮਲ ਸਨ।

# ਸਰਕਾਰੀ ਹਸਪਤਾਲ ਦਾ ਡਾਕਟਰ ਕਮਿਸ਼ਨ ਖਾਤਰ ਮਰੀਜ਼ਾਂ ਨੂੰ ਲਿਖਦਾ ਹੈ ਟੈਸਟ ਅਤੇ ਮਹਿੰਗੀਆਂ ਦਵਾਈਆਂ

**ਜ਼ੀਰਾ ਜੁਲਾਈ (ਨਰਿੰਦਰ ਅਨੇਜਾ)**- ਆਮ ਆਦਮੀ ਪਾਰਟੀ ਨੇ ਪੰਜਾਬ ਵਿਚ ਸੱਤਾ ਹਾਸਲ ਕਰਨ ਲਈ ਦਾਅਵਾ ਕੀਤਾ ਸੀ ਕਿ ਸਾਡੀ ਸਰਕਾਰ ਬਣਨ 'ਤੇ ਡਾਕਟਰਾਂ ਨੂੰ ਦਵਾਈਆਂ ਦੀ ਕਮਿਸ਼ਨ ਖੋਰੀ ਅਤੇ ਟੈਸਟਾਂ ਦੀ ਕਮਿਸ਼ਨ ਖ਼ੋਰੀ ਨੂੰ ਨੱਥ ਪਾਵਾਂਗੇ ਪਰ ਡਾਕਟਰਾਂ ਦੀ ਦਵਾਈਆਂ ਤੇ ਟੈਸਟਾਂ ਵਿੱਚ ਕਮਿਸ਼ਨ ਖ਼ੋਰੀ ਉਸੇ ਤਰ੍ਹਾਂ ਹੀ ਚੱਲ ਰਹੀ ਹੈ। ਉਹ ਆਪਣੀਆਂ ਮਨਪਸੰਦ ਦੁਕਾਨਾਂ 'ਤੇ ਦਵਾਈਆਂ ਰਖਵਾਉਂਦੇ ਹਨ। ਡਾਕਟਰ ਪੈਸਿਆਂ ਖਾਤਰ ਮਰੀਜ਼ਾਂ ਨੂੰ ਟੈਸਟ ਤੇ ਮਹਿੰਗੀਆਂ ਦਵਾਈਆਂ ਲਿਖੀ ਜਾਂਦੇ ਹਨ। ਟੈਸਟਾਂ ਤੇ ਦਵਾਈਆਂ ਵਿੱਚੋਂ ਮੋਟਾ ਕਮਿਸ਼ਨ ਲਈ ਜਾਂਦੇ ਹਨ। ਉਨ੍ਹਾਂ ਦਵਾਈ ਉਹ ਲਿਖ ਕੇ ਦੇਣੀ ਹੈ, ਜਿਸ ਵਿੱਚ ਕੰਪਨੀਆਂ ਉਨ੍ਹਾਂ ਨੂੰ ਮੋਟਾ ਕਮਿਸ਼ਨ ਦੇਵੇ। ਇਥੋਂ ਤੱਕ ਕਿ ਸਰਕਾਰੀ ਡਾਕਟਰ ਕਮਿਸ਼ਨ ਲੈਣ ਦੀ ਖਾਤਰ ਸਰਕਾਰੀ ਹਸਪਤਾਲ ਵਿੱਚੋਂ ਐਕਸਰੇ ਕਰਵਾਉਣ ਦੀ ਬਜਾਏ ਕਮਿਸ਼ਨ ਖਾਤਰ ਬਾਹਰਲੀ ਦੁਕਾਨਾਂ ਤੋਂ ਐਕਸਰੇ ਕਰਵਾਉਣ ਲਈ ਕਹਿ ਦਿੰਦੇ ਹਨ। ਕੋਈ ਵੀ ਉਚ ਅਧਿਕਾਰੀ ਉਨ੍ਹਾਂ 'ਤੇ ਕੋਈ ਵੀ ਕਾਰਵਾਈ ਨਹੀਂ ਕਰਦਾ। ਕਾਫੀ ਦਿਨਾਂ ਤੋਂ ਹੱਡੀਆਂ ਦੇ ਡਾਕਟਰ ਸੌਰਵ ਜੈਨ ਖਿਲਾਫ ਮਰੀਜ਼ ਕਹਿ ਰਹੇ ਸਨ ਕਿ ਸਰਕਾਰੀ ਹਸਪਤਾਲ ਵਿੱਚ ਪਰਚੀ ਕੇਵਲ ਸਿਰਫ ਦਸ ਰੁਪਏ ਦੀ ਹੈ। ਪਰ ਡਾਕਟਰ ਕਮਿਸ਼ਨ ਲੈਣ ਦੀ ਖਾਤਰ ਬਹੁਤ ਬਹੁਤ ਮਹਿੰਗੀਆਂ ਦਵਾਈਆਂ ਲਿਖ ਕੇ ਦੇ ਰਿਹਾ ਹੈ। ਜਿਨ੍ਹਾਂ ਦੇ ਸਿਹਤ ਸਹੂਲਤਾਂ ਵਾਲੇ ਕਾਰਡ ਬਣੇ ਹੋਏ ਹਨ ਉਨ੍ਹਾਂ ਕੋਲੋਂ ਵੀ ਗੋਡਿਆਂ ਦਾ ਅਪਰੇਸ਼ਨ ਕਰਦੇ ਸਮੇਂ ਜੋ ਮਹਿੰਗਾ ਟੀਕਾ ਲੱਗਦਾ ਹੈ, ਬਾਹਰੋਂ ਮੰਗਾਉਂਦਾ ਹੈ। ਇਹ ਸਾਰੀ ਦਵਾਈ ਵੀ ਬਾਹਰੋਂ ਲਿਖ ਕੇ ਦਿੰਦਾ ਹੈ ਪਰ ਪੈਸੇ ਦੀ ਲਾਲਚ ਦੀ ਹੱਦ ਵੇਖੋ ਡਾਕਟਰ ਸੌਰਵ ਜੈਨ ਮੰਗਲਵਾਰ ਭਾਵੇਂ ਆਪ ਖੁਦ ਛੁੱਟੀ 'ਤੇ ਸੀ, ਉਸ ਨੇ ਮੋਗੇ ਤੋਂ ਸੋਨੂ ਨਾਮ ਦੇ ਵਿਅਕਤੀ ਨੂੰ ਜ਼ੀਰਾ ਵਿੱਚ ਕਮਿਸ਼ਨ ਲੈਣ ਦੀ ਖਾਤਰ ਦਵਾਈਆਂ ਲਿਖਣ ਲਈ ਭੇਜ ਦਿੱਤਾ। ਜ਼ੀਰਾ ਨਿਵਾਸੀਆਂ ਅਤੇ ਮਰੀਜ਼ਾਂ ਨੇ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਡਾਕਟਰ ਸੌਰਵ ਜੈਨ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਜਦੋਂ ਡਾਕਟਰ ਸੌਰਵ ਜੈਨ ਦਾ ਪੱਖ ਜਾਣਨਾ ਤਾਂ ਉਨ੍ਹਾਂ ਕਿਹਾ ਕਿ ਮੈਂ ਕਿਸੇ ਵੀ ਦਵਾਈ ਜਾਂ ਟੈਸਟਾਂ ਵਿੱਚੋਂ ਕਮਿਸ਼ਨ ਨਹੀਂ ਲੈਂਦਾ।

# ਮੋਟਰਸਾਈਕਲ ਸਵਾਰ 2 ਨਕਾਬਪੋਸ਼ ਲੁਟੇਰੇ ਮੋਬਾਇਲ ਝਪਟ ਕੇ ਫਰਾਰ

**ਤਪਾ ਮੰਡੀ (ਅਰੁਣ ਗੋਇਲ)**-ਮੰਗਲਵਾਰ ਦੀ ਸ਼ਾਮ ਕੋਈ 7 ਵਜੇ ਦੇ ਕਰੀਬ ਮੋਟਰਸਾਈਕਲ ਸਵਾਰ ਦੋ ਨਕਾਬਪੋਸ਼ ਲੁਟੇਰੇ ਸਾਈਕਲ ਸਵਾਰ ਦਾ ਮੋਬਾਇਲ ਝਪਟ ਕੇ ਫਰਾਰ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਅਸ਼ੋਕ ਕੁਮਾਰ ਮੁਨੀਮ ਵਾਸੀ ਗਲੀ ਨੰਬਰ 3 ਅਪਣੀ ਦੁਕਾਨ ਤੋਂ ਘਰ ਜਾ ਰਿਹਾ ਸੀ ਕਿ ਅਚਾਨਕ ਮੋਬਾਇਲ ਦੀ ਘੰਟੀ ਵੱਜਣ 'ਤੇ ਜਦ ਸੁਣਨ ਲੱਗਾ ਤਾਂ ਪਿੱਛੋਂ ਆ ਰਹੇ 2 ਨਕਾਬਪੋਸ਼ ਲੁਟੇਰਿਆਂ ਨੇ ਮੋਬਾਇਲ ਝਪਟ ਕੇ ਬਾਜ਼ਾਰ ਵਿੱਚੋਂ ਦੀ ਫਰਾਰ ਹੋ ਗਏ। ਉਸ ਨੇ ਦੱਸਿਆ ਕਿ ਲੁਟੇਰੇ ਬਿਨਾਂ ਨੰਬਰੀ ਕਾਲੇ ਰੰਗ ਦੇ ਸਪਲੈਂਡਰ ਮੋਟਰਸਾਈਕਲ 'ਤੇ ਸਵਾਰ ਸਨ। ਇਹ ਸਾਰੀ ਘਟਨਾ ਮੰਡੀ ਦੇ ਵੱਖ-ਵੱਖ ਸੀਸੀਟੀਵੀ ਕੈਮਰਿਆਂ 'ਚ ਕੈਦ ਹੋ ਗਈ ਹੈ। ਪਤਾ ਲੱਗਾ ਹੈ ਇਹ ਲੁਟੇਰੇ ਇੱਕ ਦਿਨ ਪਹਿਲਾਂ ਵੀ ਬਾਬਾ ਮੱਠ ਦੇ ਨੇੜੇ ਤੇੜੇ ਫਿਰਦੇ ਦੇਖੇ ਗਏ ਹਨ। ਇਸ ਸੰਬੰਧੀ ਪੁਲਸ ਚੌਕੀ ਤਪਾ ਨੂੰ ਸੂਚਨਾ ਦੇ ਦਿੱਤੀ ਹੈ ਜਿਨ੍ਹਾ ਫੁਟੇਜ ਦੇ ਆਧਾਰ 'ਤੇ ਲੁਟੇਰਿਆਂ ਨੂੰ ਜਲਦੀ ਫੜਨ ਦਾ ਦਾਅਵਾ ਕੀਤਾ।


## ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ ਕੰਪਨੀਜ਼ ਐਕਟ 1956 ਅਧੀਨ ਇੱਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ ਤੀਜੀ ਮੰਜ਼ਲ, ਮਿਡਾਸ ਕਾਰਪੋਰੇਟ ਪਾਰਕ, 37 ਜੀ ਟੀ ਰੋਡ ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ ਦਫਤਰ, ਖੰਨਾ, ਜ਼ਿਲ੍ਹਾ ਲੁਧਿਆਣਾ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ।

ਬਿਨੈਕਾਰ

ਬਨਾਮ

1. ਨਰਜੀਤ ਸਿੰਘ ਪੁੱਤਰ ਸ੍ਰੀ ਬਲਵਿੰਦਰ ਸਿੰਘ
2. ਕਵਲਜੀਤ ਕੌਰ ਪਤਨੀ ਨਰਜੀਤ ਸਿੰਘ ਦੋਵੇਂ ਵਾਸੀ ਪਿੰਡ ਚੱਕ ਮੁਆਫੀ, ਤਹਿ: ਸਮਰਾਲਾ (ਖੰਨਾ) ਜ਼ਿਲ੍ਹਾ ਲੁਧਿਆਣਾ-141417
3. ਖੁਸ਼ਵੰਤ ਸਿੰਘ ਪੁੱਤਰ ਸ੍ਰੀ ਮਲਕੀਤ ਸਿੰਘ ਹੁਣ ਮ੍ਰਿਤਕ ਰਾਹੀਂ ਇਸ ਦੇ ਕਾਨੂੰਨੀ ਵਾਰਸ/ਪ੍ਰਤੀਨਿਧ

ਏ) ਕਿਰਨਜੀਤ ਕੌਰ ਪਤਨੀ ਸ੍ਰੀ ਖੁਸ਼ਵੰਤ ਸਿੰਘ
ਬੀ) ਰਮਨਜੋਤ ਸਿੰਘ ਪੁੱਤਰ ਸ੍ਰੀ ਖੁਸ਼ਵੰਤ ਸਿੰਘ
ਸੀ) ਪਵਨਜੋਤ ਸਿੰਘ ਪੁੱਤਰ ਸ੍ਰੀ ਖੁਸ਼ਵੰਤ ਸਿੰਘ
ਡੀ) ਪ੍ਰਭਜੋਤ ਸਿੰਘ ਪੁੱਤਰ ਸ੍ਰੀ ਖੁਸ਼ਵੰਤ ਸਿੰਘ
ਸਾਰੇ ਵਾਸੀ ਪਿੰਡ ਹਰੀਓ ਕਲਾਂ, ਤਹਿ: ਸਮਰਾਲਾ (ਖੰਨਾ) ਜ਼ਿਲ੍ਹਾ ਲੁਧਿਆਣਾ-141417

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ ਪਹਿਲੀ ਵਾਰ ਵਾਪਸ ਪ੍ਰਾਪਤ ਇਨਕਾਰੀ ਟਿੱਪਣੀ ਨਾਲ ਹੋਏ। ਦੂਸਰੀ ਵਾਰ ਨੋਟਿਸ ਫਿਰ ਜਵਾਬਦੇਹਾਂ ਨੂੰ ਭੇਜੇ ਗਏ ਵਾਪਸ ਪ੍ਰਾਪਤ ਨਹੀਂ ਕੀਤੇ ਗਏ। ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹਾਂ ਨੇ ਬਾਕਾਇਦਾ ਨੋਟਿਸ ਪ੍ਰਾਪਤ ਕਰ ਲਏ ਸਨ, ਪਰ ਜਾਣਬੁੱਝ ਕੇ ਮੇਰੇ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 31/8/2023 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 19.7.2023 — ਸੁਖਜੀਤ ਸਿੰਘ ਜੌਲੀ
ਜਲੰਧਰ — ਸਾਲਸ


## ਔਰਤ ਨਾਲ ਹੋਈ 27 ਲੱਖ ਦੀ ਆਨਲਾਈਨ ਧੋਖਾਧੜੀ ਦੇ ਮਾਮਲੇ 'ਚ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਮੰਡੀ ਗੋਬਿੰਦਗੜ੍ਹ ਦੀ ਵਸਨੀਕ ਇੱਕ ਔਰਤ ਨਾਲ ਕਰੀਬ 27 ਲੱਖ ਰੁਪਏ ਦੀ ਆਨਲਾਈਨ ਧੋਖਾਧੜੀ ਹੋ ਜਾਣ ਦਾ ਸਮਾਚਾਰ ਹੈ। ਮੰਡੀ ਗੋਬਿੰਦਗੜ੍ਹ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਇੱਕ ਔਰਤ ਨੇ ਦੱਸਿਆ ਕਿ ਟੈਲੀਗ੍ਰਾਮ ਚੈਨਲ 'ਤੇ ਮਾਧਵੀ ਮਰਾਠੇ, ਸਾਕਸ਼ੀ, ਸਪਤਕ ਬੈਨਰਜੀ, ਰਿੰਕੂ ਕੇਵਟ, ਵੇਦਸ਼੍ਰੀ ਅਮੋਲ ਅਚਲੇਰਕਰ ਅਤੇ ਪੁਲੱਕ ਨਾਮਕ ਡਿਸਪਲੇ ਨੇਮ ਵਰਤਣ ਵਾਲੇ ਵਿਅਕਤੀਆਂ ਵੱਲੋਂ ਟੈਲੀਗ੍ਰਾਮ ਚੈਨਲ ਰਾਹੀਂ ਉਸ ਨਾਲ 27.9 ਲੱਖ ਰੁਪਏ ਦੀ ਆਨਲਾਈਨ ਧੋਖਾਧੜੀ ਕੀਤੀ ਹੈ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਥਾਣਾ ਮੰਡੀ ਗੋਬਿੰਦਗੜ੍ਹ ਵਿਖੇ ਮੁਕੱਦਮਾ ਦਰਜ ਕਰਵਾਉਂਦੇ ਹੋਏ ਡੀ.ਐਸ.ਪੀ. ਜੰਗਜੀਤ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## 15 ਅਗਸਤ ਦੇ ਸਮਾਗਮ ਲਈ ਐਸ ਡੀ ਐਮ ਵੱਲੋਂ ਸਰਕਾਰੀ ਤੇ ਪ੍ਰਾਈਵੇਟ ਸਕੂਲ ਪ੍ਰਬੰਧਕਾਂ ਨਾਲ ਮੀਟਿੰਗ

**ਜਗਰਾਉਂ (ਅਮਿਤ ਖੰਨਾ)** ਦੇਸ਼ ਦੇ ਆਜ਼ਾਦੀ ਦਿਹਾੜੇ ਤੇ 15 ਅਗਸਤ ਨੂੰ ਹੋਣ ਵਾਲੇ ਸਮਾਗਮ ਦੀਆਂ ਤਿਆਰੀਆਂ ਲਈ ਸ੍ਰੀਮਤੀ ਮਨਜੀਤ ਕੌਰ ਐਸ ਡੀ ਐਮ ਜਗਰਾਉਂ ਵਲੋਂ ਵੱਖ-ਵੱਖ ਸਕੂਲ ਪ੍ਰਬੰਧਕਾਂ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਜਗਰਾਉਂ ਤਹਿਸੀਲ ਦੇ ਵੱਖ-ਵੱਖ ਸਰਕਾਰੀ ਅਤੇ ਪ੍ਰਾਈਵੇਟ ਸਕੂਲ ਪ੍ਰਬੰਧਕ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਐਸ.ਡੀ.ਐਮ. ਜਗਰਾਉਂ ਨੇ ਸਕੂਲ ਪ੍ਰਬੰਧਕਾਂ ਨੂੰ ਆਜ਼ਾਦੀ ਦਿਹਾੜਾ ਨੂੰ ਸਮਰਪਿਤ ਸਮਾਗਮ ਲਈ ਵੱਖ-ਵੱਖ ਝਾਕੀਆਂ ਅਤੇ ਸੱਭਿਆਚਾਰਕ ਗਤੀਵਿਧੀਆਂ ਤਿਆਰ ਕਰਨ ਲਈ ਪ੍ਰੇਰਿਤ ਕੀਤਾ। ਸ੍ਰੀਮਤੀ ਮਨਜੀਤ ਕੌਰ ਐਸ.ਡੀ.ਐਮ. ਜਗਰਾਉਂ ਨੇ ਕਿਹਾ ਕਿ ਅਨੇਕਾਂ ਕੁਰਬਾਨੀਆਂ ਦੇਣ ਤੋਂ ਬਾਅਦ ਅਸੀਂ ਆਜ਼ਾਦ ਫਿਜ਼ਾ ਵਿੱਚ ਸਾਹ ਲੈ ਰਹੇ ਹਾਂ ਅਤੇ ਇਨ੍ਹਾਂ ਕੁਰਬਾਨੀਆਂ ਤੋਂ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਉਣ ਲਈ 15 ਅਗਸਤ ਨੂੰ ਸਮੁੱਚੇ ਦੇਸ਼ ਅੰਦਰ ਸਮਾਗਮ ਕੀਤੇ ਜਾਂਦੇ ਹਨ। ਇਨ੍ਹਾਂ ਸਮਾਗਮਾਂ ਵਿੱਚ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਅਤੇ ਆਜ਼ਾਦੀ ਦੇ ਫਲਸਫੇ ਤੇ ਅਧਾਰਿਤ ਨਾਟਕ, ਝਲਕੀਆਂ ਅਤੇ ਸੱਭਿਆਚਰਕ ਗਤੀਵਿਧੀਆਂ ਤਿਆਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਜੋ ਸਾਡੀ ਨੌਜਵਾਨ ਪੀੜ੍ਹੀ ਆਜ਼ਾਦੀ ਸੰਗਰਾਮ ਤੋਂ ਜਾਣੂ ਹੋ ਸਕੇ। ਇਸ ਕਾਰਜ ਨੂੰ ਨਿਵੇਕਲੇ ਅਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਕੂਲ ਪ੍ਰਬੰਧਕ ਬਿਹਤਰ ਤਰੀਕੇ ਨਾਲ ਯੋਗਦਾਨ ਪਾ ਸਕਦੇ ਹਨ।

## ਲੋਕਾਂ ਦੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਕੀਤੇ ਜਾ ਰਹੇ ਹਨ ਉਪਰਾਲੇ : ਸਪੀਕਰ ਸੰਧਵਾਂ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)** - ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਲੋਕਾਂ ਦੇ ਟੈਕਸਾਂ ਦਾ ਪੈਸਾ ਲੋਕਾਂ ਦੀ ਭਲਾਈ ਲਈ ਖਰਚ ਕੀਤਾ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਪਿੰਡ ਕੋਠੇ ਵੜਿੰਗ ਦੇ ਵਾਰਡ ਨੰਬਰ 22 ਵਿਖੇ ਬਾਈਪਾਸ ਦੇ ਰੁਕੇ ਕੰਮ ਨੂੰ 17 ਲੱਖ ਰੁਪਏ ਦੀ ਲਾਗਤ ਨਾਲ ਚਾਲੂ ਕਰਵਾਉਣ ਉਪਰੰਤ ਕੰਮ ਦਾ ਜਾਇਜ਼ਾ ਲੈਣ ਮੌਕੇ ਕੀਤਾ। ਇਸ ਮੌਕੇ ਸਪੀਕਰ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਬਿਹਤਰੀ ਲਈ ਹਰ ਸੰਭਵ ਉਪਰਾਲਾ ਕਰਨ ਲਈ ਵਚਨਬੱਧ ਹੈ ਅਤੇ ਪਿੰਡਾਂ 'ਚ ਲੋੜ ਮੁਤਾਬਕ ਸਮੇਂ-ਸਮੇਂ 'ਤੇ ਗਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸੇ ਲੜੀ ਤਹਿਤ ਪਿੰਡ ਕੋਠੇ ਵੜਿੰਗ ਵਿਖੇ 25 ਰੁਪਏ ਪਿੰਡ ਦੀਆਂ ਗਲੀਆਂ ਅਤੇ ਨਾਲੀਆਂ ਅਤੇ ਹੋਰ ਵਿਕਾਸ ਕਾਰਜਾਂ ਲਈ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਇਸੇ ਤਰ੍ਹਾਂ ਸਕੂਲ ਦੀ ਚਾਰਦੀਵਾਰੀ ਦੇ ਕੰਮ ਲਈ ਫੰਡ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਪੰਜਾਬ ਦੇ ਪਿੰਡਾਂ ਵਿਚ ਵਸਦੇ ਲੋਕਾਂ ਨੂੰ ਕਿਸੇ ਕਿਸਮ ਦੀ ਕੋਈ ਦਿੱਕਤ ਪੇਸ਼ ਨਾ ਆਵੇ। ਇਸ ਮੌਕੇ ਪੀ.ਆਰ.ਓ ਮਨਪ੍ਰੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।

## ਪਿੰਡ ਮਾਨ ਸੈਂਡਵਾਲ ਤੋਂ ਹੜ੍ਹ ਪੀੜਤਾਂ ਦੀ ਮਦਦ ਲਈ ਪੰਜ ਟਰਾਲੀਆਂ ਰਵਾਨਾ

**ਫਤਹਿਗੜ੍ਹ ਚੂੜੀਆਂ (ਜਸਦੇਵ ਮਾਨ)**- ਅੱਜ ਪਿੰਡ ਮਾਨ ਸੈਂਡਵਾਲ ਦੀ ਤਰਫੋਂ ਗੁਰਦੁਆਰਾ ਸਾਹਿਬ ਤੋਂ ਅਰਦਾਸ ਕਰਨ ਉਪਰੰਤ ਹੜ੍ਹ ਪੀੜਤਾਂ ਦੀ ਮਦਦ ਲਈ ਪੰਜ ਟਰਾਲੀਆਂ ਰਵਾਨਾ ਕੀਤੀਆਂ ਗਈਆਂ। ਇਨ੍ਹਾਂ ਵਿੱਚੋਂ ਇੱਕ ਟਰਾਲੀ ਵਿੱਚ ਸੁੱਕਾ ਰਾਸ਼ਨ ਤੇ ਪਾਣੀ ਵਾਲੀਆਂ ਬੋਤਲਾਂ ਵਗੈਰਾ ਹਨ। ਬਾਕੀ ਚਾਰ ਟਰਾਲੀਆਂ ਤੂੜੀ ਵਾਲੀਆਂ ਹਨ। ਇਸ ਸੰਬੰਧੀ ਗੱਲ ਕਰਦਿਆਂ ਸੇਵਾਦਾਰ ਸਿੰਘਾਂ ਨੇ ਕਿਹਾ ਕੇ ਇਸ ਔਖੀ ਘੜੀ ਵੇਲੇ ਸਾਨੂੰ ਤਨ ਮਨ ਧਨ ਨਾਲ ਹੜ੍ਹ ਪੀੜਤ ਲੋੜਵੰਦਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਸੇਵਾਦਾਰਾਂ ਵੱਲੋਂ ਇਹ ਟਰਾਲੀਆਂ ਸੁਲਤਾਨਪੁਰ ਲੋਧੀ ਦੇ ਇਲਾਕਿਆਂ ਵਿੱਚ ਲਿਜਾਈਆਂ ਜਾ ਰਹੀਆਂ ਹਨ। ਇਸ ਮੌਕੇ ਪ੍ਰਧਾਨ ਹਰਦੀਪ ਸਿੰਘ, ਬਾਬਾ ਬਲਦੇਵ ਸਿੰਘ, ਹਰਤਿੰਦਰ ਸਿੰਘ, ਕੰਵਲ ਕੁਮਾਰ, ਰਣਵੀਰ ਸਿੰਘ, ਅਮਰਜੀਤ ਸਿੰਘ, ਜਸਪਾਲ ਸਿੰਘ, ਰਣਜੀਤ ਸਿੰਘ, ਰਸ਼ਪਾਲ ਸਿੰਘ, ਜਸਪ੍ਰੀਤ ਸਿੰਘ, ਸੁਖਬੀਰ ਸਿੰਘ, ਸਿਮਰ ਰੰਧਾਵਾ ਆਦਿ ਸ਼ਾਮਲ ਹਨ।

## ਮਨੀਪੁਰ ਘਟਨਾਵਾਂ ਦੀ ਸਖਤ ਨਿੰਦਾ ਕਰਦਿਆਂ ਇਸ ਨੂੰ ਅਤੀ ਸ਼ਰਮਨਾਕ ਕਿਹਾ

**ਸੰਗਰੂਰ** : ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ/ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਦੇ ਆਗੂਆਂ ਰਣਜੀਤ ਸਿੰਘ ਰਾਣਵਾਂ, ਸੀਤਾ ਰਾਮ ਸ਼ਰਮਾ, ਮੇਲਾ ਸਿੰਘ ਪੁੰਨਾਂਵਾਲ, ਇੰਦਰ ਸ਼ਰਮਾ, ਰਮੇਸ਼ ਕੁਮਾਰ, ਹੰਸ ਰਾਜ ਦੀਦਾਰਗੜ੍ਹ, ਅਮਰਜੀਤ ਸਿੰਘ, ਗੁਰਮੀਤ ਸਿੰਘ ਮਿੱਡਾ, ਬਲਦੇਵ ਹਥਨ, ਨਾਜਰ ਈਸੜਾ, ਗੁਰਜੰਟ ਸਿੰਘ ਬੁਗਰਾ ਅਤੇ ਚਮਕੌਰ ਸਿੰਘ ਮਹਿਲਾਂ (ਪੰਜਾਬ ਫੀਲਡ ਵਰਕਸ ਯੂਨੀਅਨ) ਨੇ ਮਨੀਪੁਰ ਵਿਖੇ ਕੁਝ ਘਟੀਆ ਕਿਸਮ ਦੇ ਅਨਸਰਾਂ ਦੁਆਰਾ 3 ਔਰਤਾਂ ਨੂੰ ਜ਼ਬਰਦਸਤੀ ਨਿਰਵਸਤਰ ਕਰਕੇ ਨਗਨ ਪ੍ਰੇਡ ਕਰਾਉਣ ਅਤੇ ਉਨ੍ਹਾਂ ਨਾਲ ਬਲਾਤਕਾਰ ਕਰਨ ਦੀ ਘਟਨਾ ਨੂੰ ਅਤੀ ਸ਼ਰਮਨਾਕ, ਨਿੰਦਣਯੋਗ ਘਟਨਾ ਗਰਦਾਨਦਿਆਂ ਇਸ ਨੂੰ ਗੈਰਮਨੁੱਖੀ ਕਾਰਾ ਕਿਹਾ ਹੈ। ਭਾਰਤ ਵਰਗੇ ਦੇਸ਼ ਵਿੱਚ ਅਜਿਹੀ ਹਰਕਤ ਦੇਸ਼ ਨੂੰ ਬੇਇੱਜ਼ਤ ਕਰਨ ਵਾਲੀ ਘਟਨਾ ਹੈ। 4 ਮਈ ਨੂੰ ਵਾਪਰੀਆਂ ਘਟਨਾਵਾਂ ਸੰਬੰਧੀ ਮਨੀਪੁਰ ਸਰਕਾਰ ਅਤੇ ਕੇਂਦਰ ਸਰਕਾਰ, ਸਿਵਲ ਤੇ ਪੁਲਸ ਪ੍ਰਸ਼ਾਸਨ ਚੁੱਪ ਹੈ। ਵੀਡੀਓ ਦੇਖ ਕੇ ਹਰ ਭਾਰਤੀ ਦਾ ਹਿਰਦਾ ਵਲੂੰਧਰਿਆ ਗਿਆ। ਉਨ੍ਹਾਂ ਮੰਗ ਕੀਤੀ ਹੈ ਕਿ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇ ਤਾਂ ਜੋ ਅੱਗੇ ਤੋਂ ਕਿਸੇ ਦਾ ਅਜਿਹੀ ਕਰਤੂਤ/ਹਰਕਤ ਕਰਨ ਦਾ ਹੌਸਲਾ ਨਾ ਪਵੇ। ਉਨ੍ਹਾਂ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਮਨੀਪੁਰ ਵਿੱਚ ਹਿੰਸਾ, ਅਰਾਜਕਤਾ ਤੇ ਫਿਰਕੂ ਮਹੌਲ ਨੂੰ ਸ਼ਾਂਤ ਕੀਤਾ ਜਾਵੇ। ਨਾਗਰਿਕਾਂ ਦੀ ਜਾਨ, ਮਾਲ, ਇੱਜ਼ਤ ਦੀ ਸੁਰੱਖਿਆ ਦਾ ਪ੍ਰਬੰਧ ਕੀਤਾ ਜਾਵੇ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ, ਮਨੀਪੁਰ ਘਟਨਾਵਾਂ ਦੀ ਨਿਖੇਧੀ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮੈਡੀਕਲ ਪ੍ਰੈਕੀਸ਼ਨਰਜ਼ ਐਸੋਸੀਏਸ਼ਨ ਬਲਾਕ ਰਾਮਪੁਰਾ ਫੂਲ ਦੀ ਮਹੀਨਾਵਾਰ ਮੀਟਿੰਗ, ਸਥਾਨਕ ਟੀਚਰ ਹੋਮ, ਰਾਮਪੁਰਾ ਵਿਖੇ ਬਲਾਕ ਪ੍ਰਧਾਨ ਡਾਕਟਰ ਨਿਰਮਲ ਸਿੰਘ ਚਉਕੇ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਜ਼ਿਲ੍ਹਾ ਪ੍ਰਧਾਨ ਡਾਕਟਰ ਜਗਤਾਰ ਸਿੰਘ ਫੂਲ ਨੇ ਕਿਹਾ ਕਿ ਮਣੀਪੁਰ ਵਰਗੀਆਂ ਘਟਨਾਵਾਂ ਨੇ ਇੱਕ ਵਾਰ ਫੇਰ ਸਟੇਟ ਦੇ ਚਿਹਰੇ ਤੋਂ ਨਕਾਬ ਨੂੰ ਉਤਾਰ ਸੁੱਟਿਆ ਹੈ ਕਿ ਕਿਸ ਤਰ੍ਹਾਂ ਬਹੁਗਿਣਤੀ ਲੋਕਾਂ ਅੰਦਰ ਫਿਰਕੂ ਤਾਕਤਾਂ ਘੱਟ ਗਿਣਤੀਆਂ ਪ੍ਰਤੀ ਐਨੀ ਨਫਰਤ ਭਰ ਕੇ ਓਹਨੂੰ ਬੇਕਿਰਕ ਤੇ ਜ਼ਾਲਮ ਬਣਾ ਰਹੀਆਂ ਹਨ, ਇਹ ਸਭ ਸਟੇਟ ਦੀ ਮਿਲੀਭੁਗਤ ਨਾਲ ਹੀ ਇਹ ਸਭ ਕੁਝ ਹੋਇਆ ਹੈ। ਮਣੀਪੁਰ ਮਸਲੇ ਨੂੰ ਜਾਂਚ ਦੇ ਨਾਂ 'ਤੇ ਠੰਢੇ ਬਸਤੇ ਵਿੱਚ ਪਾ ਕੇ ਲੋਕਾਂ ਦੇ ਅੱਖੀਂ ਘੱਟਾ ਪਾਇਆ ਜਾਣਾ ਹੈ। ਉਨ੍ਹਾਂ ਦੋਸ਼ੀਆਂ ਨੂੰ ਸਖਤ ਤੇ ਫੌਰੀ ਸਜ਼ਾ ਦੇਣ ਦੀ ਮੰਗ ਕੀਤੀ ਹੈ। ਡਾਕਟਰ ਭਰਥਰੀ ਸ਼ਰਮਾ ਨੇ ਨਸ਼ਿਆਂ ਦੇ ਮੁੱਦੇ 'ਤੇ ਸਰਕਾਰ ਤੇ ਪੁਲਸ ਪ੍ਰਸ਼ਾਸਨ ਵੱਲੋਂ ਪਰਵਿੰਦਰ ਸਿੰਘ ਝੋਟੇ 'ਤੇ ਪਾਏ ਨਜਾਇਜ਼ ਪਰਚੇ ਦੀ ਨਿਖੇਧੀ ਕਰਦਿਆਂ ਸਰਕਾਰ ਤੋਂ ਨਸ਼ਿਆਂ ਨੂੰ ਰੋਕਣ ਦੀ ਮੰਗ ਕੀਤੀ ਅਤੇ ਪਰਵਿੰਦਰ ਸਿੰਘ ਝੋਟੇ ਨੂੰ ਬਿਨਾਂ ਸ਼ਰਤ ਰਿਹਾਈ ਦੀ ਮੰਗ ਕੀਤੀ ਹੈ। ਬਲਾਕ ਪ੍ਰਧਾਨ ਨਿਰਮਲ ਸਿੰਘ ਨੇ ਆਏ ਹੋਏ ਸਾਥੀ ਡਾਕਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਪਿੰਡਾਂ ਅੰਦਰ ਸਾਫ ਸੁਥਰੀ ਪ੍ਰੈਕਟਿਸ ਕਰਨ ਵਾਲੇ ਸਾਥੀਆਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਜਥੇਬੰਦੀ ਵਿੱਚ ਸ਼ਾਮਿਲ ਕਰਨਾ ਚਾਹੀਦਾ ਹੈ। ਇਸ ਮੌਕੇ ਰੇਸ਼ਮ ਸਿੰਘ ਫੂਲ ਅਤੇ ਰਵੇਲ ਸਿੰਘ ਮਹਿਰਾਜ ਨੇ ਵੀ ਅਪਣੇ ਵਿਚਾਰ ਰੱਖੇ।

## ਵਿਸ਼ਾਲ ਹਨੂੰਮਾਨ ਦੀ ਮੂਰਤੀ ਨੂੰ ਸਵਾ ਮਨੀ ਦਾ ਭੋਗ ਲਗਾਇਆ

**ਤਪਾ ਮੰਡੀ (ਅਰੁਣ ਗੋਇਲ)**-ਪੰਚਮੁਖੀ ਹਨੂੰਮਾਨ ਅਤੇ ਸ਼ਨੀਦੇਵ ਮੰਦਰ ਤਪਾ ਵਿਖੇ ਹਨੂੰਮਾਨ ਜੀ ਦੀ 41ਫੁੱਟ ਵਿਸ਼ਾਲ ਮੂਰਤੀ ਨੂੰ ਸਵਾ ਮਨੀ ਦਾ ਭੋਗ ਲਗਾਇਆ। ਇਹ ਸੇਵਾ ਕਮੇਟੀ ਮੈਂਬਰ ਕਾਲਾ ਘੁੰਨਸ ਤੇਲ ਵਾਲੇ ਦੇ ਪਰਵਾਰ ਵੱਲੋਂ ਕੀਤੀ ਗਈ। ਉਨ੍ਹਾਂ ਦੱਸਿਆ ਸਾਵਣ ਦੇ ਮਹੀਨੇ ਨੂੰ ਮੁੱਖ ਰੱਖਦਿਆਂ ਹਨੂੰਮਾਨ ਜੀ ਨੂੰ ਇਹ ਪ੍ਰਸ਼ਾਦ ਲਗਾਇਆ ਗਿਆ ਕਿਉਂਕਿ ਹਨੂੰਮਾਨ ਜੀ ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਹਨ। ਭੋਗ ਲਗਾਉਣ ਤੋਂ ਪਹਿਲਾ ਰੇਸ਼ਮ ਖਾਂ ਵਲੋ ਹਨੂੰਮਾਨ ਜੀ ਦਾ ਗੁਣਗਾਨ ਕੀਤਾ ਅਤੇ ਪੰਡਿਤ ਰਾਹੁਲ ਸ਼ਾਸਤਰੀ ਨੇ ਆਰਤੀ ਕੀਤੀ। ਹਰੀਸ਼ ਚੰਦਰ ਗੋਸ਼ਾ, ਕਰਨ ਮਿੱਤਲ, ਪ੍ਰਦੀਪ ਤਿਲੀ, ਕੇਵਲ ਮਿੱਤਲ, ਦੀਪੂ ਭੇਣੀ, ਦੀਪਾ ਗਰਗ, ਭੁਪਿੰਦਰ ਭੁੱਟੋ, ਤਾਰੀ ਦਰਾਜ ਹਰਜੋਤ ਬਾਬਾ, ਬਲਵਿੰਦਰ ਘੁੰਨਸ, ਗੱਗੂ ਆਦਿ ਹਾਜ਼ਰ ਸਨ।

# ਡਾ. ਸ਼ਸ਼ੀਕਾਂਤ ਨੇ ਨਵਜਾਤ ਖੋਜ ਲਈ 500 ਹਵਾਲੇ ਨਾਲ ਮੀਲ ਪੱਥਰ ਹਾਸਲ ਕੀਤਾ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)** -ਉੱਘੇ ਨਿਓਨੈਟੋਲੋਜਿਸਟ ਪ੍ਰੋਫੈਸਰ ਡਾ: ਸ਼ਸ਼ੀਕਾਂਤ, ਬਾਲ ਰੋਗ ਵਿਭਾਗ, ਸਥਾਨਕ ਜੀ ਜੀ ਐਸ ਐਮ ਸੀ, ਫਰੀਦਕੋਟ ਨੇ ਆਪਣੇ ਕੈਰੀਅਰ 'ਚ ਇੱਕ ਮਹੱਤਵਪੂਰਨ ਮੀਲ ਦਾ ਪੱਥਰ ਹਾਸਲ ਕਰਕੇ ਇੱਕ ਅਸਾਧਾਰਨ ਮੀਲ ਪੱਥਰ 'ਤੇ ਪਹੁੰਚਿਆ ਹੈ। ਨਿਓਨੈਟੋਲੋਜੀ ਦੇ ਖੇਤਰ ਵਿੱਚ ਉਸਦੀ ਮੋਹਰੀ ਖੋਜ ਅਤੇ ਅਟੁੱਟ ਸਮਰਪਣ ਨੇ ਇੱਕ ਪ੍ਰਭਾਵਸ਼ਾਲੀ 500 ਹਵਾਲੇ ਪ੍ਰਾਪਤ ਕੀਤੇ ਹਨ, ਜੋ ਡਾਕਟਰੀ ਗਿਆਨ ਦੀ ਤਰੱਕੀ 'ਚ ਮਹੱਤਵਪੂਰਨ ਯੋਗਦਾਨ ਨੂੰ ਦਰਸਾਉਂਦੇ ਹਨ। ਨਿਓਨੈਟੋਲੋਜੀ ਦੇ ਖੇਤਰ ਵਿੱਚ ਉਨ੍ਹਾਂ ਦੇ ਕੰਮ ਨੂੰ ਦੁਨੀਆ ਭਰ ਦੇ ਸਾਥੀਆਂ, ਖੋਜਕਰਤਾਵਾਂ ਅਤੇ ਡਾਕਟਰੀ ਪੇਸ਼ੇਵਰਾਂ ਦੁਆਰਾ ਮਾਨਤਾ ਦਿੱਤੀ ਗਈ ਹੈ ਅਤੇ ਇਸਦਾ ਹਵਾਲਾ ਦਿੱਤਾ ਗਿਆ ਹੈ। ਉਸ ਦੇ ਬੁਨਿਆਦੀ ਅਧਿਐਨਾਂ ਨੇ ਨਵਜੰਮੇ ਬੱਚਿਆਂ ਦੀ ਦੇਖਭਾਲ ਦੇ ਨਾਜ਼ੁਕ ਪਹਿਲੂਆਂ 'ਤੇ ਰੌਸ਼ਨੀ ਪਾਈ ਹੈ। ਉਸਦੀ ਖੋਜ ਨੇ ਨਾ ਸਿਰਫ ਨਵਜੰਮੇ ਬੱਚਿਆਂ ਦੀ ਸਿਹਤ ਦੀ ਸਮਝ ਨੂੰ ਅੱਗੇ ਵਧਾਇਆ ਹੈ, ਸਗੋਂ ਡਾਕਟਰੀ ਜਾਂਚ ਦੇ ਨਵੇਂ ਰਸਤੇ ਅਤੇ ਬਾਲ ਚਿਕਿਤਸਕ ਦੇਖਭਾਲ ਲਈ ਨਵੀਨਤਾਕਾਰੀ ਪਹੁੰਚ ਵੀ ਖੋਲ੍ਹੇ ਹਨ। ਇਸ ਮੌਕੇ ਡਾ: ਸ਼ਿਲੇਖ ਮਿੱਤਲ, ਐਮ ਐਸ, ਜੀ ਜੀ ਐਸ ਐਮ ਸੀ, ਫਰੀਦਕੋਟ ਨੇ ਕਿਹਾ ਕਿ ਡਾ: ਸ਼ਸ਼ੀਕਾਂਤ ਇੱਕ ਮਿਹਨਤੀ ਡਾਕਟਰ ਦਾ ਪ੍ਰਤੀਕ ਹਨ ਜੋ ਆਪਣੇ ਮਰੀਜ਼ਾਂ ਲਈ ਹਰ ਸੰਭਵ ਕੋਸ਼ਿਸ਼ ਕਰਦੇ ਹਨ। ਇਸ ਮੌਕੇ ਪ੍ਰਿੰਸੀਪਲ ਡਾ. ਰਾਜੀਵ ਸ਼ਰਮਾ ਨੇ ਕਿਹਾ ਕਿ ਐਚ ਓ ਡੀ ਦੇ ਤੌਰ 'ਤੇ ਉਨ੍ਹਾਂ ਨੇ ਵਿਕਾਸ ਅਤੇ ਸਿੱਖਣ ਦੇ ਮਾਹੌਲ ਨੂੰ ਉਤਸਾਹਿਤ ਕਰਦੇ ਹੋਏ ਸ਼ਾਨਦਾਰ ਪ੍ਰਸਾਸਨਿਕ ਹੁਨਰ ਦਾ ਪ੍ਰਦਰਸ਼ਨ ਕੀਤਾ ਹੈ। ਡਾ. ਨਿਰਮਲ ਓਸਪਾਚਨ, ਰਜਿਸਟਰਾਰ, ਬੀ ਐਫ ਯੂ ਐਚ ਐਸ ਨੇ ਕਿਹਾ ਕਿ ਨਵਜੰਮੇ ਬੱਚਿਆਂ ਦੀ ਦੇਖਭਾਲ ਨੂੰ ਬਿਹਤਰ ਬਣਾਉਣ ਦੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੇ ਮੈਡੀਕਲ ਲੈਂਡਸਕੇਪ ਨੂੰ ਨਵਾਂ ਰੂਪ ਦਿੱਤਾ ਹੈ।

ਪ੍ਰੋ. (ਡਾ.) ਰਾਜੀਵ ਸੂਦ ਵਾਈਸ ਚਾਂਸਲਰ ਬੀ ਐਫ ਯੂ ਐਚ ਐਸ ਨੇ ਕਿਹਾ ਕਿ ਡਾਕਟਰ ਸ਼ਸ਼ੀਕਾਂਤ ਦੇ ਪਰਉਪਕਾਰੀ ਯਤਨਾਂ ਨੇ ਬਹੁਤ ਸਾਰੇ ਲੋਕਾਂ ਦੇ ਜੀਵਨ ਨੂੰ ਛੂਹਿਆ ਹੈ। ਇਸ ਮੌਕੇ ਮੀਡੀਆ ਕੋਆਰਡੀਨੇਟਰ ਅਤੇ ਵਾਈਸ ਪ੍ਰੈਜੀਡੈਂਟ ਜੀ ਜੀ ਐਸ ਐਮ ਸੀ ਟੀਚਰਜ ਐਸੋਸ਼ੀਏਸ਼ਨ, ਡਾ. ਗਗਨ ਪ੍ਰੀਤ ਸਿੰਘ ਨੇ ਕਿਹਾ ਕਿ ਇੱਕ ਸਿੱਖਿਆ ਸ਼ਾਸ਼ਤਰੀ ਹੋਣ ਦੇ ਨਾਤੇ, ਉਨ੍ਹਾਂ ਦੇ ਮਾਰਗਦਰਸ਼ਨ ਨੇ ਮੈਡੀਕਲ ਖੇਤਰ ਵਿੱਚ ਬਹੁਤ ਸਾਰੇ ਨੌਜਵਾਨ ਦਿਮਾਗਾਂ ਦਾ ਪਾਲਣ ਪੋਸ਼ਣ ਕੀਤਾ ਹੈ।

## ਵਿਵੇਕਾਨੰਦ ਵਰਲਡ ਸਕੂਲ 'ਚ ਕਾਰਗਿਲ ਦਿਵਸ ਮਨਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** :ਵਿਵੇਕਾਨੰਦ ਵਰਲਡ ਸਕੂਲ ਵਿੱਚ ਕਾਰਗਿਲ ਦਿਵਸ ਮਨਾਇਆ ਗਿਆ। ਇਸ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਸਕੂਲ ਦੇ ਡਾਇਰੈਕਟਰ ਡਾ. ਐੱਸ ਐੱਨ ਰੁਦਰਾ ਨੇ ਦੱਸਿਆ ਕਿ ਅੱਜ ਕਾਰਗਿਲ ਦਿਵਸ ਭਾਰਤੀ ਫੌਜ ਦੇ ਉਨ੍ਹਾਂ ਸੂਰਬੀਰਾਂ ਨੂੰ ਸਮਰਪਿਤ ਮਨਾਇਆ ਗਿਆ, ਜਿਨ੍ਹਾਂ ਨੇ 1999 ਦੀ ਕਾਰਗਿਲ ਜੰਗ ਵਿਚ ਆਪਣੀਆਂ ਜਾਨਾਂ ਕੁਰਬਾਨ ਕਰਕੇ ਦੇਸ਼ ਦੀ ਰੱਖਿਆ ਲਈ ਲੜਿਆ। ਇਸ ਮੌਕੇ ਮੁੱਖ ਮਹਿਮਾਨ ਪ੍ਰਭਾ ਭਾਸਕਰ, ਮੁੱਖ ਸਰਪ੍ਰਸਤ, ਵਿਵੇਕਾਨੰਦ ਵਰਲਡ ਸਕੂਲ ਕੰਪਲੈਕਸ ਅਤੇ ਵਿਸ਼ੇਸ਼ ਮਹਿਮਾਨ ਡੌਲੀ ਭਾਸਕਰ, ਸਕੱਤਰ ਵਿਵੇਕਾਨੰਦ ਵਰਲਡ ਸਕੂਲ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਉਨ੍ਹਾਂ ਬਹਾਦਰ ਸੈਨਿਕਾਂ ਨੂੰ ਯਾਦ ਕਰਦਿਆਂ ਸ਼ਮ੍ਹਾ ਰੌਸ਼ਨ ਨਾਲ ਕੀਤੀ ਗਈ ਅਤੇ ਸਕੂਲ ਦੇ ਨੌਜਵਾਨ ਵਿਦਿਆਰਥੀਆਂ ਨੇ ਉਨ੍ਹਾਂ ਸਾਰੇ ਬਹਾਦਰ ਸ਼ਹੀਦਾਂ ਨੂੰ ਨਮਨ ਕੀਤਾ ਜਿਨ੍ਹਾਂ ਨੇ ਆਪਣੇ ਦੇਸ਼ ਲਈ ਕੁਰਬਾਨੀ ਦੇ ਕੇ ਆਪਣੀ ਬਹਾਦਰੀ ਅਤੇ ਦਲੇਰੀ ਦੀ ਮਿਸਾਲ ਪੇਸ਼ ਕੀਤੀ। ਉਪਰੰਤ ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਗੀਤ ਅਤੇ ਸ਼ਹੀਦਾਂ ਨੂੰ ਸਮਰਪਿਤ ਡਾਂਸ ਪੇਸ਼ ਕੀਤਾ। ਡਾ. ਰੁਦਰਾ ਨੇ ਦੱਸਿਆ ਕਿ ਇਸ ਪ੍ਰੋਗਰਾਮ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਕਾਰਗਿਲ ਜੰਗ ਦੀ ਇਤਿਹਾਸਕ ਬਹਾਦਰੀ ਬਾਰੇ ਦੱਸਣਾ ਸੀ, ਜਿਸ ਵਿਚ ਬਹਾਦਰ ਸੈਨਿਕਾਂ ਨੇ ਆਪਣੀ ਹਿੰਮਤ ਅਤੇ ਤਾਕਤ ਨਾਲ ਦੁਸ਼ਮਣ ਨੂੰ ਹਰਾ ਕੇ ਸਾਡੇ ਦੇਸ਼ ਦੀ ਜਿੱਤ ਦਾ ਮਾਣ ਬਰਕਰਾਰ ਰੱਖਿਆ। ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਡਾਂਸ ਨੇ ਸਾਰੇ ਸਰੋਤਿਆਂ ਨੂੰ ਦੇਸ਼ ਭਗਤੀ ਦੇ ਨਾਅਰੇ ਲਗਾ ਦਿੱਤੇ ਅਤੇ ਬਹਾਦਰ ਸੈਨਿਕਾਂ ਨੂੰ ਸਮਰਪਿਤ ਗੀਤ ਗਾਇਆ ਗਿਆ ਤਾਂ ਸਾਰਿਆਂ ਦੀਆਂ ਅੱਖਾਂ ਨਮ ਹੋ ਗਈਆਂ। ਪ੍ਰੋਗਰਾਮ ਦੌਰਾਨ ਪ੍ਰਭਾ ਭਾਸਕਰ ਨੇ ਸੈਨਿਕਾਂ ਅਤੇ ਸ਼ਹੀਦਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਦੇਸ਼ ਦੀ ਸੁਰੱਖਿਆ ਲਈ ਨਿਰਸਵਾਰਥ ਸੇਵਾ ਕਰਨ ਵਾਲੇ ਹਜ਼ਾਰਾਂ ਸੈਨਿਕਾਂ ਦੇ ਪਿੱਛੇ ਇੱਕ ਪੂਰੀ ਸੰਸਥਾ ਹੈ ਜੋ ਦਿਨ ਰਾਤ ਮੁਸ਼ਕਲਾਂ ਦਾ ਸਾਹਮਣਾ ਕਰਦੀ ਹੈ ਅਤੇ ਸਾਡੀ ਰੱਖਿਆ ਦੀ ਜ਼ਿੰਮੇਵਾਰੀ ਲੈਂਦੀ ਹੈ।


## ਦੀ ਅੰਮ੍ਰਿਤਸਰ ਕੋਆਪ੍ਰੇਟਿਵ ਮਾਰਕੀਟਿੰਗ ਸੁਸਾਇਟੀ ਲਿਮ: ਅੰਮ੍ਰਿਤਸਰ ਦੀ ਪ੍ਰਬੰਧਕ ਕਮੇਟੀ ਦੀ ਚੋਣ ਕਰਵਾਉਣ ਹਿਤ ਸਭਾ ਵਲੋਂ ਤਿਆਰ ਕੀਤੇ ਗਏ ਤਜਵੀਜੀ ਜ਼ੋਨਾਂ ਸਬੰਧੀ ।

### ਚੋਣ ਨੋਟਿਸ

ਦੀ ਅੰਮ੍ਰਿਤਸਰ ਕੋਆਪ੍ਰੇਟਿਵ ਮਾਰਕੀਟਿੰਗ ਸੁਸਾਇਟੀ ਲਿਮ: ਅੰਮ੍ਰਿਤਸਰ ਦੀ ਪ੍ਰਬੰਧਕ ਕਮੇਟੀ ਦੀ ਚੋਣ ਕਰਵਾਉਣ ਹਿਤ ਸਭਾ ਵਲੋਂ ਤਿਆਰ ਕੀਤੇ 6 ਤਜਵੀਜੀ ਜ਼ੋਨ (ਤਿੰਨ ਜ਼ੋਨ ਸ਼ਖਸ਼ੀ ਅਤੇ ਤਿੰਨ ਜ਼ੋਨ ਸਭਾਵਾਂ) ਪ੍ਰਵਾਨਗੀ ਹਿੱਤ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਅੰਮ੍ਰਿਤਸਰ-2 ਰਾਹੀਂ ਇਸ ਦਫ਼ਤਰ ਵਿੱਚ ਪ੍ਰਾਪਤ ਹੋਏ ਹਨ । ਜੇਕਰ ਇਸ ਸਭਾ ਦੇ ਕਿਸੇ ਹਿੱਸੇਦਾਰ/ਮੈਂਬਰਾਂ ਨੂੰ ਇਨ੍ਹਾਂ ਜ਼ੋਨਾਂ ਦੀ ਬਣਤਰ ਤੇ ਕੋਈ ਇਤਰਾਜ ਹੋਏ ਤਾਂ ਉਹ ਨਿਮਨ-ਹਸਤਾਖਰ ਦੇ ਦਫ਼ਤਰ ਵਿਖੇ ਮਿਤੀ 16-08-2023 ਨੂੰ ਸ਼ਾਮ 5.00 ਵਜੇ ਤੱਕ ਲਿਖਤੀ ਰੂਪ ਵਿੱਚ ਸਬੂਤ ਸਮੇਤ ਇਤਰਾਜ ਦਾਖਲ ਕਰ ਸਕਦਾ ਹੈ । ਪ੍ਰਾਪਤ ਹੋਏ ਇਤਰਾਜਾਂ ਦੀ ਸੁਣਵਾਈ ਮਿਤੀ 17-08-2023 ਨੂੰ ਸਵੇਰੇ 11.00 ਵਜੇ ਨਿਮਨ ਹਸਤਾਖਰ ਵਲੋਂ ਆਪਣੇ ਦਫ਼ਤਰ (270, ਈਸਟ ਮੋਹਨ ਨਗਰ, 100 ਫੁੱਟੀ ਰੋਡ, ਅੰਮ੍ਰਿਤਸਰ) ਵਿਖੇ ਕੀਤੀ ਜਾਵੇਗੀ ਇਤਰਾਜਕਰਤਾ ਖੁਦ ਜਾਂ ਆਪਣੇ ਵਕੀਲ ਰਾਹੀਂ ਸੁਣਵਾਈ ਸਮੇਂ ਹਾਜਰ ਆਉਣ । ਇਨ੍ਹਾਂ ਜ਼ੋਨਲ ਲਿਸਟਾਂ ਦੀ ਇੱਕ-2 ਪੜਤ ਦੀ ਅੰਮ੍ਰਿਤਸਰ ਕੋਆਪ੍ਰੇਟਿਵ ਮਾਰਕੀਟਿੰਗ ਸੁਸਾਇਟੀ ਲਿਮ: ਅੰਮ੍ਰਿਤਸਰ, ਸਹਾਇਕ ਰਜਿਸਰਾਰ ਸਹਿਕਾਰੀ ਸਭਾਵਾਂ ਅੰਮ੍ਰਿਤਸਰ-2 ਅਤੇ ਨਿਮਨ-ਹਸਤਾਖਰ ਦੇ ਦਫ਼ਤਰ ਵਿਖੇ ਰੱਖੀ ਹੈ, ਜ਼ੋ ਕਿ ਕਿਸੇ ਵੀ ਕੰਮ ਵਾਲੇ ਦਿਨ ਦਫ਼ਤਰੀ ਸਮੇਂ ਵਿੱਚ ਆ ਕੇ ਵੇਖੀ ਜਾ ਸਕਦੀ ਹੈ ।

ਸੁਨੀਲ ਕਹੇਰ ਪੀ.ਸੀ.ਐਸ.-1
ਡਿਪਟੀ ਰਜਿਸਟਰਾਰ, ਸਹਿਕਾਰੀ ਸਭਾਵਾਂ ਅੰਮ੍ਰਿਤਸਰ


# ਪੀਲੀਆ ਦੀ ਜਾਗਰੂਕਤਾ ਲਈ ਹਫ਼ਤਾ ਭਰ ਕੀਤੀਆਂ ਜਾਣਗੀਆਂ ਗਤੀਵਿਧੀਆਂ : ਮੱਤੀ



**ਬੁਢਲਾਡਾ (ਅਸ਼ੋਕ ਲਾਕੜਾ)**-ਲੋਕਾਂ ਨੂੰ ਸਿਹਤਮੰਦ ਜੀਵਨ ਜਿਊਣ ਦਾ ਪੱਧਰ ਉੱਚਾ ਚੁੱਕਣ ਲਈ ਸਿਹਤ ਵਿਭਾਗ, ਮਾਨਸਾ ਵੱਲੋਂ ਮਾਣਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਹੁਕਮਾਂ ਅਨੁਸਾਰ, ਮਾਣਯੋਗ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀਆਂ ਹਦਾਇਤਾਂ ਅਨੁਸਾਰ ਸਿਵਲ ਸਰਜਨ, ਮਾਨਸਾ ਡਾ. ਅਸ਼ਵਨੀ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ. ਗੁਰਚੇਤਨ ਪ੍ਰਕਾਸ਼ ਐਸ. ਐਮ.ਓ ਬੁਢਲਾਡਾ ਦੀ ਅਗਵਾਈ ਵਿੱਚ ਅਤੇ ਜ਼ਿਲ੍ਹਾ ਮਾਸ ਮੀਡੀਆ ਅਤੇ ਸੂਚਨਾ ਅਫ਼ਸਰ ਮਾਨਸਾ ਵਿਜੇ ਜੈਨ ਅਤੇ ਪਵਨ ਫੱਤਾ ਦੀ ਦੇਖ ਰੇਖ ਵਿੱਚ ਅਨੁਸਾਰ ਸਮੇਂ-ਸਮੇਂ 'ਤੇ ਐਕਸਟੈਂਸ਼ਨ ਲੈਕਚਰ ਕਰਵਾਏ ਜਾਂਦੇ ਹਨ ਅਤੇ ਲੋੜ ਅਨੁਸਾਰ ਘਰੋ-ਘਰੀ, ਸਕੂਲਾਂ ਅਤੇ ਸੱਥਾਂ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਦਾ ਹੈ। ਪੰਜਾਬ ਵਿਚੋਂ ਬਿਮਾਰੀਆਂ ਦੇ ਖਾਤਮੇ ਲਈ ਸੁਹਿਰਦ ਹੋਏ ਸਿਹਤ ਵਿਭਾਗ ਵੱਲੋਂ ਜਿੱਥੇ ਸਰਕਾਰੀ ਹਸਪਤਾਲਾਂ ਵਿਚ ਮਾਹਿਰ ਡਾਕਟਰਾਂ ਰਾਹੀਂ ਲੋਕਾਂ ਦੀਆਂ ਬਿਮਾਰੀਆਂ ਨੂੰ ਜੜ੍ਹੋਂ ਪੁੱਟਣ ਦਾ ਕਾਰਜ ਕੀਤਾ ਜਾ ਰਿਹਾ ਹੈ, ਉਥੇ ਹੁਣ ਜਾਗਰੂਕਤਾ ਸੈਮੀਨਾਰ ਵੀ ਲਗਾਏ ਜਾ ਰਹੇ ਹਨ ਤਾਂ ਜੋ ਆਮ ਲੋਕ ਤੰਦਰੁਸਤ ਜ਼ਿੰਦਗੀ ਜਿਊਣ। ਇਸੇ ਲੜੀ ਵਿੱਚ ਸਰਕਾਰੀ ਹਸਪਤਾਲ ਬੁਢਲਾਡਾ ਵਿੱਚ ਕਰਵਾਏ ਗਏ ਇਸ ਸੈਮੀਨਾਰ ਦੌਰਾਨ ਹਰਬੰਸ ਮੱਤੀ ਬੀ.ਈ.ਈ ਅਤੇ ਸਿਹਤ ਵਿਭਾਗ ਦੇ ਕਰਮਚਾਰੀਆਂ ਦੀ ਟੀਮ ਵੱਲੋਂ ਹੈਪੇਟਾਈਟਸ ਜਾਗਰੂਕਤਾ ਸੈਮੀਨਾਰ ਕਰਕੇ ਜਾਗਰੂਕ ਹੋਣ ਲਈ ਪ੍ਰੇਰਿਤ ਕੀਤਾ। ਹਰਬੰਸ ਮੱਤੀ ਨੇ ਹਸਪਤਾਲ ਵਿੱਚ ਆਏ ਹੋਏ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਤੰਦਰੁਸਤ ਸਿਹਤ ਪਾਉਣ ਲਈ ਆਪਣੀ ਸਿਹਤ ਸੰਬੰਧੀ ਸਿੱਖਿਅਕ ਤੇ ਜਾਗਰੂਕ ਹੋਣਾ ਬਹੁਤ ਜਰੂਰੀ ਹੈ। ਉਨ੍ਹਾ ਕਿਹਾ ਕਿ ਪੀਲੀਆ ਇੱਕ ਜਿਗਰ ਦੀ ਬਿਮਾਰੀ ਹੈ ਅਤੇ ਬਿਮਾਰੀ ਦੀ ਜਾਗਰੂਕਤਾ ਲਈ ਜ਼ਿਲ੍ਹੇ ਭਰ ਦੀਆਂ ਸਿਹਤ ਸੰਸਥਾਂਵਾ ਵੱਲੋਂ ਹਫਤਾ ਭਰ ਜਾਗਰੂਕਤਾ ਮੁਹਿੰਮ ਚਲਾਈਆਂ ਜਾਣਗੀਆਂ। ਡਾਇਰੈਕਟਰ ਸਿਹਤ ਤੇ ਪਰਵਾਰ ਭਲਾਈ ਪੰਜਾਬ ਵੱਲੋਂ 28 ਜੁਲਾਈ ਨੂੰ ਵਿਸ਼ਵ ਹੈਪਾਟਾਈਟਸ ਦਿਵਸ ਮਨਾਉਣ ਅਤੇ ਇਸ ਸੰਬੰਧੀ ਹਫਤਾ ਭਰ ਗਤੀਵਿਧੀਆਂ ਕਰਨ ਦੇ ਪ੍ਰਾਪਤ ਹੋਏ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਧੀਨ ਆਉਂਦੀਆਂ ਸਿਹਤ ਸੰਸਥਾਵਾਂ ਨੂੰ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਕਿਹਾ ਗਿਆ ਹੈ। ਮੱਤੀ ਨੇ ਕਿਹਾ ਹੈਪੇਟਾਈਟਸ ਇਕ ਜਿਗਰ ਦੀ ਬਿਮਾਰੀ ਹੈ ਜਿਹੜੀ ਕਿ ਹੈਪੇਟਾਈਟਸ ਵਾਇਰਸ ਕਾਰਨ ਫੈਲਦੀ ਹੈ, ਜੋ ਕਿ ਬਹੁਤ ਖਤਰਨਾਕ ਅਤੇ ਜਾਨਲੇਵਾ ਹੋ ਸਕਦਾ ਹੈ। ਬਿਮਾਰੀ ਬਾਰੇ ਜਾਗਰੂਕ ਹੋ ਕੇ ਅਤੇ ਪੂਰਾ ਇਲਾਜ ਕਰਵਾ ਕੇ ਇਸ ਬਿਮਾਰੀ ਦੀ ਗੰਭੀਰਤਾ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾ ਕਿਹਾ ਕਿ ਹੈਪਾਟਾਈਟਸ ਬੀ ਪੋਜ਼ਟਿਵ ਮਾਂ ਤੋਂ ਨਵ ਜਨਮੇ ਬੱਚੇ ਨੂੰ ਜੇਕਰ 12 ਘੰਟੇ ਦੇ ਅੰਦਰ ਹੈਪਾਟਾਈਟਸ ਬੀ ਦੀ ਐਂਟੀ ਬਾਡੀਜ਼ ਦਾ ਟੀਕਾ ਲਗਾ ਦਿੱਤਾ ਜਾਵੇ ਤਾਂ ਮਾਂ ਤੋਂ ਬੱਚੇ ਨੂੰ ਹੋਣ ਵਾਲੇ ਹੈਪਾਟਾਈਟਸ ਬੀ ਤੋਂ ਬਚਾਇਆ ਜਾ ਸਕਦਾ ਹੈ। ਹੈਪੇਟਾਈਟਸ (ਪੀਲੀਆ) ਏ ਅਤੇ ਈ ਦੂਸ਼ਿਤ ਪਾਣੀ ਪੀਣ ਨਾਲ, ਗਲੇ-ਸੜੇ ਫਲ ਆਦਿ ਖਾਣ, ਬਿਨਾਂ ਹੱਥ ਧੋਏ ਖਾਣਾ, ਮੱਖੀਆਂ ਦੁਆਰਾ ਦੂਸ਼ਿਤ ਕੀਤਾ ਭੋਜਣ ਖਾਣ ਆਦਿ ਨਾਲ ਹੁੰਦਾ ਹੈ। ਹਲਕਾ ਬੁਖਾਰ, ਮਾਸਪੇਸ਼ੀਆਂ ਵਿਚ ਦਰਦ, ਭੁੱਖ ਨਾ ਲੱਗਣਾ, ਉਲਟੀ ਆਉਣਾ, ਪਿਸ਼ਾਬ ਦਾ ਰੰਗ ਗੂੜ੍ਹਾ ਪੀਲਾ ਹੋਣਾ, ਕਮਜ਼ੋਰੀ ਮਹਿਸੂਸ ਹੋਣਾ ਅਤੇ ਜਿਗਰ ਦਾ ਖਰਾਬ ਹੋਣਾ ਇਸ ਬਿਮਾਰੀ ਦੇ ਲੱਛਣ ਹਨ। ਬਿਮਾਰੀ ਤੋਂ ਬਚਾਅ ਲਈ ਪੀਣ ਵਾਲਾ ਪਾਣੀ ਸਾਫ ਸੁੱਥਰੇ ਸੋਮਿਆਂ ਤੋਂ ਲਿਆ ਜਾਵੇ, ਗਲੇ-ਸੜੇ ਤੇ ਜਿਆਦਾ ਪੱਕੇ ਹੋਏ ਫਲ ਖਾਣ ਤੋਂ ਪਰਹੇਜ਼, ਖਾਣਾ ਖਾਣ ਤੋਂ ਪਹਿਲਾਂ ਹੱਥ ਧੋਣੇ ਲਾਜ਼ਮੀ ਅਤੇ ਪਖਾਨਿਆਂ ਲਈ ਖੁੱਲ੍ਹੇ ਮੈਦਾਨ ਵਿਚ ਪਖਾਨਾ ਜਾਣ ਦੀ ਥਾਂ ਪਖਾਨਿਆਂ ਦੀ ਵਰਤੋਂ ਕਰਨੀ ਅਤੇ ਸਾਬਣ ਨਾਲ ਹੱਥ ਧੋਣੇ ਯਕੀਨੀ ਬਣਾਏ ਜਾਣ। ਹੈਪੇਟਾਈਟਸ ਬੀ ਅਤੇ ਸੀ ਦੂਸ਼ਿਤ ਖੂਨ ਚੜ੍ਹਾਉਣ ਨਾਲ, ਦੂਸਿਤ ਸਰਿੰਜਾਂ ਦੇ ਇਸਤੇਮਾਲ ਕਰਨ ਲਈ, ਬਿਮਾਰੀ ਗ੍ਰਸਤ ਮਰੀਜ਼ ਦੇ ਖੂਨ ਦੇ ਸੰਪਰਕ ਵਿਚ ਆਉਣ ਨਾਲ, ਅਣ-ਸੁਰੱਖਿਅਤ ਸੰਭੋਗ, ਸਰੀਰ ਉਤੇ ਟੈਟੂ ਬਣਵਾਉਣ ਅਤੇ ਨਵਜੰਮੇ ਬੱਚੇ ਨੂੰ ਗ੍ਰਸਤ ਮਾਂ ਤੋਂ ਹੋ ਸਕਦਾ ਹੈ। ਬਿਮਾਰੀ ਤੋਂ ਬਚਾਅ ਲਈ ਡਿਸਪੋਜ਼ੇਬਲ ਸਰਿੰਜਾਂ ਸੂਈਆਂ ਦੀ ਵਰਤੋਂ, ਸੁਰੱਖਿਅਤ ਸੰਭੋਗ, ਕੰਡੋਮ ਦਾ ਇਸਤੇਮਾਲ, ਸਮੇਂ-ਸਮੇਂ 'ਤੇ ਡਾਕਟਰੀ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ। ਸਰਕਾਰੀ ਹਸਪਤਾਲ ਬੁਢਲਾਡਾ ਵਿੱਚ ਹੈਪੇਟਾਈਟਸ ਬੀ ਅਤੇ ਹੈਪੇਟਾਈਟਸ ਸੀ ਦੇ ਮਰੀਜ਼ਾਂ ਦਾ ਇਲਾਜ ਬਿਲਕੁਲ ਮੁਫਤ ਕੀਤਾ ਜਾਂਦਾ ਹੈ ।


## ਦਫਤਰ ਨਗਰ ਸੁਧਾਰ ਟਰੱਸਟ ਬਰਨਾਲਾ

### ਪਬਲਿਕ ਨੋਟਿਸ

ਹਰ ਆਮ ਵਾ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਲਾਟ ਨੰ: 159, ਵਾਕਿਆ ਮਹਾਰਾਜਾ ਅਗਰਸੈਨ ਇਨਕਲੇਵ ਸਕੀਮ ਦੇ ਟਰੱਸਟ ਰਿਕਾਰਡ ਵਿੱਚ ਸ੍ਰੀ ਵਿਜੈ ਕੁਮਾਰ ਗੋਇਲ ਪੁੱਤਰ ਸ੍ਰੀ ਕੁਲਵੰਤ ਰਾਏ ਵਾਸੀ ਮਕਾਨ ਨੰ: ਬੀ-XI/2760 ਮਿੱਤਲ ਸਟਰੀਟ ਗਰੇਨ ਮਾਰਕਿਟ ਰੋਡ ਬਰਨਾਲਾ ਮਾਲਕ ਸਨ। ਇਹਨਾਂ ਦੀ ਮੌਤ ਮਿਤੀ 4.5.2023 ਨੂੰ ਹੋ ਗਈ ਹੈ। ਸ੍ਰੀ ਵਿਜੈ ਕੁਮਾਰ ਗੋਇਲ ਦੇ ਵਾਰਸਾਂ ਸ੍ਰੀਮਤੀ ਨੀਸ਼ਾ ਗੋਇਲ (ਪਤਨੀ), ਸ੍ਰੀ ਸੁਨੀਤ ਗੋਇਲ (ਪੁੱਤਰ), ਜੋਤੀ ਗੁਪਤਾ (ਪੁੱਤਰੀ) ਗੀਤਕਾ ਗੋਇਲ (ਪੁੱਤਰੀ) ਵਿੱਚੋਂ ਸ੍ਰੀ ਸੁਨੀਤ ਗੋਇਲ ਨੇ ਦਰਖਾਸਤ ਨਾਲ ਮੌਤ ਦਾ ਅਸਲ ਸਰਟੀਫਿਕੇਟ, ਕੁਰਸੀਨਾਮਾ ਅਤੇ ਤਹਿਸੀਲਦਾਰ ਬਰਨਾਲਾ ਵੱਲੋਂ ਜਾਰੀ ਪੱਤਰ ਨੰ: 903 ਮਿਤੀ 30.6.2023 ਕੁਦਰਤੀ ਵਾਰਸਾਂ ਦਾ ਸਰਟੀਫਿਕੇਟ ਅਤੇ ਦਸਤਾਵੇਜ਼ ਲਗਾ ਕੇ ਟਰੱਸਟ ਰਿਕਾਰਡ ਵਿੱਚ ਮਾਲਕੀ ਵਾਰਸਾਂ ਦੇ ਨਾਂਅ ਦਰਜ ਕਰਨ ਦੀ ਬੇਨਤੀ ਕੀਤੀ ਹੈ। ਤਹਿਸੀਲਦਾਰ ਵੱਲੋਂ ਜਾਰੀ ਕੁਦਰਤੀ ਵਾਰਸਾਂ ਦੇ ਸਰਟੀਫਿਕੇਟ ਅਨੁਸਾਰ ਨਿਮਨ ਅਨੁਸਾਰ ਸ੍ਰੀ ਵਿਜੈ ਕੁਮਾਰ ਗੋਇਲ ਦੇ ਕੁਦਰਤੀ ਵਾਰਸ ਘੋਸ਼ਿਤ ਕੀਤੇ ਹਨ :

| ਲੜੀ ਨੰ: | ਵਾਰਸ ਦਾ ਨਾਂਅ | ਮ੍ਰਿਤਕ ਨਾਲ ਰਿਸ਼ਤਾ |
|---|---|---|
| 1. | ਨੀਸ਼ਾ ਗੋਇਲ | ਪਤਨੀ |
| 2. | ਸੁਨੀਤ ਗੋਇਲ | ਲੜਕਾ |
| 3. | ਜੋਤੀ ਗੁਪਤਾ | ਲੜਕੀ |
| 4. | ਗੀਤਿਕਾ ਗੋਇਲ | ਲੜਕੀ |

ਹੁਣ ਦਫਤਰ ਵੱਲੋਂ ਪੇਸ਼ ਕੀਤੇ ਦਸਤਾਵੇਜ਼ਾਂ ਦੇ ਆਧਾਰ 'ਤੇ ਸ੍ਰੀ ਵਿਜੈ ਕੁਮਾਰ ਗੋਇਲ ਦੀ ਉਕਤ ਮਾਲਕੀ ਵਾਲੀ ਪ੍ਰਾਪਰਟੀ ਟਰੱਸਟ ਰਿਕਾਰਡ ਵਿੱਚ ਉਹਨਾਂ ਦੇ ਵਾਰਸਾਂ ਸ੍ਰੀਮਤੀ ਨੀਸ਼ਾ ਗੋਇਲ (ਪਤਨੀ), ਸ੍ਰੀ ਸੁਨੀਤ ਗੋਇਲ (ਪੁੱਤਰ), ਜੋਤੀ ਗੁਪਤਾ (ਪੁੱਤਰੀ), ਗੀਤਕਾ ਗੋਇਲ (ਪੁੱਤਰੀ) ਵਾਸੀ ਮਕਾਨ ਨੰ: ਬੀ-XI/2760 ਮਿੱਤਲ ਸਟਰੀਟ ਗਰੇਨ, ਮਾਰਕਿਟ ਰੋਡ ਬਰਨਾਲਾ ਦੇ ਨਾਂਅ ਦਰਜ ਕੀਤੀ ਜਾਣੀ ਹੈ। ਅਗਰ ਉਕਤ ਅਨੁਸਾਰ ਇੰਦਰਾਜ਼ ਮਾਲਕੀ ਉਕਤ ਵਾਰਸਾਂ ਦੇ ਨਾਂਅ ਟਰੱਸਟ ਰਿਕਾਰਡ ਵਿੱਚ ਦਰਜ ਹੋਣ ਸੰਬੰਧੀ ਅਗਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਸਬੂਤਾਂ ਸਹਿਤ ਲਿਖਤੀ ਇਤਰਾਜ਼ ਇਸ਼ਤਿਹਾਰ ਪ੍ਰਕਾਸ਼ਤ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰ ਪਾਸ ਪੇਸ਼ ਕੀਤਾ ਜਾਵੇ। ਬਾਅਦ ਗੁਜ਼ਰਨੇ ਮਿਆਦ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਇੰਦਰਾਜ਼ ਮਾਲਕੀ ਦਰਜ ਕਰਨ ਸੰਬੰਧੀ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਕਾਰਜ ਸਾਧਕ ਅਫਸਰ, ਨਗਰ ਸੁਧਾਰ ਟਰੱਸਟ, ਬਰਨਾਲਾ



## ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮ: ਵਜੋਂ ਜਾਣੇ ਜਾਂਦੇ) ਕੰਪਨੀਜ਼ ਐਕਟ ਅਧੀਨ ਇੱਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ 37, ਮਿਡਾਸ ਕਾਰਪੋਰੇਟ ਪਾਰਕ, ਜੀ ਟੀ ਰੋਡ ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ ਦਫਤਰ, ਰਈਆ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ।

ਬਿਨੈਕਾਰ

ਬਨਾਮ

1. ਸਤਿੰਦਰਪਾਲ ਸਿੰਘ ਪੁੱਤਰ ਸ੍ਰੀ ਸਵਰਨ ਸਿੰਘ ਵਾਸੀ ਪਿੰਡ ਤੇ ਡਾਕ: ਗੱਗੜਭਾਣਾ, ਤਹਿ: ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ
2. ਅਮਰਜੀਤ ਕੌਰ ਪਤਨੀ ਸ੍ਰੀ ਸਵਰਨ ਸਿੰਘ ਵਾਸੀ ਪਿੰਡ ਤੇ ਡਾਕ: ਗੱਗੜਭਾਣਾ, ਤਹਿ: ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ
3. ਜਤਿੰਦਰਪਾਲ ਸਿੰਘ ਪੁੱਤਰ ਸ੍ਰੀ ਸਵਰਨ ਸਿੰਘ ਵਾਸੀ ਪਿੰਡ ਤੇ ਡਾਕ: ਗੱਗੜਭਾਣਾ, ਤਹਿ: ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ
4. ਅਵਤਾਰ ਸਿੰਘ ਪੁੱਤਰ ਸ੍ਰੀ ਸਤਿੰਦਰ ਪਾਲ ਸਿੰਘ ਵਾਸੀ ਪਿੰਡ ਤੇ ਡਾਕ: ਗੱਗੜਭਾਣਾ, ਤਹਿ: ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ ਪਹਿਲੀ ਵਾਰ ਵਾਪਸ ਪ੍ਰਾਪਤ ਇਨਕਾਰੀ ਟਿੱਪਣੀ ਨਾਲ ਹੋਏ। ਦੂਸਰੀ ਵਾਰ ਨੋਟਿਸ ਫਿਰ ਜਵਾਬਦੇਹਾਂ ਨੂੰ ਭੇਜੇ ਗਏ ਵਾਪਸ ਪ੍ਰਾਪਤ ਨਹੀਂ ਕੀਤੇ ਗਏ। ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹਾਂ ਨੇ ਬਾਕਾਇਦਾ ਨੋਟਿਸ ਪ੍ਰਾਪਤ ਕਰ ਲਏ ਸਨ ਪਰ ਜਾਣਬੁੱਝ ਕੇ ਮੇਰੇ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 2/9/2023 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 24.7.2023 — ਸੁਖਜੀਤ ਸਿੰਘ ਜੌਲੀ
ਜਲੰਧਰ — ਸਾਲਸ


# ਦਿਵਿਆਂਗਜਨ ਵੋਟਰਾਂ ਲਈ 'ਸ਼ਕਸ਼ਮ ਈ ਸੀ ਆਈ' ਐਪ ਲਾਹੇਵੰਦ : ਜ਼ਿਲ੍ਹਾ ਚੋਣ ਅਫ਼ਸਰ

**ਮੋਗਾ (ਅਮਰਜੀਤ ਬੱਬਰੀ)**- ਭਾਰਤ ਚੋਣ ਕਮਿਸ਼ਨ ਵੱਲੋਂ ਦਿਵਿਆਂਗ ਵੋਟਰਾਂ ਨੂੰ ਆਪਣੀ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ 'ਚ ਆਉਂਦੀਆਂ ਮੁਸ਼ਕਲਾਂ ਨੂੰ ਘਟਾਉਣ ਲਈ ਪੀ ਡਬਲਯੂ ਡੀ ਐਪ ਬਣਾਇਆ ਗਿਆ ਸੀ ਜਿਸ ਜ਼ਰੀਏ ਦਿਵਿਆਂਗਜਨ ਘਰ ਬੈਠੇ ਹੀ ਵੋਟਾਂ ਨਾਲ ਸੰਬੰਧਤ ਸੇਵਾਵਾਂ ਪ੍ਰਾਪਤ ਕਰ ਸਕਦੇ ਸਨ। ਚੋਣ ਕਮਿਸ਼ਨ ਵੱਲੋਂ ਹੁਣ ਇਸ ਐਪ ਵਿੱਚ ਹੋਰ ਸੇਵਾਵਾਂ ਸ਼ਾਮਲ ਕਰਕੇ ਇਸ ਦੇ ਨਾਂਅ ਨੂੰ "ਸ਼ਕਸ਼ਮ ਈ.ਸੀ.ਆਈ." ਐਪ 'ਚ ਤਬਦੀਲ ਕਰ ਦਿੱਤਾ ਗਿਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਮੋਗਾ ਕੁਲਵੰਤ ਸਿੰਘ ਨੇ ਕਰਦਿਆਂ ਦੱਸਿਆ ਕਿ ਜ਼ਿਲ੍ਹੇ ਦੇ ਵੱਧ ਤੋਂ ਵੱਧ ਦਿਵਿਆਂਗਜਨ ਵਿਅਕਤੀ "ਸ਼ਕਸ਼ਮ ਈ.ਸੀ.ਆਈ." ਐਪ ਨੂੰ ਆਪਣੇ ਮੋਬਾਇਲ ਫੋਨ ਉੱਪਰ ਡਾਊਨਲੋਡ ਕਰਕੇ ਲੋੜੀਂਦੀਆਂ ਸਹੂਲਤਾਂ ਲੈਣ ਨੂੰ ਯਕੀਨੀ ਬਣਾਉਣ। "ਸ਼ਕਸ਼ਮ ਈ.ਸੀ.ਆਈ." ਐਪ ਨੂੰ ਪੀ.ਡਬਲਯੂ.ਡੀ. ਐਪ ਨਾਲੋਂ ਹੋਰ ਵਧੇਰੇ ਉਪਭੋਗਤਾ ਦੇ ਅਨੁਕੂਲ ਬਣਾਉਣ ਤੋਂ ਇਲਾਵਾ ਇਸ ਦੇ ਡਿਜ਼ਾਇਨ, ਲੇਅ ਆਊਟ ਆਦਿ ਦੀਆਂ ਵਿਸ਼ੇਸ਼ਤਾਵਾਂ ਵਿੱਚ ਕਾਫ਼ੀ ਸੁਧਾਰ ਕੀਤਾ ਗਿਆ ਹੈ। ਦਿਵਿਆਂਗਜਨ ਵੋਟਰ ਆਪਣੀ ਵੋਟਰ ਰਜਿਸਟ੍ਰੇਸ਼ਨ ਤੋਂ ਸ਼ੁਰੂ ਹੋ ਕੇ ਚੋਣਾਂ ਵਾਲੇ ਦਿਨ ਪਿਕ ਐਂਡ ਡ੍ਰੋਪ ਦੀ ਸਹੂਲਤ ਇਸ ਐਪ ਨੂੰ ਵਰਤੋਂ ਵਿੱਚ ਲਿਆ ਕੇ ਲੈ ਕੇ ਸਕਦੇ ਹਨ ਕਿਉਂਕਿ ਇਹ ਐਪ ਦਿਵਿਆਂਗਜਨਾਂ ਦੀਆਂ ਸਾਰੀਆਂ ਜ਼ਰੂਰਤਾਂ ਨੂੰ ਮੁੱਖ ਰੱਖ ਕੇ ਤਿਆਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਐਪ ਵਿੱਚ ਨਵੇਂ ਵੋਟਰ ਰਜਿਸਟ੍ਰੇਸ਼ਨ, ਦਿਵਿਆਂਗਜਨ ਵਜੋਂ ਮਾਰਕ ਹੋਣ, ਵੋਟ ਟ੍ਰਾਂਸਫਰ, ਵੋਟਰ ਵਿੱਚ ਸੁਧਾਰ, ਵੋਟ ਹਟਾਉਣ, ਆਧਾਰ ਕਾਰਡ ਨੂੰ ਪ੍ਰਮਾਣ ਕਰਨ, ਵੋਟਾਂ ਵਾਲੇ ਦਿਨ ਵੀਲ੍ਹ ਚੇਅਰ ਦੀ ਸੁਵਿਧਾ ਲੈਣ, ਪਿੱਕ ਐਂਡ ਡਰਾਪ, ਵੋਟਰ ਸੂਚੀ ਵਿੱਚ ਨਾਂਅ ਖੋਜਣ ਲਈ, ਪੋਲਿੰਗ ਸਟੇਸ਼ਨ ਨੂੰ ਜਾਣਨ, ਕੋਈ ਸ਼ਿਕਾਇਤ ਦਰਜ ਕਰਵਾਉਣ ਆਦਿ ਸਹੂਲਤਾਂ ਲੈਣ ਲਈ ਆਪਸ਼ਨਜ਼ ਮੁਹੱਈਆ ਕਰਵਾਈਆਂ ਗਈਆਂ ਹਨ। ਇਸ ਤੋਂ ਇਲਾਵਾ ਇਸ ਐਪ ਵਿੱਚ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਦੇ ਜੁਆਬਾਂ ਤੋਂ ਇਲਾਵਾ ਕੁਝ ਹੋਰ ਮਹੱਤਵਪੂਰਨ ਆਡੀਓ ਅਤੇ ਵੀਡੀਓ ਨੂੰ ਵੀ ਉਪਭੋਗਤਾ ਦੀ ਸਹੂਲਤ ਲਈ ਅਪਲੋਡ ਕੀਤਾ ਗਿਆ ਹੈ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵੋਟਾਂ 'ਚ ਦਿਵਿਆਂਗਜਨਾਂ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ ਮੁਹੱਈਆ ਕਰਵਾਉਂਦਾ ਹੈ ਤਾਂ ਕਿ ਉਹ ਵੀ ਬਿਨਾਂ ਕਿਸੇ ਮੁਸ਼ਕਲ ਤੋਂ ਦੇਸ਼ ਦੇ ਮਜ਼ਬੂਤ ਲੋਕਤੰਤਰ ਵਿੱਚ ਆਪਣੀ ਹਿੱਸੇਦਾਰੀ ਦੇ ਸਕਣ। ਉਨ੍ਹਾ ਦਿਵਿਆਂਗਜਨਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਯੋਗ ਦਿਵਿਆਂਜਨਾਂ ਨੇ ਆਪਣੀ ਵੋਟ ਨਹੀਂ ਬਣਾਈ ਉਹ ਆਪਣੀ ਵੋਟ ਇਸ ਐਪ ਰਾਹੀਂ ਜਾਂ ਬੀ.ਐਲ.ਓਜ਼ ਰਾਹੀਂ ਜਾਂ ਆਨਲਾਈਨ ਵੈਬਸਾਈਟ ਰਾਹੀਂ 'ਤੇ ਬਣਵਾ ਲੈਣ।

## ...ਸਫ਼ਾ 1 ਦੇ ਬਾਕੀ

### ਦੋ ਹੌਟਸਪੌਟ ਖੇਤਰਾਂ...

ਭਾਰੀ ਪੁਲਸ ਫੋਰਸ ਤਾਇਨਾਤ ਕਰਕੇ ਸੁਚੱਜੇ ਢੰਗ ਨਾਲ ਯੋਜਨਾ ਬਣਾਉਣ ਲਈ ਕਿਹਾ ਗਿਆ ਸੀ। ਸਪੈਸ਼ਲ ਡੀ ਜੀ ਪੀ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਇਸ ਕਾਰਵਾਈ ਦੌਰਾਨ ਪੁਲਸ ਟੀਮਾਂ ਨੇ 66 ਐੱਫ ਆਈ ਆਰਜ਼ ਦਰਜ ਕਰਕੇ 79 ਸਮਾਜ ਵਿਰੋਧੀ ਅਨਸਰਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਟੀਮਾਂ ਨੇ ਉਨ੍ਹਾਂ ਕੋਲੋਂ 68,500 ਰੁਪਏ ਦੀ ਡਰੱਗ ਮਨੀ, 128 ਗ੍ਰਾਮ ਹੈਰੋਇਨ, 115 ਕਿਲੋ ਭੁੱਕੀ, 2560 ਨਸ਼ੀਲੀਆਂ ਗੋਲੀਆਂ ਅਤੇ ਵੱਡੀ ਮਾਤਰਾ 'ਚ ਲਾਹਣ ਬਰਾਮਦ ਕੀਤ। ਪੁਲਸ ਟੀਮਾਂ ਨੇ ਤਿੰਨ ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫਤਾਰ ਕੀਤਾ ਅਤੇ 293 ਸ਼ੱਕੀ ਵਿਅਕਤੀਆਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ। ਡੀ ਜੀ ਪੀ ਨੇ ਦੱਸਿਆ ਕਿ ਐੱਸ ਐੱਸ ਪੀ ਫਰੀਦਕੋਟ ਹਰਜੀਤ ਸਿੰਘ, ਐੱਸ ਐੱਸ ਪੀ ਸ੍ਰੀ ਮੁਕਤਸਰ ਸਾਹਿਬ ਹਰਮਨਬੀਰ ਸਿੰਘ ਗਿੱਲ ਅਤੇ ਐੱਸ ਐੱਸ ਪੀ ਮੋਗਾ ਜੇ ਐਲਨਚੇਜੀਅਨ ਦੀ ਨਿਗਰਾਨੀ ਹੇਠ 1100 ਤੋਂ ਵੱਧ ਪੁਲਸ ਮੁਲਾਜ਼ਮਾਂ ਦੀ ਮਜ਼ਬੂਤ ਫੋਰਸ ਨੇ ਆਪੋ-ਆਪਣੇ ਜ਼ਿਲ੍ਹਿਆਂ ਵਿੱਚ ਪਛਾਣੇ ਗਏ ਡਰੱਗ ਹੌਟਸਪੌਟ ਵਿੱਚ ਇਹ ਕਾਰਵਾਈ ਕੀਤੀ। ਪੰਜਾਬ ਪੁਲਸ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਆਉਣ ਵਾਲੇ ਦਿਨਾਂ ਵਿੱਚ ਵੀ ਅਜਿਹੇ ਅਭਿਆਨ ਜਾਰੀ ਰੱਖੇ ਜਾਣਗੇ, ਤਾਂ ਜੋ ਸੂਬੇ ਨੂੰ 'ਰੰਗਲਾ ਪੰਜਾਬ' ਬਣਾਇਆ ਜਾ ਸਕੇ।


## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

**Tender Notice No:- 770-W/169/WA-1/FZR**/126-2023-24-ADEN-LDH & 130-2023-24-ADEN-II-FZR & 131-2023-24-ADEN-LDH ਸੀਨੀਅਰ ਮੰਡਲ ਇੰਜੀਨੀਅਰ-ਫਸਟ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ **18.08.2023** ਸਮਾਂ **15:00** ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।
ਠੇਕੇਦਾਰ ਨੂੰ ਕੇਵਲ ਆਈਆਰਈਪੀਐਸ ਪੋਰਟਲ ਤੇ ਉਪਲਬਧ ਭੁਗਤਾਨ ਮੋਡ ਜਿਵੇਂ ਨੈਟ ਬੈਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦੇ ਲਈ ਇਸ ਨਿਵਿਦਾ ਦੇ ਲਈ ਭੁਗਤਾਨ ਕਰਨ ਦੀ ਇਜਾਜਤ ਹੈ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਜਮ੍ਹਾ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ / ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 25.07.2023 | 04.08.2023 | 18.08.2023 |

| | | | | |
|---|---|---|---|---|
| 1 | 126-2023-24-ADEN-LDH | ਸਹਾਇਕ ਮੰਡਲ ਇੰਜੀਨੀਅਰ-ਲੁਧਿਆਣਾ ਦੇ ਅਧਿਕਾਰ ਖੇਤਰ ਵਿਚ ਲੁਧਿਆਣਾ ਰੇਲਵੇ ਸਟੇਸ਼ਨ ਵਿਚ ਡੀਜਲ ਸ਼ੈਡ ਵਿਚ ਇਲੈਕਟ੍ਰਿਕ ਲੋਕੋ ਦੀ ਹੋਮਿੰਗ ਦੇ ਕਾਰਨ ਦੇ ਵਧੇ ਹੋਏ ਭਾਰ ਨੂੰ ਪੂਰਾ ਕਰਨ ਦੇ ਲਈ LDH ਲੋਕੋ ਆਉਟਪੁਟ ਦੇ ਬੁਨਿਆਦੀ ਢਾਂਚੇ ਦਾ ਨਿਰਮਾਣ ਸਹਿ ਸੁਧਾਰ ਦੇ ਸਬੰਧ ਵਿਚ ਕੰਮ ਕਰਨਾ ਅਤੇ SNL-JUC ਸੈਕਸ਼ਨ ਵਿਚ ਟੀਬੀਆਰ 40.282 ਕਿਲੋਮੀਟਰ ਟ੍ਰੈਕ ਦੇ ਰਖਰਖਾਅ ਅਤੇ ਡੀਪ ਸਕ੍ਰੀਨਿੰਗ ਦੇ ਸਬੰਧ ਵਿਚ ਵਿਵਿਧ ਕੰਮ ਕਰਨਾ | | |
| | | ਵਿਗਿਆਪਨ ਮੁਲ (Rs.) | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
| | | 1,75,57,369.57 | 60 ਦਿਨ | 12 ਮਹੀਨੇ |
| 2 | 130-2023-24-ADEN-II-FZR | ਸਹਾਇਕ ਮੰਡਲ ਇੰਜੀਨੀਅਰ-2 ਫਿਰੋਜਪੁਰ ਦੇ ਅਧਿਕਾਰ ਖੇਤਰ ਵਿਚ JUC-FZR ਸੈਕਸ਼ਨ ਤੇ ਕਿਮੀ 3/5-6 ਤੇ ਰੇਲਵੇ ਟ੍ਰੈਕ ਦੇ ਹੇਠਾਂ ਹੈਵੀ ਡਿਊਟੀ ਕੇਸਿੰਗ ਪਾਈਪ 450 ਮਿਮੀ ਅੰਦਰੂਨੀ ਵਿਆਸ ਵਾਲੀ ਪਾਣੀ ਦੀ ਸਪਲਾਈ ਵਾਹਕ ਪਾਈਪ ਲਾਈਨ ਨੂੰ 700 ਮਿਮੀ ਅੰਦਰੂਨੀ ਵਿਆਸ ਵਾਲੀ ਡੀ.ਆਈ ਪਾਈਪ ਨਾਲ ਪਾਰ ਕਰਨਾ ਅਨਕੇਸਿੰਗ ਪਾਈਪ K-7ਅਤੇ 900 ਮਿਮੀ ਅੰਦਰੂਨੀ ਵਿਆਸ ਨਿਰਮਾਣ ਦਾ ਕੰਮ ਕਰਨਾ | | |
| | | ਵਿਗਿਆਪਨ ਮੁਲ (Rs.) | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
| | | 3582667.12 | 60 ਦਿਨ | 04 ਮਹੀਨੇ |
| 3 | 131-2023-24-ADEN-LDH | ਸਹਾਇਕ ਮੰਡਲ ਇੰਜੀਨੀਅਰ-ਲੁਧਿਆਣਾ ਦੇ ਅਧਿਕਾਰ ਖੇਤਰ ਵਿਚ ਪੈਂਦੇ ਲੁਧਿਆਣਾ ਸਟੇਸ਼ਨ ਉਤੇ ਟ੍ਰੈਕਸ਼ਨ ਮੋਟਰ ਅਤੇ ਅਕਸਲ ਬਾਕਸ ਬਿਯਰਿੰਗ ਦੇ ਰਖਰਖਾਅ ਦੀਆਂ ਸੁਵਿਧਾਵਾਂ ਸਮੇਤ ਇਲੈਕਟ੍ਰਿਕ ਲੋਕੋ ਸ਼ੈਡ ਲੁਧਿਆਣਾ ਦੀ ਹੋਮਿੰਗ ਸਮਰਥਾ ਨੂੰ 175 ਤੋਂ 200 ਲੋਕੋ ਤਕ ਵਧਾਉਣਾ। ਕੰਮ ਕਰਨਾ | | |
| | | ਵਿਗਿਆਪਨ ਮੁਲ (Rs.) | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
| | | 9320774.23 | 60 ਦਿਨ | 06 ਮਹੀਨੇ |

2300/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

# ਦਿੱਲੀ 'ਚ ਸਿੱਖ ਘੱਟਗਿਣਤੀ ਪ੍ਰਮਾਣ ਪੱਤਰ ਦਾ ਅਧਿਕਾਰ ਸਿੱਖ ਸੰਸਥਾ ਤੋਂ ਖੋਹਣ ਵਿਰੁੱਧ ਧੜੱਲੇ ਨਾਲ ਖੜ੍ਹੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਦਿੱਲੀ ਯੂਨੀਵਰਸਿਟੀ ਸਮੇਤ ਕੁਝ ਕਾਲਜਾਂ ਵਿਚ ਸਿੱਖ ਘੱਟਗਿਣਤੀ ਵਿਦਿਆਰਥੀਆਂ ਨੂੰ ਦਾਖ਼ਲੇ ਸਮੇਂ ਲੋੜੀਂਦਾ ਪ੍ਰਮਾਣ ਪੱਤਰ ਦਿੱਲੀ ਕਮੇਟੀ ਦੀ ਥਾਂ ਦਿੱਲੀ ਘੱਟਗਿਣਤੀ ਕਮਿਸ਼ਨ ਅਤੇ ਕੁਝ ਸਰਕਾਰੀ ਅਧਿਕਾਰੀਆਂ ਵੱਲੋਂ ਜਾਰੀ ਕਰਨ ਵਿਰੁੱਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜ਼ੋਰਦਾਰ ਅਵਾਜ਼ ਉਠਾਈ ਹੈ। ਇਸ ਮਾਮਲੇ ਨੂੰ ਲੈ ਕੇ ਕੌਮੀ ਘੱਟਗਿਣਤੀ ਕਮਿਸ਼ਨ ਵੱਲੋਂ ਸੱਦੀ ਗਈ ਬੈਠਕ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕੇਵਲ ਸਿੱਖ ਸੰਸਥਾਵਾਂ ਕੋਲ ਹੀ ਇਹ ਅਧਿਕਾਰ ਬਣਾਈ ਰੱਖਣ ਲਈ ਤਰਕਸੰਗਤ ਤਰੀਕੇ ਨਾਲ ਪੱਖ ਰੱਖਿਆ ਹੈ।



ਭਾਈ ਗਰੇਵਾਲ ਨੇ ਦੱਸਿਆ ਕਿ ਬੀਤੇ ਸਮੇਂ ਅੰਦਰ ਦਿੱਲੀ ਦੇ ਵਿੱਦਿਅਕ ਅਦਾਰਿਆਂ ਵੱਲੋਂ ਸਿੱਖ ਘੱਟਗਿਣਤੀ ਕੋਟੇ ਤਹਿਤ ਦਾਖਲੇ ਲਈ ਪ੍ਰਮਾਣ ਪੱਤਰ ਦਿੱਲੀ ਘੱਟਗਿਣਤੀ ਕਮਿਸ਼ਨ ਵੱਲੋਂ ਜਾਰੀ ਕਰਨ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਸਿੱਖ ਕੌਮ ਵੱਲੋਂ ਕੀਤੇ ਇਤਰਾਜ਼ 'ਤੇ ਕੌਮੀ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਮੀਟਿੰਗ ਬੁਲਾਈ ਸੀ। ਇਸ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਉਹ ਖੁਦ, ਦਿੱਲੀ ਕਮੇਟੀ ਵੱਲੋਂ ਐਡਵੋਕੇਟ ਕੁਲਬੀਰ ਸਿੰਘ ਅਤੇ ਜਸਵਿੰਦਰ ਸਿੰਘ ਜੌਲੀ, ਦਿੱਲੀ ਘੱਟਗਿਣਤੀ ਕਮਿਸ਼ਨ ਦੇ ਮੈਂਬਰ ਅਜੀਤਪਾਲ ਸਿੰਘ ਬਿੰਦਰਾ ਅਤੇ ਕੁਝ ਅਧਿਕਾਰੀ ਸ਼ਾਮਲ ਹੋਏ ਸਨ। ਇਸ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਨੇ ਸਪੱਸ਼ਟ ਤੌਰ 'ਤੇ ਦਿੱਲੀ ਖੇਤਰ ਅੰਦਰ ਸਿੱਖ ਘੱਟਗਿਣਤੀ ਦੀ ਪ੍ਰਮਾਣਿਕਤਾ ਤਸਦੀਕ ਕਰਨ ਦਾ ਅਧਿਕਾਰ ਦਿੱਲੀ ਗੁਰਦੁਆਰਾ ਕਮੇਟੀ ਪਾਸ ਹੀ ਬਣਾਈ ਰੱਖਣ ਦੀ ਹਮਾਇਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਹ ਮਾਮਲਾ ਬੇਹੱਦ ਸੰਜੀਦਾ ਹੈ, ਕਿਉਂਕਿ ਸਿੱਖ ਪਛਾਣ ਦੇ ਬਹੁਪੱਖੀ ਸਰੋਕਾਰ ਹਨ, ਜੋ ਸਿੱਖ ਇਤਿਹਾਸ, ਸਿੱਖ ਪ੍ਰੰਪਰਾਵਾਂ ਅਤੇ ਮਰਯਾਦਾ ਦੀ ਰੌਸ਼ਨੀ ਵਿਚ ਹੀ ਪਰਖੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਸਿੱਖ ਮਾਨਸਿਕਤਾ ਤੋਂ ਬਗੈਰ ਕੋਈ ਗੈਰ ਸਿੱਖ ਜੇਕਰ ਇਹ ਪ੍ਰਮਾਣ ਪੱਤਰ ਜਾਰੀ ਕਰੇਗਾ ਤਾਂ ਭਵਿੱਖ ਅੰਦਰ ਵੱਡੇ ਵਿਵਾਦ ਪੈਦਾ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਘੱਟਗਿਣਤੀਆਂ ਨਾਲ ਸਬੰਧਤ ਕੋਈ ਵੀ ਕਮਿਸ਼ਨ ਕੇਵਲ ਉਨ੍ਹਾਂ ਦੇ ਮਾਮਲਿਆਂ ਦਾ ਸਰਲੀਕਰਨ ਕਰਨ ਲਈ ਕਾਰਜਸ਼ੀਲ ਹੋ ਸਕਦਾ ਹੈ, ਨਾ ਕਿ ਸਿੱਖਾਂ ਦੀ ਪ੍ਰਮਾਣਿਕਤਾ ਚੈੱਕ ਕਰਨ ਲਈ ਅਧਿਕਾਰ ਕਮਿਸ਼ਨ ਨੂੰ ਦਿੱਤੇ ਜਾ ਸਕਦੇ ਹਨ। ਇਸ ਸਭ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਇਹ ਅਧਿਕਾਰ ਸਿੱਖ ਸੰਸਥਾਵਾਂ ਕੋਲ ਹੀ ਰੱਖਣ ਦੀ ਹਮਾਇਤ ਕਰਦੀ ਹੈ ਅਤੇ ਕਿਸੇ ਵੀ ਕੀਮਤ 'ਤੇ ਸਰਕਾਰੀ ਅਧਿਕਾਰੀ ਜਾਂ ਗੈਰ-ਸਿੱਖ ਸੰਸਥਾਵਾਂ ਕੋਲ ਅਜਿਹਾ ਅਧਿਕਾਰ ਨਹੀਂ ਜਾਣਾ ਚਾਹੀਦਾ।

# ਮਨੀਪੁਰ ਘਟਨਾਵਾਂ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ : ਗੰਡੀਵਿੰਡ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਪਿਛਲੇ ਦਿਨੀਂ ਮਨੀਪੁਰ ਵਿਚ ਔਰਤਾਂ ਨਾਲ ਵਾਪਰੀ ਘਟਨਾ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਹਰਿਆਵਲ ਫਾਊਂਡੇਸ਼ਨ ਦੇ ਚੇਅਰਮੈਨ ਤੇ ਸਮਾਜ ਸੇਵੀ ਪਰਮਜੀਤ ਸਿੰਘ ਗੰਡੀਵਿੰਡ ਨੇ ਕਿਹਾ ਕਿ ਕੁੱਝ ਰਾਜਨੀਤਕ ਲੋਕ ਆਪਣੇ ਹਿੱਤਾਂ ਲਈ ਲੋਕਾਂ 'ਚ ਜਾਤਾਂ-ਪਾਤਾਂ ਤੇ ਧਰਮਾਂ ਅਤੇ ਕਬੀਲਿਆਂ 'ਚ ਨਫਰਤ ਫੈਲਾ ਕੇ ਜਨਤਾ ਵਿੱਚ ਵੰਡੀਆਂ ਪਾਉਣ ਦਾ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮਨੀਪੁਰ ਵਿਚ ਵਾਪਰੀ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਕਿ ਅੱਗੇ ਤੋਂ ਕੋਈ ਵੀ ਇਸ ਤਰ੍ਹਾਂ ਦੀ ਹਰਕਤ ਕਰਨ ਦੀ ਹਿੰਮਤ ਨਾ ਕਰੇ। ਉਨ੍ਹਾਂ ਕਿਹਾ ਕਿ ਮਣੀਪੁਰ ਦੇ ਮੁੱਖ ਮੰਤਰੀ ਦੀ ਇਸ ਕਾਂਡ ਬਾਬਤ ਸਟੇਟਮੈਂਟ ਸਿਰੇ ਦੀ ਗੈਰ-ਜ਼ਿੰਮੇਵਾਰਾਨਾ ਹੈ ਅਤੇ ਦੇਸ਼ ਦੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ, ਹਿਊਮਨ ਰਾਈਟ ਕਮਿਸ਼ਨ ਅਤੇ ਮਹਿਲਾ ਕਮਿਸ਼ਨ ਦੀ ਚੁੱਪੀ ਇਸ ਘਟਨਾ ਬਾਰੇ ਅਤਿ ਨਿੰਦਣਯੋਗ ਹੈ।



# ਸੇਮ ਨਾਲੇ ਦੀ ਸਫ਼ਾਈ ਤੇ ਡੂੰਘਾਈ ਨਾ ਹੋਣ ਕਰਕੇ ਲੋਕ ਮੁਸੀਬਤ 'ਚ

**ਤਿੱਬੜੀ ਕੈਂਟ, (ਜਨਕ ਮਹਾਜਨ)**

ਗੁਰਦਾਸਪੁਰ ਤੋਂ ਬਹਿਰਾਮਪੁਰ ਨੂੰ ਜਾਣ ਵਾਲੀ ਸੜਕ 'ਤੇ ਪਿੰਡ ਹੱਲੇਚਾਹੀ ਨੇੜੇ ਸੜਕ ਵਿਚਕਾਰੋਂ ਵਗਦੇ ਸੇਮ ਨਾਲੇ ਦੀ ਸਫ਼ਾਈ ਤੇ ਡੂੰਘਾਈ ਨਾ ਹੋਣ ਕਰਕੇ ਉਸ ਵਿਚ ਲੰਬੀ-ਲੰਬੀ ਜੜੀ ਬੂਟੀ ਉਘੀ ਪਈ ਹੈ। ਇਸ ਕਰਕੇ ਵਰਖੇ ਦਿਨਾਂ ਵਿਚ ਪਾਣੀ ਦਾ ਸਹੀ ਨਿਕਾਸ ਨਹੀਂ ਹੁੰਦਾ ਜੋ ਲੋਕਾਂ ਲਈ ਮੁਸੀਬਤ ਬਣਿਆ ਹੋਇਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇਲਾਵਾ ਵਾਸੀ ਸ਼ੇਰ ਸਿੰਘ, ਗੁਰਮੀਤ ਸਿੰਘ, ਮਨਪ੍ਰੀਤ ਸਿੰਘ ਅਤੇ ਸੁਸ਼ੀਲ ਕੁਮਾਰ ਨੇ ਦੱਸਿਆ ਕਿ ਇਹ ਸੇਮ ਨਾਲਾ ਸੜਕ ਪਾਰ ਕਰਕੇ ਕਲਾਨੌਰ ਵਾਲੀ ਸਾਈਡ ਨੂੰ ਚਲਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਬਰਸਾਤ ਦਾ ਮੌਸਮ ਜਾਰੀ ਹੈ ਅਤੇ ਸੇਮ ਨਾਲਸੇ ਅੰਦਰ ਗੰਦਗੀ ਦੀ ਭਰਮਾਰ ਆਮ ਦੇਖੀ ਜਾ ਸਕਦੀ ਹੈ। ਇਸ ਸੇਮ ਨਾਲੇ ਵਿਚ ਲੰਬਾ-ਲੰਬਾ ਘਾਹ ਅਤੇ ਜੰਗਲੀ ਬੂਟੀ ਉੱਗੀ ਪਈ ਹੈ ਜਿਸ ਕਰਕੇ ਇਥੇ ਹਰ ਸਮੇਂ ਗੰਦਗੀ ਦੀ ਭਰਮਾਰ ਰਹਿੰਦੀ ਹੈ। ਇਸ ਗੰਦਗੀ ਨਾਲ ਭਿਆਨਕ ਬਿਮਾਰੀ ਫੈਲਣ ਦਾ ਖਦਸ਼ਾ ਰਹਿੰਦਾ ਹੈ। ਇਲਾਕਾ ਵਾਸੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਸਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਇਸ ਨਾਲੇ ਦੀ ਸਫ਼ਾਈ ਤੇ ਡੂੰਘਾਈ ਕਰਵਾਈ ਜਾਵੇ ਤਾਂ ਜੋ ਪਾਣੀ ਦਾ ਨਿਕਾਸ ਸਹੀ ਤਰੀਕੇ ਨਾਲ ਹੋ ਸਕੇ।



# ਆਜ਼ਾਦ ਟੈਕਸੀ ਯੂਨੀਅਨ ਅੰਮ੍ਰਿਤਸਰ ਦੇ ਸੈਂਕੜੇ ਮੈਂਬਰ ਬਠਿੰਡਾ ਪਹੁੰਚੇ

**ਚੋਹਲਾ ਸਾਹਿਬ (ਰਮਨ ਚੱਢਾ)**

ਪੰਜਾਬ ਸਟੇਟ ਬਾਡੀ ਪ੍ਰੈਜ਼ੀਡੈਂਟ ਸ਼ਰਨਜੀਤ ਸਿੰਘ ਕਲਸੀ ਦੀ ਅਗਵਾਈ ਹੇਠ ਬਠਿੰਡਾ ਵਿਖੇ ਹੋ ਰਹੀ ਆਜ਼ਾਦ ਟੈਕਸੀ ਯੂਨੀਅਨ ਦੀ ਮੀਟਿੰਗ ਵਿੱਚ ਅੰਮ੍ਰਿਤਸਰ ਤੋਂ ਆਜ਼ਾਦ ਟੈਕਸੀ ਯੂਨੀਅਨ ਦੇ ਸੈਂਕੜੇ ਮੈਂਬਰ ਸ਼ਮੂਲੀਅਤ ਕਰਨ ਲਈ ਪਹੁੰਚੇ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਨਵਜੋਤ ਸਿੰਘ ਹੁੰਦਲ ਨੇ ਦੱਸਿਆ ਕਿ ਭਖਦਿਆਂ ਮਸਲਿਆਂ ਨੂੰ ਲੈ ਕੇ ਬਠਿੰਡਾ ਵਿਖੇ ਪੂਰੇ ਪੰਜਾਬ ਦੀ ਆਜ਼ਾਦ ਟੈਕਸੀ ਯੂਨੀਅਨ ਦੀ ਮੀਟਿੰਗ ਕੀਤੀ ਗਈ ਹੈ ਜਿਸ ਵਿੱਚ ਪੰਜਾਬ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਯੂਨੀਅਨ ਦੇ ਮੈਂਬਰ ਹਿੱਸਾ ਲੈਣ ਪਹੁੰਚੇ ਸਨ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਤੋਂ ਆਜ਼ਾਦ ਟੈਕਸੀ ਯੂਨੀਅਨ ਦੇ ਮੈਂਬਰ ਬਠਿੰਡਾ ਵਿਖੇ ਹੋਈ ਮੀਟਿੰਗ ਵਿੱਚ ਪਹੁੰਚੇ ਜਿੱਥੇ ਪ੍ਰਧਾਨ ਸ਼ਰਜਨਜੀਤ ਸਿੰਘ ਕਲਸੀ ਦੀ ਯੋਗ ਅਗਵਾਈ ਵਿੱਚ ਟੈਕਸੀ ਯੂਨੀਅਨ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ ਬਾਰੇ ਖੁੱਲਕੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਟੈਕਸੀ ਡਰਾਈਵਰਾਂ ਦੇ ਵਿਚਾਰ ਵੀ ਲਏ ਗਏ ਕਿ ਇਨ੍ਹਾਂ ਮੁਸ਼ਕਲਾਂ ਨੂੰ ਕਿਸ ਤਰ੍ਹਾਂ ਹੱਲ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਡਰਾਈਵਰ ਰਾਤ ਦਿਨ ਆਮ ਲੋਕਾਂ ਦੀ ਸੇਵਾ ਵਿੱਚ ਹਾਜਰ ਰਹਿੰਦੇ ਹਨ ਅਤੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਮਰੀਜ਼ਾਂ, ਗਰਭਵਤੀ ਔਰਤਾਂ, ਬਜ਼ੁਰਗਾਂ, ਬੱਚਿਆਂ ਨੂੰ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਤੇ ਪਹੁੰਚਾਉਂਦੇ ਹਨ ਅਤੇ ਖਾਸ ਕਰਕੇ ਐਮਰਜੈਂਸੀ ਵਿੱਚ ਮਰੀਜ਼ਾਂ ਨੂੰ ਹਸਪਤਾਲ ਵਿਖੇ ਪਹੁੰਚਾ ਕੇ ਕੀਮਤੀ ਜਾਨਾਂ ਬਚਾਉਂਦੇ ਹਨ। ਉਨ੍ਹਾਂ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਕਿ ਉਨ੍ਹਾਂ ਦੀਆਂ ਮੁਸ਼ਕਲਾਂ ਵੱਲ ਵਿਸ਼ੇਸ਼ ਧਿਆਨ ਦੇ ਕੇ ਸਮੇਂ ਸਿਰ ਹੱਲ ਕੀਤਾ ਜਾਵੇ।

# ਵੋਟਾਂ ਦੇ ਡੋਰ-ਟੂ-ਡੋਰ ਸਰਵੇ ਲਈ ਐੱਸ ਡੀ ਐੱਮ ਗੁਰਦਾਸਪੁਰ ਨਾਲ ਮੀਟਿੰਗ

**ਗੁਰਦਾਸਪੁਰ, (ਜਨਕ ਮਹਾਜਨ)**-ਸਰਬਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਦੀ ਅਗਵਾਈ ਵਿੱਚ ਵੋਟਾਂ ਦੀ ਵੈਰੀਫਿਕੇਸ਼ਨ ਕਰਨ ਸਬੰਧੀ ਬੀਐਲਓ ਨੂੰ ਆ ਰਹੀਆਂ ਮੁਸ਼ਕਲਾਂ ਦੇ ਸੰਬੰਧ ਵਿੱਚ ਐਸਡੀਐਮ ਗੁਰਦਾਸਪੁਰ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਬੀਐਲਓ ਨੂੰ ਇਹ ਕੰਮ ਕਰਨ ਲਈ ਵਿਭਾਗੀ ਡਿਊਟੀ ਤੋਂ ਫਾਰਗ ਕਰਨ ਲਈ ਬੇਨਤੀ ਕੀਤੀ ਗਈ। ਇਸ ਤੋਂ ਇਲਾਵਾ ਹੋਰ ਵੀ ਆ ਰਹੀਆਂ ਮੁਸ਼ਕਲਾਂ ਤੋਂ ਐਸ. ਡੀ. ਐਮ. ਨੂੰ ਜਾਣੂੰ ਕਰਵਾਇਆ ਗਿਆ ਜਿਸ ਦਾ ਉਨ੍ਹਾਂ ਨੇ ਹਾਂ ਪੱਖੀ ਹੁੰਗਾਰਾ ਭਰਿਆ। ਇਸ ਮੀਟਿੰਗ ਵਿੱਚ ਰਾਹੁਲ ਮਹਾਜਨ, ਕੁਲਵੰਤ ਸਿੰਘ, ਰਕੇਸ਼ ਕੁਮਾਰ, ਅਵਤਾਰ ਸਿੰਘ, ਹੀਰਾ ਸਿੰਘ, ਬਲਕਾਰ ਸਿੰਘ, ਹਰਚਰਨ ਸਿੰਘ, ਨਰੇਸ਼ ਕੁਮਾਰ, ਗੁਰਵਿੰਦਰ ਭੰਡਾਲ, ਸੁਮੀਤ ਕੁਮਾਰ ਅਤੇ ਹੋਰ ਵੀ ਕਾਫੀ ਸਾਥੀ ਹਾਜ਼ਰ ਸਨ।

# ਪੰਜਾਬ ਯੂ ਟੀ ਮੁਲਾਜ਼ਮ ਤੇ ਪੈਨਸ਼ਨਰ ਦੇ ਸਾਂਝੇ ਫਰੰਟ ਵੱਲੋਂ ਮਨੀਪੁਰ ਘਟਨਾ ਦੀ ਨਿਖੇਧੀ




**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**

ਬੀਤੇ ਦਿਨੀਂ ਮਨੀਪੁਰ ਵਿਖੇ ਔਰਤਾਂ 'ਤੇ ਹੋਏ ਅੱਤਿਆਚਾਰ ਦੀ ਦਿਲ ਕੰਬਾਊ ਘਟਨਾ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ। ਮੋਦੀ ਸਰਕਾਰ ਦੇ ਬੇਟੀ ਪੜ੍ਹਾਓ ਤੇ ਬੇਟੀ ਬਚਾਓ ਦੇ ਨਾਅਰਿਆਂ ਦੀ ਫੂਕ ਨਿਕਲ ਗਈ ਹੈ। ਪੁਲਸ ਪ੍ਰਸ਼ਾਸਨ ਮੋਦੀ ਦੇ ਇਸ਼ਾਰਿਆਂ 'ਤੇ ਨੱਚਦਾ ਪਿਆ। ਪੰਜਾਬ ਯੂ ਟੀ ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਫਰੰਟ ਵੱਲੋਂ ਸਿਵਲ ਹਸਪਤਾਲ ਪੱਟੀ ਵਿਖੇ ਜੋਗਾ ਸਿੰਘ ਦੀ ਪ੍ਰਧਾਨਗੀ ਹੇਠ ਮਨੀਪੁਰ ਸੂਬੇ ਵਿੱਚ ਤਿੰਨ ਮਈ ਦੀ ਰਾਤ ਨੂੰ ਕਰੀਬ 1000 ਲੋਕਾਂ ਦੀ ਹਥਿਆਰਬੰਦ ਭੀੜ ਵੱਲੋਂ ਪਿੰਡ ਵਿੱਚ ਦਾਖਲ ਕੁੱਕੀ ਕਬੀਲੇ ਦੇ ਲੋਕਾਂ ਦੇ ਘਰਾਂ 'ਤੇ ਯੋਜਨਾਬੱਧ ਹਮਲਾ ਕਰਕੇ ਭਾਰੀ ਸਾੜ ਫੂਕ, ਲੁੱਟ-ਮਾਰ ਤੇ ਕਤਲੇਆਮ ਕੀਤਾ ਗਿਆ ਸੀ। ਇਨ੍ਹਾਂ ਦੇ ਅੱਤਿਆਚਾਰ ਤੋਂ ਬਚਦੀਆਂ ਹੋਈਆਂ ਤਿੰਨ ਕੁੱਕੀ ਔਰਤਾਂ ਤੇ ਮਰਦ ਇਕ ਵਾਹਨ ਵਿੱਚ ਉਥੋਂ ਬਚ ਕੇ ਨਿਕਲ ਗਏ ਸਨ। ਆਪਣਾ ਬਚਾਅ ਕਰਨ ਲਈ ਪੁਲਸ ਦੀ ਗੱਡੀ ਵਿੱਚ ਲੁਕ ਗਏ ਪਰੰਤੂ ਪੁਲਸ ਨੇ ਉਨ੍ਹਾਂ ਦਾ ਕੋਈ ਬਚਾਅ ਨਹੀਂ ਕੀਤਾ ਸਗੋਂ ਭੀੜ ਨੇ ਉਨ੍ਹਾਂ ਨੂੰ ਪੁਲਸ ਤੋਂ ਖੋਹ ਲਿਆ। ਤਿੰਨ ਔਰਤਾਂ ਦੇ ਕੱਪੜੇ ਉਤਾਰ ਕੇ ਉਨ੍ਹਾਂ ਦੀ ਨਗਨ ਪਰੇਡ ਕੀਤੀ ਗਈ। ਔਰਤਾਂ ਨੂੰ ਬਚਾਉਣ ਲਈ ਇੱਕ ਨੌਜਵਾਨ ਤੇ ਬਜ਼ੁਰਗ ਉਨ੍ਹਾਂ ਦੇ ਬਚਾਅ ਲਈ ਅੱਗੇ ਆਏ ਪਰ ਉਨ੍ਹਾਂ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਇਹ ਕੋਈ ਪਹਿਲੀ ਘਟਨਾ ਨਹੀਂ, ਹਰ ਰੋਜ਼ ਮੋਦੀ ਦੇ ਰਾਜ ਦੌਰਾਨ ਨਿੱਤ ਦਿਨ ਧੀਆਂ ਭੈਣਾਂ ਬੇਇੱਜ਼ਤ ਹੋ ਰਹੀਆਂ ਹਨ। ਗੁੰਡਿਆਂ ਵੱਲੋਂ ਧੀਆਂ-ਭੈਣਾਂ 'ਤੇ ਅੱਤਿਆਚਾਰ ਕੀਤਾ ਜਾ ਰਿਹਾ। ਪੁਲਸ ਵੀ ਆਪਣਾ ਫਰਜ਼ ਭੁੱਲ ਕੇ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਕੰਮ ਕਰ ਰਹੀ। ਇਸ ਮੌਕੇ ਸਰਬਜੀਤ ਸਿੰਘ, ਨਰਿੰਦਰ ਕੌਰ, ਰਣਜੀਤ ਕੌਰ, ਬਲਜੀਤ ਕੌਰ, ਧਰਮ ਸਿੰਘ ਪੱਟੀ, ਰਾਜ ਸਿੰਘ, ਜਗਤਾਰ ਸਿੰਘ, ਬਲਬੀਰ ਸਿੰਘ, ਡਾ. ਨਿਰਮਲ ਸਿੰਘ, ਮਨੀ ਸੋਨੂੰ, ਕਾਲਾ, ਬਲਜਿੰਦਰ ਸਿੰਘ ਅਤੇ ਰਣਜੀਤ ਸਿੰਘ ਆਦਿ ਹਾਜ਼ਰ ਸਨ।

# ਲਵਜੋਤ ਕੌਰ ਦਾ ਗੁਰੂ ਨਾਨਕ ਕਾਲਜ ਬਟਾਲਾ ਵਿਖੇ ਮਾਣ-ਸਨਮਾਨ



**ਬਟਾਲਾ (ਤਰਲੋਕ ਬੱਗਾ)**

ਗੁਰੂ ਨਾਨਕ ਕਾਲਜ, ਬਟਾਲਾ ਦੀ ਪੰਜਾਬੀ ਵਿਭਾਗ ਦੀ ਵਿਦਿਆਰਥਣ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਐਲਾਨ ਗਏ ਨਤੀਜਿਆਂ ਵਿਚ ਸ਼ਾਨਦਾਰ ਪ੍ਰਦਰਸ਼ਨ ਕਰ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਜ਼ਿਕਰਯੋਗ ਹੈ ਕਿ ਵਿਦਿਆਰਥਣ ਲਵਜੋਤ ਕੌਰ ਨੇ ਐਮਏ ਪੰਜਾਬੀ ਸਮੈਸਟਰ ਦੂਜਾ ਵਿੱਚ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ (ਡਿਸਟਿੰਕਸ਼ਨ) ਹਾਸਿਲ ਕੀਤਾ। ਵਿਦਿਆਰਥਣ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਗੁਰੂ ਨਾਨਕ ਕਾਲਜ , ਬਟਾਲਾ ਅਤੇ ਆਪਣੇ ਮਾਤਾ ਪਿਤਾ ਦਾ ਨਾਮ ਨੂੰ ਰੌਸ਼ਨ ਕਰਦਿਆਂ ਆਪਣੀ ਬੇਮਿਸਾਲ ਪ੍ਰਤਿਭਾ ਦਾ ਪ੍ਰਮਾਣ ਪੇਸ਼ ਕੀਤਾ। ਇਸ ਮੌਕੇ ਕਾਲਜ ਵੱਲੋਂ ਵਿਦਿਆਰਥਣ ਲਵਜੋਤ ਕੌਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਕਾਲਜ ਪ੍ਰਿੰਸੀਪਲ ਪ੍ਰੋ. ਧਿਆਨ ਸਿੰਘ ਸੰਧੂ ਨੇ ਵਿਦਿਆਰਥੀਣ ਨੂੰ ਮੁਬਾਰਕਬਾਦ ਦਿੰਦਿਆਂ ਬਿਹਤਰ ਭਵਿੱਖ ਲਈ ਸ਼ੁਭ-ਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਇਹ ਪ੍ਰਾਪਤੀ ਸਾਡੇ ਲਈ ਮਾਣ ਤੇ ਸਨਮਾਨ ਵਾਲੀ ਗੱਲ ਹੈ ਜਿਸ ਦਾ ਸਿਹਰਾ ਮਿਹਨਤੀ ਅਧਿਆਪਕਾਂ ਤੇ ਵਿਦਿਆਰਥਣ ਲਵਜੋਤ ਕੌਰ ਨੂੰ ਜਾਂਦਾ ਹੈ ਕਿਉਂਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਐਲਾਨੇ ਗਏ ਨਤੀਜਿਆਂ ਵਿਚੋਂ ਪਹਿਲੀ ਪੁਜ਼ੀਸਨ ਸਾਡੇ ਲਈ ਹੋਰ ਵੀ ਊਰਜਾ ਦਾ ਸਬੱਬ ਬਣੇਗੀ। ਪੰਜਾਬੀ ਵਿਭਾਗ ਦੇ ਮੁਖੀ ਡਾ. ਗੁਰਬੀਰ ਸਿੰਘ ਬਰਾੜ ਨੇ ਕਿਹਾ ਕਿ ਇਹ ਪ੍ਰਾਪਤੀ ਵਿਦਿਆਰਥਣ ਲਵਜੋਤ ਕੌਰ ਦੀ ਮਿਹਨਤ ਤੇ ਲਗਨ ਦਾ ਹੀ ਸਿੱਟਾ ਹੈ। ਇਸ ਮੌਕੇ ਸਮੂਹ ਸਟਾਫ ਵੱਲੋਂ ਵਿਦਿਆਰਥਣ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਪ੍ਰੋ. ਨਵਤੇਜ ਕੌਰ ਬੇਦੀ. ਪ੍ਰੋ. ਰਾਜਬੀਰ ਰੰਧਾਵਾ, ਪ੍ਰੋ. ਅਮਨਪ੍ਰੀਤ ਕੌਰ. ਨਜਿੰਦਰਪਾਲ ਸਿੰਘ, ਸੂਰਜ ਪ੍ਰਕਾਸ਼ ਸਿੰਘ ਕਸਮੀਰ ਸਿੰਘ ਤੋਂ ਇਲਾਵਾ ਸਮੁੱਚਾ ਸਟਾਫ ਹਾਜ਼ਰ ਸੀ।

# ਸ਼੍ਰੋਮਣੀ ਕਮੇਟੀ ਦੇ ਸੈਟੇਲਾਈਟ ਚੈਨਲ ਲਈ ਧਾਮੀ ਦੀ ਅਗਵਾਈ 'ਚ ਵਫ਼ਦ ਅਨੁਰਾਗ ਠਾਕੁਰ ਨੂੰ ਮਿਲਿਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਉੱਚ-ਪੱਧਰੀ ਵਫ਼ਦ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਲਈ ਆਪਣਾ ਸੈਟੇਲਾਈਟ ਚੈਨਲ ਸਥਾਪਤ ਕਰਨ ਵਾਸਤੇ ਕੀਤੇ ਜਾ ਰਹੇ ਯਤਨਾਂ ਤਹਿਤ ਅੱਜ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਅਨੁਰਾਗ ਸਿੰਘ ਠਾਕੁਰ ਨਾਲ ਦਿੱਲੀ ਵਿਖੇ ਮੁਲਾਕਾਤ ਕੀਤੀ ਹੈ। ਇਸ ਵਫ਼ਦ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਕੁਲਵੰਤ ਸਿੰਘ ਮੰਨਣ ਅਤੇ ਸਰਵਣ ਸਿੰਘ ਕੁਲਾਰ ਸ਼ਾਮਲ ਸਨ। ਇਸ ਤੋਂ ਇਲਾਵਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਵੀ ਇਸ ਮੌਕੇ ਮੌਜੂਦ ਰਹੇ। ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਨਾਲ ਮੁਲਾਕਾਤ ਮੌਕੇ ਸ਼੍ਰੋਮਣੀ ਕਮੇਟੀ ਦੇ ਵਫ਼ਦ ਨੇ ਇੱਕ ਪੱਤਰ ਵੀ ਸੌਂਪਿਆ, ਜਿਸ ਵਿੱਚ ਸੈਟੇਲਾਈਟ ਚੈਨਲ ਦੀ ਪ੍ਰਕਿਰਿਆ ਅੱਗੇ ਵਧਾਉਣ ਦੀ ਮੰਗ ਕੀਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਆਪਣਾ ਵੈੱਬ ਚੈਨਲ ਚਲਾਉਣ ਮਗਰੋਂ ਹੁਣ ਸੈਟੇਲਾਈਟ ਚੈਨਲ ਸਥਾਪਤ ਕਰਨ ਲਈ ਵੀ ਯਤਨ ਆਰੰਭੇ ਗਏ ਹਨ। ਮੁੱਢਲੇ ਤੌਰ 'ਤੇ ਸਬੰਧਤ ਕੇਂਦਰੀ ਮੰਤਰੀ ਨੂੰ ਜਾਣੂ ਕਰਵਾਇਆ ਗਿਆ ਹੈ ਤਾਂ ਜੋ ਪ੍ਰਕਿਰਿਆ ਜਲਦ ਮੁਕੰਮਲ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਚੈਨਲ ਦੀ ਸਥਾਪਨਾ ਲਈ ਸੰਗਤ ਦੀ ਚਿਰੋਕਣੀ ਮੰਗ ਚੱਲੀ ਆ ਰਹੀ ਹੈ ਜਿਸ ਦੀ ਤਰਜਮਾਨੀ ਲਈ ਸ਼੍ਰੋਮਣੀ ਕਮੇਟੀ ਵਚਨਬੱਧ ਹੈ। ਐਡਵੋਕੇਟ ਧਾਮੀ ਨੇ ਇਹ ਵੀ ਕਿਹਾ ਕਿ ਸਾਡਾ ਯਤਨ ਹੈ ਕਿ ਆਪਣਾ ਚੈਨਲ ਸਥਾਪਤ ਹੋਣ 'ਤੇ ਦੂਰਦਰਸ਼ਨ ਦੀ ਫ੍ਰੀ ਡਿਸ਼ 'ਤੇ ਵੱਧ ਤੋਂ ਵੱਧ ਸੰਗਤ ਤੱਕ ਵੀ ਗੁਰਬਾਣੀ ਕੀਰਤਨ ਪਹੁੰਚੇ। ਉਨ੍ਹਾਂ ਕਿਹਾ ਕਿ ਇਸ ਭਾਵਨਾ ਨੂੰ ਵੀ ਕੇਂਦਰੀ ਮੰਤਰੀ ਨਾਲ ਸਾਂਝਾ ਕੀਤਾ ਗਿਆ ਹੈ ਅਤੇ ਉਨ੍ਹਾਂ ਨੇ ਸੰਜੀਦਾ ਗੌਰ ਕਰਦਿਆਂ ਕਾਰਵਾਈ ਅੱਗੇ ਵਧਾਉਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਨੇੜ ਭਵਿੱਖ ਵਿਚ ਸ਼੍ਰੋਮਣੀ ਕਮੇਟੀ ਆਪਣਾ ਸੈਟੇਲਾਈਟ ਚੈਨਲ ਜ਼ਰੂਰ ਸਥਾਪਤ ਕਰ ਲਵੇਗੀ।

# ਸੁਖਪ੍ਰੀਤ ਕੌਰ ਨੇ ਗੋਲਡ ਮੈਡਲ ਹਾਸਲ ਕਰਕੇ ਸੇਂਟ ਕਬੀਰ ਸਕੂਲ ਦਾ ਨਾਂਅ ਚਮਕਾਇਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਦੇ ਵਿਦਿਆਰਥੀ ਆਪਣੀ ਦ੍ਰਿੜਤਾ ਤੇ ਮਿਹਨਤ ਰਾਹੀਂ ਕਿਸੇ ਨਾ ਕਿਸੇ ਖੇਤਰ ਵਿੱਚ ਅੱਗੇ ਵੱਧਦੇ ਰਹਿੰਦੇ ਹਨ। ਇਸੇ ਤਰ੍ਹਾਂ ਦੀ ਕਾਬਲੀਅਤ ਦਾ ਨਮੂਨਾ ਜ਼ਿਲ੍ਹਾ ਗੁਰਦਾਸਪੁਰ ਦੀ ਨਾਮਵਾਰ ਸੰਸਥਾ ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਦੀ ਇੱਕ ਹੋਰ ਵਿਦਿਆਰਥਣ ਫਿਜ਼ੀਓਥੈਰਾਪਿਸਟ ਸੁਖਪ੍ਰੀਤ ਕੌਰ ਰੰਧਾਵਾ ਸਪੁੱਤਰੀ ਕਸਮੀਰ ਸਿੰਘ, ਮਾਤਾ ਸੁਖਵਿੰਦਰ ਕੌਰ ਵਾਸੀ ਲੰਗਰਕੋਟ ਨੇ ਪੇਸ਼ ਕੀਤਾ ਹੈ। ਸੁਖਪ੍ਰੀਤ ਕੌਰ ਰੰਧਾਵਾ ਦਾ ਸਕੂਲ ਪਹੁੰਚਣ ਤੇ ਪ੍ਰਿੰਸੀਪਲ ਐਸ.ਬੀ ਨਾਯਰ ਅਤੇ ਪ੍ਰਬੰਧਕ ਕਮੇਟੀ ਦੇ ਮੈਂਬਰ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸੁਖਪ੍ਰੀਤ ਕੌਰ ਨੇ ਦੱਸਿਆ ਕਿ ਉਸ ਨੇ ਸੇਂਟ ਕਬੀਰ ਪਬਲਿਕ ਸਕੂਲ ਵਿੱਚ ਪੜ੍ਹਦਿਆਂ ਸਾਲ 2016 ਵਿੱਚ ਦਸਵੀਂ ਵਿੱਚੋਂ 9.2 ਸੀਜੀਪੀਏ ਤੇ ਸਾਲ 2018 ਵਿੱਚ 12ਵੀਂ ਜਮਾਤ ਵਿੱਚੋਂ 82 ਫੀਸਦੀ ਅੰਕ ਹਾਸਲ ਕੀਤੇ ਸਨ। ਇਸ ਤੋਂ ਇਲਾਵਾ ਉਹ ਸਕੂਲ ਦੇ ਹਰ ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈਂਦੀ ਰਹਿੰਦੀ ਸੀ ਜਿਸ ਕਾਰਨ ਉਸ ਨੂੰ ਸਕੂਲ ਦੇ ਸਲਾਨਾ ਸਮਾਗਮ ਦੌਰਾਨ 'ਬੈਸਟ ਜੂਨੀਅਰ ਪਲੇਅਰ ਹੋਣ ਦਾ ਮਾਣ ਅਤੇ ਇੰਟਰ-ਸਕੂਲ ਵਾਲੀਬਾਲ ਕਲਸਟਰ ਮੁਕਾਬਲਿਆਂ ਵਿੱਚੋਂ ਤੀਸਰਾ ਸਥਾਨ ਮਿਲਿਆ ਸੀ। ਸਾਲ 2022-23 ਵਿੱਚ ਉਸ ਨੇ ਗੋਲਡ ਮੈਡਲ ਜਿੱਤ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਵਿੱਚੋਂ ਆਪਣੀ ਬੈਚੁਲਰ ਆਫ ਗਰੈਜੁਏਸ਼ਨ (ਬੀਪੀਟੀ) ਪੂਰੀ ਕੀਤੀ ਹੈ ਅਤੇ ਹੁਣ ਅੱਗੇ ਦੀ ਵਿੱਦਿਆ ਮਾਸਟਰ ਆਫ ਫਿਜ਼ੀਓਥੈਰਪੀ (ਐਮ. ਪੀ.ਪੀ) ਮਾਰਕੰਡੇਸ਼ਵਰ ਯੂਨੀਵਰਸਿਟੀ ਮੁਲਾਣਾ, ਅੰਬਾਲਾ (ਹਰਿਆਣਾ) ਤੋਂ ਕਰਨ ਜਾ ਰਹੀ ਹੈ। ਉਸ ਦਾ ਸੁਪਨਾ ਹੈ ਕਿ ਉਹ ਇਥੇ ਵੀ ਗੋਲਡ ਮੈਡਲ ਹਾਸਲ ਕਰਕੇ ਆਪਣੇ ਸਕੂਲ ਤੇ ਪਰਿਵਾਰ ਦਾ ਨਾਮ ਇਲਾਕੇ ਵਿੱਚ ਰੌਸ਼ਨ ਕਰੇ। ਇਸ ਖੁਸ਼ੀ ਦੇ ਮੌਕੇ ਪ੍ਰਿੰਸੀਪਲ ਐਸ. ਬੀ. ਨਾਯਰ ਨੇ ਵਿਦਿਆਰਥੀਆਂ ਨੂੰ ਇਸੇ ਤਰ੍ਹਾਂ ਹਰਪਾਲ ਸਿੰਘ (ਸਕੂਲ ਸੰਸਥਾਪਕ) ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਪ੍ਰੇਰਨਾ ਦਿੰਦਿਆ ਸੁਖਪ੍ਰੀਤ ਕੌਰ ਤੇ ਉਸਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਤੇ ਆਉਣ ਵਾਲੇ ਸਮੇਂ ਵਿੱਚ ਇੱਕ ਸਫ਼ਲ ਫਿਜ਼ੀਓਥੈਰਾਪਿਸਟ ਬਣਨ ਦਾ ਆਸ਼ੀਰਵਾਦ ਦਿੱਤਾ। ਇਸ ਮੌਕੇ ਮੈਡਮ ਸੀਮਾ ਦੀਕਸ਼ਤ, ਸੁਰਿੰਦਰ ਸਿੰਘ, ਜਸਵਿੰਦਰ ਕੌਰ, ਪੀ. ਐੱਸ. ਚਾਹਲ, ਦਮਨਬੀਰ ਸਿੰਘ, ਮਨਪ੍ਰੀਤ ਕੌਰ, ਅਮੀਨਾ ਕੁਮਾਰੀ ਤੇ ਸਟਾਫ ਮੈਂਬਰ ਤੇ ਵਿਦਿਆਰਥੀ ਹਾਜ਼ਰ ਸਨ।

# ਸਕੂਲ ਆਫ ਐਮੀਨੈਂਸ ਬਟਾਲਾ ਵਿਖੇ ਵੋਟਰ ਜਾਗਰੂਕਤਾ ਕੈਂਪ ਲਗਾਇਆ

**ਬਟਾਲਾ, (ਡਾ. ਮਲਬਿੰਦਰ ਸਿੰਘ)**

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਸਵੀਪ ਟੀਮ ਗੁਰਦਾਸਪੁਰ ਵੱਲੋਂ ਵੋਟਰ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ, ਜਿਸ ਦੇ ਚੱਲਦਿਆਂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ ਬਟਾਲਾ ਵਿਖੇ ਵੋਟਰ ਜਾਗਰੂਕਤਾ ਕੈਂਪ ਲਗਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸਹਾਇਕ ਸਵੀਪ ਨੋਡਲ ਬਟਾਲਾ ਪ੍ਰਿੰ. ਬਲਵਿੰਦਰ ਕੌਰ, ਸਵੀਪ ਗਤੀਵਿਧੀਆਂ ਮੈਂਬਰ ਲੈਕਚਰਾਰ ਰਮਿੰਦਰ ਕੌਰ ਅਤੇ ਯੰਗ ਵੋਟਰ ਵਿਦਿਆਰਥਣਾਂ ਵਲੋਂ ਸਵੇਰ ਦੀ ਸਭਾ ਵਿੱਚ ਭਾਰਤ ਦੇ ਸੰਵਿਧਾਨ, ਵੋਟਰ ਪ੍ਰਕਿਰਿਆ, ਵੋਟ ਆਨਲਾਈਨ ਬਣਾਉਣ, ਆਪਣਾ ਪਤਾ ਬਦਲਣ ਆਦਿ ਲਈ ਵੋਟਰ ਹੈਲਪ ਲਾਈਨ ਐਪ ਦੀ ਵਰਤੋਂ ਸਬੰਧੀ ਜਾਣਕਾਰੀ ਦਿੱਤੀ। ਭਾਰਤ ਚੋਣ ਕਮਿਸ਼ਨ ਦੇ ਐਨਵੀਐਸਪੀ ਪੋਰਟਲ, ਵੋਟਰ ਹੈਲਪ ਲਾਈਨ ਐਪ, ਸੀਐਸਸੀ ਸੈਂਟਰ ਅਤੇ ਆਫ਼ ਲਾਈਨ ਮੋਡ ਜਿਸ ਵਿੱਚ ਵਿੱਦਿਅਕ ਅਦਾਰਿਆਂ, ਸਵੀਪ ਨਾਲ ਸਬੰਧੀ ਏਜੰਸੀਆਂ, ਐਨਜੀਓਜ਼, ਯੁਵਕ ਸੇਵਾਵਾਂ ਵਿਭਾਗ ਰਾਹੀਂ ਵੀ ਆਪਣੀ ਨਵੀਂ ਵੋਟ ਬਣਾਉਣ (ਫਾਰਮ 6), ਵੋਟ ਕਟਾਉਣ (ਫਾਰਮ 7), ਵੋਟ ਦੀ ਦਰੁਸਤੀ ਅਤੇ ਸ਼ਿਫਟਿੰਗ ਲਈ (ਫਾਰਮ 8) ਨਿਰਧਾਰਿਤ ਫਾਰਮਾਂ ਵਿੱਚ ਬਿਨੈ ਕੀਤਾ ਜਾ ਸਕਦਾ ਹੈ।



# ਵੂਮੈਨ ਸੇਫਟੀ ਸਬੰਧੀ ਸੈਮੀਨਾਰ ਆਯੋਜਿਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਬੀਬੀ ਕੌਲਾਂ ਜੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਬ੍ਰਾਂਚ-2 ਦੇ ਚੇਅਰਮੈਨ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਦੇ ਮਾਰਗ ਦਰਸ਼ਨ ਨਾਲ ਸਕੂਲ ਵਿੱਚ ਸਾਈਬਰ ਸਕਿਓਰਿਟੀ ਅਤੇ ਵੂਮੈਨ ਸੇਫਟੀ ਸੰਬੰਧੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਏਸੀਪੀ ਵਰਿੰਦਰ ਸਿੰਘ ਖੋਸਾ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਸਬ-ਇੰਸਪੈਕਟਰ ਮਨਪ੍ਰੀਤ ਕੌਰ, ਰੋਬਿਨ ਹੁੱਕ ਅਤੇ ਉਨ੍ਹਾਂ ਦੀ ਟੀਮ ਨੇ ਅਧਿਆਪਕਾਂ ਨਾਲ ਸਾਇਬਰ ਸੁਰੱਖਿਆ, ਵੂਮੈਨ ਸੇਫਟੀ ਅਤੇ ਯਾਤਾਯਾਤ ਵਰਗੇ ਮਹੱਤਵਪੂਰਨ ਵਿਸ਼ਿਆਂ ਸੰਬੰਧੀ ਚਰਚਾ ਕੀਤੀ। ਉਨ੍ਹਾਂ ਨੇ ਪੁਲਸ ਕਮਿਸ਼ਨਰ ਅੰਮ੍ਰਿਤਸਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜਾਰੀ ਕੀਤੇ ਗਏ ਪੁਲਸ ਨਿਯੰਤਰਣ ਨੰਬਰ 112, ਵੂਮੈਨ ਸੇਫਟੀ ਨੰਬਰ 181 ਅਤੇ ਸਾਇਬਰ ਕ੍ਰਾਈਮ ਨੰਬਰ 1930 ਬਾਰੇ ਸਕੂਲ ਸਟਾਫ ਨੂੰ ਜਾਣੂ ਕਰਵਾਇਆ। ਪੁਲਸ ਟੀਮ ਨੇ ਅਧਿਆਪਕਾਂ ਨੂੰ ਸਾਇਬਰ ਕ੍ਰਾਈਮ ਬਾਰੇ ਦੱਸਦੇ ਹੋਏ ਕੁਝ ਖਾਸ ਸੋਸ਼ਲ ਸਾਈਟਾਂ ਬਾਰੇ ਦੱਸਿਆ ਤਾਂ ਜੋ ਕਿ ਉਨ੍ਹਾਂ ਨੂੰ ਸਮੇਂ ਸਿਰ ਅਪਡੇਟ ਕੀਤਾ ਜਾ ਸਕੇ। ਇਸ ਸੈਮੀਨਾਰ ਵਿੱਚ ਸਕੂਲ ਦੇ ਐੱਮਡੀ ਰਜਿੰਦਰ ਸਿੰਘ ਅਤੇ ਪ੍ਰਿੰ. ਇੰਦਰਪ੍ਰੀਤ ਕੌਰ ਸ਼ਾਮਿਲ ਹੋਏ। ਆਈ ਹੋਈ ਪੁਲਸ ਟੀਮ ਦਾ ਪ੍ਰਿੰਸੀਪਲ ਵੱਲੋਂ ਸਨਮਾਨ ਕਰਦੇ ਹੋਏ ਤਹਿ ਦਿਲੋਂ ਧੰਨਵਾਦ ਕੀਤਾ ਗਿਆ।




# ਹਰਜੀਤ ਪੱਡਾ ਨੂੰ ਚੇਅਰਮੈਨ ਲਾਉਣ 'ਤੇ ਮਨਦੀਪ ਗਿੱਲ ਵੱਲੋਂ ਪਾਰਟੀ ਹਾਈਕਮਾਂਡ ਦਾ ਧੰਨਵਾਦ

**ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)**

ਆਮ ਆਦਮੀ ਪਾਰਟੀ ਹਮੇਸ਼ਾ ਗਰੀਬ ਘਰਾਂ ਦੇ ਮਿਹਨਤੀ ਮੁੰਡੇ ਕੁੜੀਆਂ ਨੂੰ ਅੱਗੇ ਲੈ ਕੇ ਆਉਂਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਨਦੀਪ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਯੂਥ ਵਿੰਗ ਆਮ ਆਦਮੀ ਪਾਰਟੀ ਨੇ ਉਸ ਸਮੇਂ ਕੀਤਾ ਜਦੋਂ ਬਟਾਲੇ ਤੋਂ ਇਕ ਸਧਾਰਨ ਦੁੱਧ ਵੇਚਣ ਵਾਲੇ ਆਮ ਆਦਮੀ ਪਾਰਟੀ ਦੇ ਮਿਹਨਤੀ ਅਤੇ ਜੁਝਾਰੂ ਹਰਜੀਤ ਸਿੰਘ ਪੱਡਾ ਨੂੰ ਖੇਤੀਬਾੜੀ ਵਿਕਾਸ ਅਤੇ ਸਹਿਕਾਰੀ ਬੈਂਕ ਬਟਾਲਾ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਉਨ੍ਹਾਂ ਨੇ ਹਰਜੀਤ ਸਿੰਘ ਪੱਡਾ ਦੇ ਤਾਜਪੋਸ਼ੀ ਸਮਾਗਮ ਦੌਰਾਨ ਵਿਧਾਇਕ ਬਟਾਲਾ ਸ਼ੈਰੀ ਕਲਸੀ ਦੀ ਅਗਵਾਈ ਹੇਠ ਸਾਥੀਆਂ ਸਮੇਤ ਸ਼ਿਰਕਤ ਕਰਕੇ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਹਰਜੀਤ ਸਿੰਘ ਪੱਡਾ ਵਰਗੇ ਮਿਹਨਤੀ ਸਾਥੀਆਂ ਨੂੰ ਸਨਮਾਨਯੋਗ ਅਹੁਦਿਆਂ 'ਤੇ ਨਿਯੁਕਤ ਹੋਣ 'ਤੇ ਆਮ ਆਦਮੀ ਪਾਰਟੀ ਦੀ ਨੇਕ ਅਤੇ ਇਮਾਨਦਾਰ ਸੋਚ ਤੇ ਮਾਣ ਮਹਿਸੂਸ ਹੁੰਦਾ ਹੈ। ਅਸੀਂ ਸਾਰੇ ਵਿਧਾਇਕ ਬਟਾਲਾ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਸਮੇਤ ਸਮੁੱਚੀ ਹਾਈਕਮਾਂਡ ਦਾ ਧੰਨਵਾਦ ਕਰਦੇ ਹਾਂ ਅਤੇ ਪਾਰਟੀ ਦੇ ਸਾਰੇ ਮਿਹਨਤੀ ਸਾਥੀਆਂ ਨੂੰ ਅੱਜ ਦੀ ਨਿਯੁਕਤੀ ਲਈ ਵਧਾਈ ਦਿੰਦੇ ਹਾਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੀਪ ਸਿੰਘ ਸਿੱਧੂ, ਰਾਜਬੀਰ ਸਿੰਘ ਰੰਧਾਵਾ, ਜਸਬੀਰ ਸਿੰਘ, ਅਮਨਦੀਪ ਸਿੰਘ ਗਿੱਲ, ਸਰਪੰਚ ਮਨਦੀਪ ਸਿੰਘ, ਅਮਰਬੀਰ ਸਿੰਘ ਢਿੱਲੋਂ, ਲਖਵਿੰਦਰ ਸਿੰਘ ਚੋਧਰਪੁਰ, ਹਰਪਾਲ ਸਿੰਘ ਮੂਲਿਆਂਵਾਲ ਆਦਿ ਹਾਜ਼ਰ ਸਨ।



# ਸਰਕਾਰੀ ਸਕੂਲ ਬਾਹਮਣੀਵਾਲਾ ਵਿਖੇ ਵਣ-ਮਹਾਂਉਤਸਵ ਮਨਾਇਆ

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਪੰਜਾਬ ਸਰਕਾਰ ਵੱਲੋਂ ਵਾਤਾਵਰਨ ਨੂੰ ਬਚਾਉਣ ਲਈ ਕੀਤੇ ਜਾ ਰਹੇ ਸੁਹਿਰਦ ਉਪਰਾਲਿਆਂ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਉਂਦੇ ਹੋਏ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਤਨਾਮ ਸਿੰਘ ਬਾਠ, ਵਣ ਮੰਡਲ ਅਫਸਰ ਅੰਮ੍ਰਿਤਸਰ ਅਮਨਜੀਤ ਸਿੰਘ, ਰੇਂਜ ਅਫਸਰ ਪੱਟੀ ਮੁਕੇਸ਼ ਕੁਮਾਰ ਤੇ ਬਲਾਕ ਅਫਸਰ ਪਰਮਵੀਰ ਸਿੰਘ, ਬਲਜੀਤ ਸਿੰਘ ਤੇ ਬਲਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਕੂਲ ਪਹੁੰਚੇ ਵਣ ਵਿਭਾਗ ਦੇ ਅਧਿਕਾਰੀਆਂ ਦੇ ਸਹਿਯੋਗ ਨਾਲ ਸ਼ਹੀਦ ਨਿਰਮਲ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਹਮਣੀ ਵਾਲਾ ਵਿਖੇ ਵੱਖ-ਵੱਖ ਕਿਸਮ ਦੇ ਪੌਦੇ ਲਗਾ ਵਣ-ਮਹਾਂਉਤਸਵ ਮਨਾਇਆ ਅਤੇ ਸਮੂਹ ਸਟਾਫ ਨੂੰ ਵਾਤਾਵਰਨ ਦੀ ਸਾਂਭ ਸੰਭਾਲ ਲਈ ਸੋਹੰ ਚੁਕਾਈ ਗਈ। ਇਸ ਮੌਕੇ ਸਕੂਲ ਮੁਖੀ ਹਰਜਿੰਦਰ ਸਿੰਘ ਨੇ ਗੱਲਬਾਤ ਕਰਦਿਆ ਕਿਹਾ ਕਿ ਵਾਤਾਵਰਨ ਨੂੰ ਹਰਾ ਭਰਾ ਰੱਖਣ, ਪ੍ਰਦੂਸ਼ਣ ਤੋਂ ਬਚਾਉਣ ਅਤੇ ਲੋਕਾਂ ਨੂੰ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਾਉਣ ਦੇ ਨਾਲ ਨਾਲ ਉਨਾਂ ਨੂੰ ਸ਼ੁੱਧ ਹਵਾ ਅਤੇ ਆਕਸੀਜਨ ਪ੍ਰਦਾਨ ਕਰਨ ਲਈ ਪੌਦੇ ਲਗਾਉਣੇ ਬਹੁਤ ਜ਼ਰੂਰੀ ਹਨ। ਇਸ ਮੌਕੇ ਹਰਮਨਪ੍ਰੀਤ ਸਿੰਘ, ਬਲਜਿੰਦਰ ਸਿੰਘ, ਨਰਿੰਦਰ ਕੌਰ, ਦਰਸ਼ਨਾ ਕੁਮਾਰੀ, ਅਮਨਦੀਪ ਕੌਰ, ਹਰਦਿਲਅਜ਼ੀਜ਼ ਸਿੰਘ, ਪਰਮਿੰਦਰ ਸਿੰਘ, ਸੰਦੀਪ ਸਿੰਘ ਮਨਵਿੰਦਰ ਸਿੰਘ, ਤਰਸੇਮ ਸਿੰਘ, ਹਰਪ੍ਰੀਤ ਸਿੰਘ, ਮਨਦੀਪ ਕੌਰ, ਸੰਦੀਪ ਕੌਰ, ਮਨਮਿੰਦਰ ਕੌਰ, ਰਨਪ੍ਰੀਤ ਕੌਰ, ਪਰਵੀਨਾ, ਬਲਜੀਤ ਕੌਰ, ਅਮਰਬੀਰ ਕੌਰ ਕੁਲਦੀਪ ਕੌਰ ਹਾਜ਼ਰ ਸਨ।




# ਵਧੀਆ ਸੇਵਾਵਾਂ ਬਦਲੇ ਸੇਲ ਟੈਕਸ ਅਫਸਰ ਦਾ ਸਨਮਾਨ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਸਰਕਾਰ ਨੂੰ ਟੈਕਸ ਚੋਰੀ ਕਰਕੇ ਚੂਨਾ ਲਗਾਉਣ ਵਾਲੇ ਕਿਸੇ ਵੀ ਵਪਾਰੀ ਨੂੰ ਬਖਸ਼ਿਆ ਨਹੀਂ ਜਾਵੇਗਾ। ਉਕਤ ਸ਼ਬਦਾਂ ਦਾ ਪ੍ਰਯੋਗ ਕਰਦੇ ਹੋਏ ਮੋਬਾਇਲ ਵਿੰਗ ਦੇ ਸੇਲ ਟੈਕਸ ਅਫਸਰ ਅੰਮ੍ਰਿਤਸਰ ਰਮਨ ਕੁਮਾਰ ਨੇ ਕਿਹਾ ਕਿ ਬਿਨਾਂ ਬਿੱਲ ਤੋਂ ਸੜਕਾਂ ਤੇ ਆ ਰਹੀਆਂ ਗੱਡੀਆਂ ਜੁਰਮਾਨਾ ਜੇਬ ਵਿਚ ਪਾ ਕੇ ਹੀ ਸੜਕ ਤੇ ਆਉਣ ਕਿਉਂਕਿ ਸਰਕਾਰੀ ਖਜਾਨੇ ਦੀ ਚੋਰੀ ਬਰਦਾਸ਼ਤ ਨਹੀਂ ਹੋਵੇਗੀ। ਇਸ ਮੌਕੇ ਵਰਿੰਦਰ ਸਿੰਘ ਮਲਹੋਤਰਾ ਪ੍ਰਧਾਨ ਬਰਤਨ ਬਾਜ਼ਾਰ ਯੂਨੀਅਨ ਵਲੋ ਸੇਲ ਟੈਕਸ ਅਫਸਰ ਰਮਨ ਕੁਮਾਰ ਨੂੰ ਉਨ੍ਹਾਂ ਦੀਆਂ ਵਧੀਆ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ ਅਤੇ ਕਿਹਾ ਕਿ ਅਜਿਹੇ ਸਾਫ ਸੁਥਰੇ ਅਤੇ ਮਿਹਨਤੀ ਅਕਸ ਵਾਲੇ ਅਫਸਰ ਹਰ ਇਕ ਸਰਕਾਰੀ ਮਹਿਕਮੇ ਵਿਚ ਹੋਣੇ ਚਾਹੀਦੇ ਹਨ। ਇਸ ਮੌਕੇ ਉਨ੍ਹਾਂ ਦੇ ਨਾਲ ਇਕ ਹੋਰ ਸੇਲ ਟੈਕਸ ਅਫਸਰ ਓਮ ਪ੍ਰਕਾਸ਼ ਵੀ ਨਾਲ ਹੀ ਸਨ ਜਿਨ੍ਹਾਂ ਨੇ ਕੁਝ ਸਮਾਂ ਪਹਿਲਾ ਹੀ ਅੰਮ੍ਰਿਤਸਰ ਅਹੁਦਾ ਸੰਭਾਲਿਆ ਹੈ।



# ਈਸਾਈ ਵਿੰਗ ਪੰਜਾਬ 'ਚ ਕੀਤੀਆਂ ਸਾਰੀਆਂ ਨਿਯੁਕਤੀਆਂ ਰੱਦ

**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਘੱਟ ਗਿਣਤੀਆਂ ਲੋਕ ਭਲਾਈ ਸੰਸਥਾ (ਰਜਿ) ਈਸਾਈ ਵਿੰਗ ਪੰਜਾਬ ਦੇ ਚੇਅਰਮੈਨ ਪਾਸਟਰ ਕੁਲਜਿੰਦਰ ਗਿੱਲ ਨੂੰ ਬਰਖਾਸਤ ਕਰ ਦਿੱਤਾ ਗਿਆ ਹੈ। ਈਸਾਈ ਵਿੰਗ ਪੰਜਾਬ ਨੂੰ ਭੰਗ ਕਰਨ ਦੀ ਅਧਿਕਾਰਤ ਤੌਰ ਤੇ ਪੁਸ਼ਟੀ ਸੰਸਥਾ ਦੇ ਸੁਪਰੀਮੋ ਸਤਨਾਮ ਸਿੰਘ ਗ਼ਿੱਲ ਨੇ ਕੀਤੀ ਹੈ। ਚੇਤੇ ਰਹੇ ਕਿ ਗਿੱਲ ਇਥੇ ਪ੍ਰੈੱਸ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਨੇ ਦੱਸਿਆ ਕਿ ਪੰਜਾਬ ਵਿੱਚ ਈਸਾਈ ਵਿੰਗ ਨੂੰ ਅੱਜ ਤੋਂ ਭੰਗ ਕਰ ਦਿੱਤਾ ਗਿਆ ਹੈ। ਈਸਾਈ ਵਿੰਗ ਭੰਗ ਕਰਨ ਤੋਂ ਬਾਅਦ ਡੀਸੀ ਅਤੇ ਐਸਐਸਪੀ ਪੁਲਸ ਜ਼ਿਲਾ ਅੰਮ੍ਰਿਤਸਰ ਦਿਹਾਤੀ ਨੂੰ ਲਿਖੇ ਪੱਤਰ 'ਚ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਜੇਕਰ ਅੱਜ ਤੋਂ ਬਾਅਦ ਕੋਈ ਵਿਅਕਤੀ ਘੱਟ ਗਿਣਤੀਆਂ ਲੋਕ ਭਲਾਈ ਸੰਸਥਾ ਰਜਿ ਦਾ ਸ਼ਨਾਖਤੀ ਕਾਰਡ ਜਾ ਆਪਣੀ ਗੱਡੀ ਤੇ ਸੰਸਥਾ ਦੇ ਨਾਮ ਦੀ ਦੁਰਵਰਤੋਂ ਕਰਦਾ ਹੈ ਤਾਂ ਉਸ ਦੇ ਖਿਲਾਫ ਕਨੂੰਨੀ ਕਾਰਵਾਈ ਕੀਤੀ ਜਾਵੇ। ਅੰਤ ਉਨ੍ਹਾਂ ਨੇ ਕਿਹਾ ਕਿ ਸੰਸਥਾ ਵੱਲੋਂ ਹੁਣ ਕੋਈ ਵੀ ਈਸਾਈ ਭਾਈਚਾਰੇ ਚੋਂ ਸਾਡਾ ਮੈਂਬਰ ਜਾਂ ਵਲੰਟੀਅਰ ਨਹੀਂ ਹੈ।



# ਭਾਈ ਧਿਆਨ ਸਿੰਘ ਮੰਡ ਨੇ ਪੰਥਕ ਏਕਤਾ ਲਈ ਗਿ. ਰਘਬੀਰ ਸਿੰਘ ਨੂੰ ਅਕਾਲ ਤਖਤ 'ਤੇ ਸਾਂਝੀ ਇਕੱਤਰਤਾ ਦਾ ਦਿੱਤਾ ਸੱਦਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

10 ਨਵੰਬਰ 2015 ਨੂੰ ਬੁਲਾਏ ਸਰਬੱਤ ਖਾਲਸਾ ਦੌਰਾਨ ਸ੍ਰੀ ਅਕਾਲ ਤਖਤ ਦੇ ਥਾਪੇ ਗਏ ਮੁਤਵਾਜ਼ੀ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਇੱਕ ਵਾਰੀ ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਨਿਯੁਕਤ ਕੀਤੇ ਗਏ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਪੰਥਕ ਏਕਤਾ ਦੀ ਪਹਿਲ ਕਦਮੀ ਕਰਦਿਆਂ ਗਿਆਨੀ ਰਘਬੀਰ ਸਿੰਘ ਨੂੰ 29 ਜੁਲਾਈ ਨੂੰ ਸ੍ਰੀ ਅਕਾਲ ਤਖਤ 'ਤੇ ਮਿਲ ਬੈਠ ਕੇ ਵਿਚਾਰ-ਵਟਾਂਦਰਾ ਕਰਨ ਦਾ ਸੱਦਾ ਦਿੰਦੇ ਹਨ।



ਭਾਈ ਮੰਡ ਨੇ ਕਿਹਾ ਕਿ ਅਕਾਲ ਪੁਰਖ ਅਤੇ ਗੁਰੂ ਹਰਗੋਬਿੰਦ ਸਾਹਿਬ ਨੇ ਬਖਸ਼ਿਸ਼ ਕਰਕੇ ਇਹ ਉੱਦਮ ਕਰਵਾਇਆ ਕਿ ਕੌਮੀ ਏਕਤਾ ਦਾ ਮੁੱਢ ਬੰਨ੍ਹਣ ਵਾਸਤੇ, ਪਹਿਲਾਂ ਅਕਾਲ ਤਖਤ ਸਾਹਿਬ ਦੇ ਜਥੇਦਾਰਾਂ ਨੂੰ ਆਪਸ ਵਿੱਚ ਮਿਲ ਬੈਠਣ ਲਈ ਮੌਕਾ ਬਣਾਇਆ ਜਾਵੇ। ਇਸ ਸਬੰਧੀ ਭਾਈ ਮੰਡ ਨੇ ਦੁਨਿਆਵੀ ਵਡਿਆਈਆਂ, ਰੁਤਬੇ ਅਤੇ ਮਾਣ ਤਿਆਗਦਿਆਂ, ਸ਼੍ਰੋਮਣੀ ਕਮੇਟੀ ਵੱਲੋਂ ਨਿਯੁਕਤ ਅਕਾਲ ਤਖਤ ਸਾਹਿਬ ਦੇ ਜਥੇਦਾਰ ਆਪਣੇ ਹਮਰੁਤਬਾ ਗਿਆਨੀ ਹਰਪ੍ਰੀਤ ਸਿੰਘ ਨੂੰ ਫਰਾਖਦਿਲੀ ਨਾਲ ਇੱਕ ਪੱਤਰ ਲਿਖਆ ਸੀ, ਜਿਸ ਦਾ ਉਨ੍ਹਾਂ ਨੇ ਸਵਾਗਤ ਵੀ ਕੀਤਾ ਸੀ। ਪ੍ਰੰਤੂ ਦੋਵਾਂ ਦਰਮਿਆਨ ਕੋਈ ਗੁਰਮਤਾ ਹੁੰਦਾ, ਇਸ ਤੋਂ ਪਹਿਲਾਂ ਹੀ ਅਚਾਨਕ ਸ਼੍ਰੋਮਣੀ ਨੇ ਨਵੇਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਸੇਵਾ ਸੌਂਪ ਦਿੱਤੀ। ਭਾਈ ਮੰਡ ਨੇ ਕਿਹਾ ਕਿ ਉਨ੍ਹਾਂ ਨੇ ਫਿਰ ਵੀ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਅਤੇ ਇੱਕ ਪੰਜ ਮੈਂਬਰੀ ਜਥਾ ਭੇਜ ਕੇ ਨਵੇਂ ਨਿਯੁਕਤ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਇਸ ਪੱਤਰ ਬਾਰੇ ਯਾਦ ਕਰਵਾਇਆ। ਉਨ੍ਹਾਂ ਨੇ ਵੀ ਵਧੀਆ ਹੁੰਗਾਰਾ ਭਰਿਆ ਪ੍ਰੰਤੂ ਹਾਲੇ ਤੱਕ ਕੋਈ ਰਸਮੀ ਮੀਟਿੰਗ ਦਾ ਪ੍ਰਬੰਧ ਨਹੀਂ ਕੀਤਾ ਗਿਆ।

ਭਾਈ ਮੰਡ ਨੇ ਕਿਹਾ ਅੱਜ ਫਿਰ ਕੌਮ ਦੇ ਹਾਲਾਤ ਨੂੰ ਵੇਖਦਿਆਂ ਇਸ ਪਾਸੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਦਾ ਅਨੁਭਵ ਕਰਕੇ ਜਿੱਥੇ ਗਿਆਨੀ ਰਘਬੀਰ ਸਿੰਘ ਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ, ਉੱਥੇ ਸਮੁੱਚੀ ਸਿੱਖ ਕੌਮ ਅਤੇ ਆਮ ਲੋਕਾਂ ਨੂੰ ਇਸ ਮੁੱਦੇ ਬਾਰੇ ਜਾਗ੍ਰਿਤ ਕਰਨ ਵਾਸਤੇ ਆਪਣਾ ਫਰਜ਼ ਨਿਭਾਉਣ ਦਾ ਯਤਨ ਕਰ ਰਿਹਾ ਹਾਂ । ਧੜੇਬੰਦੀ ਕਰਕੇ ਕੌਮ ਦੀ ਹੋਈ ਮੰਦਹਾਲੀ ਅਤੇ ਪੰਥ ਦੇ ਵਡੇਰੇ ਹਿੱਤਾਂ ਨੂੰ ਮੁੱਖ ਰੱਖਦਿਆਂ ਮੀਡੀਆ ਰਾਹੀਂ ਫਿਰ ਗਿਆਨੀ ਰਘਬੀਰ ਸਿੰਘ ਨੂੰ ਅਪੀਲ ਕਰਦਾ ਹਾਂ ਕਿ ਜੇਕਰ ਤੁਸੀਂ ਹੁਣ ਤੱਕ ਇਸ ਮੁੱਦੇ ਵੱਲ ਧਿਆਨ ਨਹੀਂ ਦੇ ਸਕੇ ਤਾਂ ਆਪ ਨੂੰ ਸੱਦਾ ਦਿੰਦਾ ਹਾਂ ਕਿ 29 ਜੁਲਾਈ ਨੂੰ 11 ਵਜੇ ਅਕਾਲ ਤਖਤ ਸਾਹਿਬ ਤੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਚਰਨਾਂ ਵਿੱਚ ਤੁਹਾਡੀ ਉਡੀਕ ਕਰਾਂਗਾ ਤਾਂ ਕਿ ਕੌਮ ਦੀ ਵਿਗੜੀ ਸੰਵਾਰਨ ਲਈ ਕੌਮੀ ਏਕਤਾ ਬਾਰੇ ਵਿਚਾਰ ਕਰਕੇ ਕੋਈ ਠੋਸ ਉੱਦਮ ਉਪਰਾਲਾ ਕੀਤਾ ਜਾ ਸਕੇ। ਉਮੀਦ ਹੈ ਕਿ ਗਿਆਨੀ ਰਘਬੀਰ ਸਿੰਘ ਕੌਮ ਦੇ ਹਿਤਾਂ ਅਤੇ ਸਿੱਖ ਸਿਧਾਂਤਾਂ ਨੂੰ ਮੁੱਖ ਰੱਖਦਿਆਂ ਹੋਇਆਂ ਮਿਥੇ ਸਮੇਂ ਅਨੁਸਾਰ ਮਿਲ ਬੈਠਣ ਵਾਸਤੇ ਹਾਮੀ ਭਰਨਗੇ। ਇਸ ਮੌਕੇ ਜਰਨੈਲ ਸਿੰਘ ਸਖੀਰਾ, ਸਤਨਾਮ ਸਿੰਘ ਮਨਾਵਾਂ ਅਤੇ ਹਰਬੀਰ ਸਿੰਘ ਸੰਧੂ ਆਦਿ ਹਾਜ਼ਰ ਸਨ।

# ਆਰਮੀ ਪਬਲਿਕ ਸਕੂਲ ਤਿੱਬੜੀ ਕੈਂਟ 'ਚ ਜੀ20 ਦੀ ਤਰਜ਼ 'ਤੇ ਕਰਵਾਇਆ ਸਮਾਗਮ



**ਗੁਰਦਾਸਪੁਰ, (ਜਨਕ ਮਹਾਜਨ)**

ਇੱਥੋਂ ਨਜ਼ਦੀਕੀ ਆਰਮੀ ਪਬਲਿਕ ਸਕੂਲ ਤਿੱਬੜੀ ਕੈਂਟ ਵਿੱਚ ਯੁਵਾਮੰਥਨ ਮਾਡਲ ਜੀ20 ਦੀ ਇੱਕ ਮੀਟਿੰਗ ਸਕੂਲ ਪ੍ਰਬੰਧਕੀ ਕਮੇਟੀ ਵੱਲੋਂ ਕਰਵਾਈ ਗਈ। ਇਸ ਪ੍ਰੋਗਰਾਮ ਸਬੰਧੀ ਜਾਣਕਾਰੀ ਦਿੰਦਿਆਂ ਪ੍ਰੋਗਰਾਮ ਦੇ ਪ੍ਰਬੰਧਕ ਕਰਨਲਜੀਤ ਸਿੰਘ ਨੇ ਦੱਸਿਆ ਕਿ ਯੁਵਾਮੰਥਨ ਮਾਡਲ ਜੀ20 ਦਾ ਸਮਾਗਮ ਚੇਅਰਮੈਨ ਬ੍ਰਿਗੇਡੀਅਰ ਪਰੱਨਿਆ ਡੰਗਵਾਲ ਦੀ ਰਹਿਨੁਮਾਈ ਵਿੱਚ ਕਰਵਾਇਆ ਗਿਆ। ਪ੍ਰੋਗਰਾਮ ਦਾ ਉਦਘਾਟਨ ਪ੍ਰਿੰਸੀਪਲ ਮੇਨਕਾ ਗੌਤਮ ਗੌਰ ਨੇ ਜੋਤ ਜਗਾ ਕੇ ਕੀਤਾ। ਉਦਘਾਟਨ ਮੌਕੇ ਵਿਦਿਅਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਇਸ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਦੇਸ਼ਾਂ ਦੀ ਪ੍ਰਤੀਨਿਧਤਾ ਕਰਦੇ ਹੋਏ ਮੀਟਿੰਗ ਵਿੱਚ "ਮੌਸਮੀ ਤਬਦੀਲੀ ਅਤੇ ਟਿਕਾਊ ਵਿਕਾਸ"ਦੀ ਅਜੋਕੇ ਸਮੇਂ ਵਿੱਚ ਮਹੱਤਤਾ ਵਿਸ਼ੇ ਉੱਤੇ ਵਿਚਾਰ ਵਟਾਂਦਰਾ ਕੀਤਾ। ਵਿਦਿਆਰਥੀਆਂ ਵਿੱਚ ਇਸ ਪ੍ਰੋਗਰਾਮ ਨੂੰ ਲੈ ਕੇ ਬਹੁਤ ਉਤਸ਼ਾਹ ਪਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਜੀ 20 ਦੇ ਵੀਹ ਮੈਂਬਰ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਅਤੇ ਦੇਸ਼ ਮੁਖੀਆਂ ਦੀ ਭੂਮਿਕਾ ਨਿਭਾਉਂਦੇ ਹੋਏ ਬਾ-ਕਮਾਲ ਤਕਰੀਰਾਂ ਕੀਤੀਆਂ। ਇਸ ਦੌਰਾਨ ਉਨ੍ਹਾਂ ਨੇ ਮੌਸਮੀ ਤਬਦੀਲੀਆਂ ਨਾਲ ਸਿੱਝਣ ਵਾਸਤੇ ਆਪਣੇ ਆਪਣੇ ਦੇਸ਼ਾਂ ਦੀਆਂ ਰਣਨੀਤੀਆਂ ਪੇਸ਼ ਕੀਤੀਆਂ। ਪ੍ਰੋਗਰਾਮ ਦੌਰਾਨ ਜੱਜ ਦੀ ਭੂਮਿਕਾ ਕੇਂਦਰੀ ਵਿਦਿਆਲਿਆ ਤਿੱਬੜੀ ਕੈਂਟ ਦੇ ਅਧਿਆਪਕ ਈਸ਼ਾ ਮਹਾਜਨ, ਰਾਜਵੰਤ ਕੌਰ ਅਤੇ ਪੀ. ਜੀ. ਟੀ. ਇਤਿਹਾਸ ਦੇ ਅਧਿਆਪਕ ਵਿਵੇਕ ਨੇ ਨਿਭਾਈ। ਇਸ ਸਮੇਂ ਜੱਜ ਸਹਿਬਾਨਾਂ ਵਲੋਂ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਦੀ ਬਹੁਤ ਤਰੀਫ ਕੀਤੀ ਗਈ ਅਤੇ ਉਨ੍ਹਾਂ ਨੇ ਕਿਹਾ ਕਿ ਵਿਦਿਆਰਥੀਆਂ ਨੇ ਪੂਰੀ ਤਿਆਰੀ ਅਤੇ ਲਗਨ ਨਾਲ ਭਾਗ ਲੈ ਕੇ ਪ੍ਰੋਗਰਾਮ ਨੂੰ ਯਾਦਗਾਰੀ ਬਣਾਇਆ ਹੈ। ਪ੍ਰੋਗਰਾਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਵਿੱਚ ਸੀਸੀਏ ਇੰਚਾਰਜ ਮਨਪ੍ਰੀਤ ਕੌਰ ਅਤੇ ਸਟਾਫ਼ ਮੈਂਬਰਾਂ ਨੇ ਅਹਿਮ ਭੂਮਿਕਾ ਨਿਭਾਈ।

27-July-PAGE-4.qxd 7/26/2023 11:17 PM Page 1

ਨਵਾਂ ਜ਼ਮਾਨਾ

ਵੀਰਵਾਰ, 27 ਜੁਲਾਈ 2023

# ਮਹਿਲਾਵਾਂ ਵਿਰੁੱਧ ਸਭ ਤੋਂ ਵੱਧ ਜੁਰਮ ਭਾਜਪਾ ਹਕੂਮਤ ਵਾਲੇ ਰਾਜਾਂ 'ਚ

*ਪ੍ਰਧਾਨ ਮੰਤਰੀ ਨੇ ਮਨੀਪੁਰ ਵਿਚ ਮਹਿਲਾਵਾਂ ਨੂੰ ਨਿਰਵਸਤਰ ਘੁਮਾਉਣ, ਬਲਾਤਕਾਰ ਕਰਨ ਤੇ ਕਤਲ ਤੱਕ ਕਰ ਦੇਣ ਦੀ ਘਟਨਾ ਦੀ ਵੀਡੀਓ ਵਾਇਰਲ ਹੋਣ 'ਤੇ ਸੂਬੇ ਵਿਚ ਤਿੰਨ ਮਈ ਤੋਂ ਚਲ ਰਹੀ ਹਿੰਸਾ ਬਾਰੇ ਪਿਛਲੇ ਦਿਨੀਂ ਪਹਿਲੀ ਵਾਰ ਖਾਮੋਸ਼ੀ ਤੋੜਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਨੀਪੁਰ ਦੀ ਘਟਨਾ 'ਤੇ ਦੁੱਖ ਪ੍ਰਗਟਾਉਣ ਦੇ ਨਾਲ-ਨਾਲ ਕਾਂਗਰਸ ਹਕੂਮਤਾਂ ਵਾਲੇ ਰਾਜਸਥਾਨ ਤੇ ਛੱਤੀਸਗੜ੍ਹ ਵਿਚ ਮਹਿਲਾਵਾਂ 'ਤੇ ਹਿੰਸਾ ਦਾ ਜ਼ਿਕਰ ਉਘਾੜ ਕੇ ਕੀਤਾ ਸੀ। ਭਾਜਪਾ ਦੀ ਹਕੂਮਤ ਵਾਲੀਆਂ ਸਰਕਾਰਾਂ 'ਚ ਮਹਿਲਾਵਾਂ ਦੀ ਦਸ਼ਾ ਬਾਰੇ ਕੁਝ ਨਹੀਂ ਸੀ ਕਿਹਾ। ਭਾਜਪਾਈਆਂ ਦੀ ਖਾਸੀਅਤ ਹੈ ਕਿ ਆਪਣੀ ਗਲਤੀ ਮੰਨਣ ਦੀ ਥਾਂ ਦੂਜੇ ਨੂੰ ਗਲਤ ਸਾਬਤ ਕਰਨ ਲਈ ਟਿੱਲ ਲਾ ਦਿੰਦੇ ਹਨ। ਪ੍ਰਧਾਨ ਮੰਤਰੀ ਦੇ ਬਿਆਨ ਤੋਂ ਬਾਅਦ ਭਾਜਪਾ ਆਗੂਆਂ ਨੇ ਵੀ ਹੁਸ਼ਿਆਰੀ ਫੜਦਿਆਂ ਰਾਜਸਥਾਨ ਤੇ ਛੱਤੀਸਗੜ੍ਹ ਦਾ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਸੰਸਦ ਵਿਚ ਮਨੀਪੁਰ ਹਿੰਸਾ 'ਤੇ ਬਹਿਸ ਦੇ ਨਾਲ-ਨਾਲ ਰਾਜਸਥਾਨ ਤੇ ਛੱਤੀਸਗੜ੍ਹ ਦੀ ਸਥਿਤੀ 'ਤੇ ਬਹਿਸ ਨੂੰ ਵੀ ਨੱਥੀ ਕਰਨ ਦੀ ਮੰਗ ਕਰਨ ਲੱਗ ਪਏ। ਇਸੇ ਦਰਮਿਆਨ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਨੇ ਇਸ ਸਵਾਲ ਕਿ ਕੀ ਦੇਸ਼ ਵਿਚ ਮਹਿਲਾਵਾਂ ਨਾਲ ਬਲਾਤਕਾਰ ਤੇ ਉਨ੍ਹਾਂ ਦੇ ਕਤਲਾਂ ਦੇ ਮਾਮਲੇ ਵਧੇ ਹਨ, ਦਾ ਜਵਾਬ ਦਿੰਦਿਆਂ ਲੋਕ ਸਭਾ ਵਿਚ ਜਿਹੜੇ ਅੰਕੜੇ ਪੇਸ਼ ਕੀਤੇ ਹਨ, ਉਹ ਪ੍ਰਧਾਨ ਮੰਤਰੀ ਤੇ ਹੋਰਨਾਂ ਭਾਜਪਾ ਆਗੂਆਂ ਨੂੰ ਮੂੰਹ ਚਿੜਾਉਣ ਵਾਲੇ ਹਨ। ਮਿਸ਼ਰਾ ਮੁਤਾਬਕ 2017 ਤੋਂ 2021 ਤੱਕ ਦੇਸ਼ ਦੇ 18 ਰਾਜਾਂ ਵਿਚ ਮਹਿਲਾਵਾਂ ਨਾਲ ਬਲਾਤਕਾਰ ਤੇ ਕਤਲਾਂ ਦੇ 1278 ਮਾਮਲੇ ਦਰਜ ਕੀਤੇ ਗਏ। 218 ਮਾਮਲਿਆਂ ਨਾਲ ਯੂ ਪੀ ਟਾਪ 'ਤੇ ਸੀ। ਉਸ ਤੋਂ ਬਾਅਦ ਆਸਾਮ (191), ਮੱਧ ਪ੍ਰਦੇਸ਼ (166) ਤੇ ਮਹਾਰਾਸ਼ਟਰ (133) ਸਨ। ਪਹਿਲੇ ਤਿੰਨ ਰਾਜਾਂ ਵਿਚ ਭਾਜਪਾ ਦੀਆਂ ਸਰਕਾਰਾਂ ਹਨ ਤੇ ਚੌਥੇ ਵਿਚ ਭਾਜਪਾ ਦੇ ਗੱਠਜੋੜ ਵਾਲੀ। ਕਾਂਗਰਸ ਦੀਆਂ ਹਕੂਮਤਾਂ ਵਾਲੇ ਰਾਜਸਥਾਨ ਤੇ ਛੱਤੀਸਗੜ੍ਹ ਵਿਚ ਕ੍ਰਮਵਾਰ 39 ਤੇ 32 ਮਾਮਲੇ ਦਰਜ ਹੋਏ ਸਨ ਜਦਕਿ ਤ੍ਰਿਣਮੂਲ ਕਾਂਗਰਸ ਦੀ ਹਕੂਮਤ ਵਾਲੇ ਪੱਛਮੀ ਬੰਗਾਲ ਵਿਚ 30 ਮਾਮਲੇ।*

*ਅਜੈ ਕੁਮਾਰ ਮਿਸ਼ਰਾ ਵੱਲੋਂ 2017 ਤੋਂ 2021 ਤੱਕ ਮਹਿਲਾਵਾਂ ਵਿਰੁੱਧ ਜੁਰਮਾਂ ਬਾਰੇ ਪੇਸ਼ ਅੰਕੜੇ ਦੱਸਦੇ ਹਨ ਕਿ ਉਨ੍ਹਾਂ ਦੀ ਸਭ ਤੋਂ ਮਾੜੀ ਹਾਲਤ ਭਾਜਪਾ ਦੀਆਂ ਹਕੂਮਤਾਂ ਵਾਲੇ ਰਾਜਾਂ ਵਿਚ ਹੈ। 2017 ਵਿਚ ਯੂ ਪੀ ਵਿਚ ਮਹਿਲਾਵਾਂ ਵਿਰੁੱਧ ਹਿੰਸਾ ਦੇ 56011 ਮਾਮਲੇ ਦਰਜ ਹੋਏ। ਉਸ ਤੋਂ ਬਾਅਦ ਮਹਾਰਾਸ਼ਟਰ (31979), ਬੰਗਾਲ (30992), ਮੱਧ ਪ੍ਰਦੇਸ਼ (29788), ਰਾਜਸਥਾਨ (25993) ਅਤੇ ਆਸਾਮ (23082) ਦਾ ਨੰਬਰ ਸੀ। ਛੱਤੀਸਗੜ੍ਹ ਵਿਚ 7996 ਮਾਮਲੇ ਦਰਜ ਹੋਏ ਸਨ। 2018 ਵਿਚ ਵੀ ਯੂ ਪੀ ਨੰਬਰ ਇਕ 'ਤੇ ਸੀ, ਜਿੱਥੇ 59445 ਮਾਮਲੇ ਦਰਜ ਹੋਏ। ਉਸ ਤੋਂ ਬਾਅਦ ਮਹਾਰਾਸ਼ਟਰ (35497), ਬੰਗਾਲ (30394), ਰਾਜਸਥਾਨ (27866) ਅਤੇ ਆਸਾਮ (27687) ਸਨ ਜਦਕਿ ਛੱਤੀਸਗੜ੍ਹ ਵਿਚ 8587 ਮਾਮਲੇ ਦਰਜ ਹੋਏ ਸਨ। 2019 ਵਿਚ ਵੀ ਯੂ ਪੀ 59853 ਮਾਮਲਿਆਂ ਨਾਲ ਅੱਵਲ ਸੀ। ਉਸ ਤੋਂ ਬਾਅਦ ਰਾਜਸਥਾਨ (41550), ਮਹਾਰਾਸ਼ਟਰ (37144), ਬੰਗਾਲ (29859) ਤੇ ਆਸਾਮ (30025) ਸਨ। ਛੱਤੀਸਗੜ੍ਹ ਵਿਚ 7689 ਮਾਮਲੇ ਦਰਜ ਹੋਏ ਸਨ। 2020 ਵਿਚ ਵੀ ਯੂ ਪੀ 49385 ਮਾਮਲਿਆਂ ਨਾਲ ਅੱਵਲ ਸੀ। ਉਸ ਤੋਂ ਬਾਅਦ ਬੰਗਾਲ (36439), ਰਾਜਸਥਾਨ (34535), ਮਹਾਰਾਸ਼ਟਰ (31954) ਆਸਾਮ (26352) ਸਨ, ਜਦਕਿ ਛੱਤੀਸਗੜ੍ਹ ਵਿਚ 7385 ਮਾਮਲੇ ਦਰਜ ਹੋਏ ਸਨ। 2021 ਵਿਚ ਵੀ ਯੂ ਪੀ 'ਚ ਸਭ ਤੋਂ ਵੱਧ 56083 ਮਾਮਲੇ ਦਰਜ ਹੋਏ। ਉਸ ਤੋਂ ਬਾਅਦ ਰਾਜਸਥਾਨ (40738), ਮਹਾਰਾਸ਼ਟਰ (39526), ਬੰਗਾਲ (35884), ਓਡੀਸ਼ਾ (31352) ਅਤੇ ਆਸਾਮ (29046) ਦਾ ਨੰਬਰ ਸੀ ਜਦਕਿ ਛੱਤੀਸਗੜ੍ਹ ਵਿਚ 7344 ਮਾਮਲੇ ਦਰਜ ਹੋਏ ਸਨ। ਅੰਕੜੇ ਸਾਫ ਹਨ ਕਿ ਮਹਿਲਾਵਾਂ 'ਤੇ ਸਭ ਤੋਂ ਵੱਧ ਜੁਰਮ ਬੇਟੀ ਬਚਾਓ ਬੇਟੀ ਪੜ੍ਹਾਓ ਦੇ ਨਾਅਰੇ ਲਾਉਣ ਵਾਲਿਆਂ ਦੇ ਰਾਜਾਂ ਵਿਚ ਹੋ ਰਹੇ ਹਨ।*

# ਸੰਵੇਦਨਸ਼ੀਲ ਮੁੱਦਿਆਂ 'ਤੇ ਚੁੱਪ ਧਾਰਨ ਦੀ ਕੀਮਤ ਤਾਰਨੀ ਪਵੇਗੀ

**ਪਰਮਜੀਤ ਸਿੰਘ ਬਾਗੜੀਆ**

ਲੱਛੇਦਾਰ ਭਾਸ਼ਣਾਂ ਲਈ ਮਾਹਰ ਅਤੇ ਰਾਸ਼ਟਰੀ ਰੇਡੀਓ 'ਤੇ 'ਮਨ ਕੀ ਬਾਤ' ਰਾਹੀਂ ਹਰ ਛੋਟੇ ਤੋਂ ਛੋਟੇ ਮੁੱਦੇ ਨੂੰ ਛੂਹਣ ਦਾ ਦਮ ਭਰਨ ਵਾਲੇ ਐੱਨ ਡੀ ਏ ਸਰਕਾਰ ਦੇ ਮੁਖੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਦੂਜਾ ਕਾਰਜਕਾਲ ਸੰਵੇਦਨਸ਼ੀਲ ਮੁੱਦਿਆਂ 'ਤੇ ਲੰਮੀ ਚੁੱਪ ਤਾਣ ਲੈਣ ਦਾ ਨਵਾਂ ਰਿਕਾਰਡ ਬਣਾ ਰਿਹਾ ਹੈ। ਦੇਸ਼ ਦੇ ਕਈ ਹਿੱਸਿਆਂ ਵਿੱਚ ਖਾਸ ਕਰ ਭਾਜਪਾ ਸ਼ਾਸਤ ਸੂਬਿਆਂ ਵਿੱਚ ਹੋਈਆਂ ਅਣਸੁਖਾਵੀਆਂ ਘਟਨਾਵਾਂ 'ਤੇ ਪ੍ਰਧਾਨ ਮੰਤਰੀ ਵੱਲੋਂ ਲੰਮਾ ਸਮਾਂ ਚੁੱਪ ਰਹਿ ਕੇ ਡੰਗ ਟਪਾਈ ਕਰਨ ਦਾ ਸਿਲਸਿਲਾ ਜਾਰੀ ਹੈ।

ਉੱਤਰ ਪੂਰਬੀ ਸੂਬੇ ਮਨੀਪੁਰ ਵਿੱਚ 3 ਮਈ ਨੂੰ ਸਥਾਨਕ ਮੈਤੇਈ ਅਤੇ ਕੁੱਕੀ ਕਬੀਲਿਆਂ ਵਿੱਚ ਹੋਈ ਹਿੰਸਾ ਵਿੱਚ 142 ਵਿਅਕਤੀਆਂ ਦੇ ਮਰਨ ਬਾਅਦ ਵੀ ਹਿੰਸਕ ਘਟਨਾਵਾਂ ਜਾਰੀ ਰਹੀਆਂ। ਹਜ਼ਾਰਾਂ ਪਰਵਾਰਾਂ ਨੂੰ ਘਰ-ਬਾਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਜਾਣਾ ਪਿਆ। ਅਗਜ਼ਨੀ ਦੌਰਾਨ ਘਰਾਂ ਦੀ ਸਾੜਫੂਕ ਕੀਤੀ ਗਈ ਅਤੇ ਪੁਲਸ ਅਤੇ ਫੌਜ ਤੋਂ ਹਥਿਆਰ ਲੁੱਟੇ ਗਏ, ਪਰ ਪ੍ਰਧਾਨ ਮੰਤਰੀ ਕੋਲ ਕਰਨਾਟਕ ਵਿਧਾਨ ਸਭਾ ਚੋਣਾਂ ਲਈ ਪਾਰਟੀ ਹਿੱਤ ਵਿੱਚ ਧੂੰਆਂਧਾਰ ਪ੍ਰਚਾਰ ਕਰਨ ਦਾ ਤਾਂ ਸਮਾਂ ਸੀ, ਪਰ ਮਨੀਪੁਰ ਹਿੰਸਾ 'ਤੇ ਉਹ ਇੱਕ ਸ਼ਬਦ ਵੀ ਨਹੀਂ ਬੋਲੇ। ਉਹ ਅਮਰੀਕਾ ਅਤੇ ਮਿਸਰ ਦੇ 5 ਦਿਨਾਂ ਦੌਰੇ ਤੋਂ ਬਾਅਦ ਭੋਪਾਲ ਤਾਂ ਗਏ, ਪਰ ਘਰੇਲੂ ਹਿੰਸਾ ਵਿੱਚ ਸੜ ਰਹੇ ਮਨੀਪੁਰ ਵੱਲ ਮੂੰਹ ਨਹੀਂ ਕੀਤਾ, ਨਾ ਹੀ ਮਨੀਪੁਰ ਵਿੱਚ ਅਮਨ-ਬਹਾਲੀ ਦੇ ਯਤਨਾਂ ਬਾਰੇ ਦੇਸ਼ ਵਾਸੀਆਂ ਨਾਲ ਕੋਈ ਗੱਲ ਸਾਂਝੀ ਕੀਤੀ, ਭਾਵ ਜਾਣ-ਬੁੱਝ ਕੇ ਚੁੱਪ ਵੱਟੀ ਰੱਖੀ। ਹੁਣ ਪ੍ਰਧਾਨ ਮੰਤਰੀ ਮਨੀਪੁਰ ਵਿੱਚ 3 ਮਈ ਦੀ ਹਿੰਸਾ ਦੌਰਾਨ ਦੋ ਔਰਤਾਂ ਨੂੰ ਨਗਨ ਘੁਮਾਉਣ ਅਤੇ ਉਨ੍ਹਾਂ ਦੀ ਆਬਰੂ ਤਾਰ-ਤਾਰ ਕਰਨ ਦੀ ਵੀਡੀਓ ਵਾਇਰਲ ਹੋਣ ਉਪਰੰਤ ਪਾਰਲੀਮੈਂਟ ਵਿੱਚ ਮੌਨਸੂਨ ਸੈਸ਼ਨ ਦੇ ਪਹਿਲੇ ਦਿਨ ਮਨੀਪੁਰ ਹਿੰਸਾ ਮਾਮਲੇ 'ਤੇ ਮੂੰਹ ਖੋਲ੍ਹਣ ਲਈ ਮਜਬੂਰ ਹੋਏ ਜਾਂ ਕਹਿ ਲਓ ਦੇਸ਼ ਦੀ ਸਰਵਉੱਚ ਅਦਾਲਤ ਵੱਲੋਂ ਇਸ ਘਟਨਾ ਦਾ ਨੋਟਿਸ ਲੈਂਦਿਆਂ ਦਿੱਤੀ ਚਿਤਾਵਨੀ ਤੋਂ ਬਾਅਦ ਮੂੰਹ ਖੋਲ੍ਹਣਾ ਪਿਆ।

ਮੋਦੀ ਦੇ ਦੂਜੇ ਕਾਰਜਕਾਲ ਵਿੱਚ ਸੰਵੇਦਨਸ਼ੀਲ ਅਤੇ ਘੱਟ-ਗਿਣਤੀਆਂ, ਔਰਤਾਂ, ਕਿਸਾਨਾਂ ਅਤੇ ਦਲਿਤਾਂ 'ਤੇ ਜੁੜੇ ਮੁੱਦੇ 'ਤੇ ਚੁੱਪ ਰਹਿਣ ਦੀ ਲੜੀ ਲੰਬੀ ਹੈ। 2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸੱਤਾ ਤਬਦੀਲੀ ਦੀ ਲੜਾਈ ਦੇ ਮੋਹਰੀ ਇਸੇ ਨਰਿੰਦਰ ਮੋਦੀ ਨੇ ਤਤਕਾਲੀਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਦੇਸ਼ ਦੇ ਅਹਿਮ ਮੁੱਦਿਆਂ 'ਤੇ ਚੁੱਪ ਰਹਿਣ ਕਰਕੇ ਆਪਣੇ ਸਿਆਸੀ ਹਮਲਿਆਂ ਵਿੱਚ ਉਨ੍ਹਾ ਨੂੰ ਮੌਨ ਸਿੰਘ ਤੱਕ ਕਹਿ ਦਿੱਤਾ ਸੀ, ਪਰ ਅੱਜ 9 ਸਾਲ ਦੇ ਰਾਜ-ਭਾਗ ਬਾਅਦ ਦੇਸ਼ ਦਾ ਧਿਆਨ ਮੰਗਦੇ ਵੱਖ-ਵੱਖ ਮੁੱਦਿਆਂ 'ਤੇ ਧਾਰੀ ਉਸ ਦੀ ਚੁੱਪ ਨੇ ਦੇਸ਼ ਦੇ ਲੋਕਾਂ ਨੂੰ ਹੈਰਾਨ ਕਰ ਰੱਖਿਆ ਹੈ। ਦੇਸ਼ ਵਿੱਚ ਵਾਪਰੇ ਘਿਨਾਉਣੇ ਅਪਰਾਧ ਕਾਂਡ ਹਾਥਰਸ ਵਿਖੇ 14 ਸਤੰਬਰ 2020 ਨੂੰ 19 ਸਾਲ ਦਲਿਤ ਲੜਕੀ ਦਾ ਅਖੌਤੀ ਉੱਚ ਜਾਤੀ ਦੇ ਠਾਕੁਰ ਨੌਜਵਾਨਾਂ ਵੱਲੋਂ ਸਮੂਹਿਕ ਬਲਾਤਕਾਰ ਉਪਰੰਤ ਕਤਲ ਕੀਤਾ ਗਿਆ ਅਤੇ 3 ਸਾਲ ਦੇ ਅੰਦਰ ਹੀ ਅਦਾਲਤ ਵੱਲੋਂ ਚਾਰੇ ਦੋਸ਼ੀਆਂ ਨੂੰ ਹੱਤਿਆ, ਬਲਾਤਕਾਰ ਅਤੇ ਸਮੂਹਿਕ ਬਲਾਤਕਾਰ ਦੇ ਸੰਗੀਨ ਦੋਸ਼ਾਂ ਵਿੱਚੋਂ ਬਰੀ ਕਰ ਦਿੱਤਾ ਗਿਆ। 2021 ਨੂੰ ਖੇਤੀ ਕਾਨੂੰਨਾਂ ਸੰਬੰਧੀ ਪਾਰਲੀਮੈਂਟ ਵਿੱਚ ਪੇਸ਼ ਕੀਤੇ 3 ਖੇਤੀ ਆਰਡੀਨੈਂਸਾਂ ਵਿਰੁੱਧ ਉੱਠੇ ਦੇਸ਼-ਵਿਆਪੀ ਕਿਸਾਨ ਅੰਦੋਲਨ 'ਤੇ ਵੀ ਪ੍ਰਧਾਨ ਮੰਤਰੀ ਨੇ ਲੰਬੀ ਚੁੱਪ ਧਾਰੀ ਰੱਖੀ। ਪਾਰਲੀਮੈਂਟ ਦੀਆਂ ਬਰੂਹਾਂ 'ਤੇ ਸਾਲ ਭਰ ਤੋਂ ਵੱਧ ਸਮਾਂ ਤੱਕ ਮਘਦੇ ਰਹੇ ਇਸ ਲੋਕ ਅੰਦੋਲਨ ਵਿੱਚ 700 ਤੋਂ ਵੱਧ ਲੋਕਾਂ ਦੀ ਜਾਨ ਜਾਣ 'ਤੇ ਵੀ ਪ੍ਰਧਾਨ ਮੰਤਰੀ ਮੋਦੀ ਦਾ ਦਿਲ ਨਹੀਂ ਪਸੀਜਿਆ, ਸਗੋਂ ਅੰਦੋਲਨ ਦੇ ਲੰਬੇ ਹੁੰਦੇ ਜਾਣ ਦੇ ਨਾਲ-ਨਾਲ ਮੋਦੀ ਦੀ ਸੰਵੇਦਨਹੀਣਤਾ ਹੋਰ ਵੀ ਬਲਵਾਨ ਹੁੰਦੀ ਗਈ। 3 ਅਕਤੂਬਰ 2021 ਨੂੰ ਉੱਤਰ ਪ੍ਰਦੇਸ਼ ਦੇ ਲਖੀਮਪੁਰ ਜ਼ਿਲ੍ਹੇ ਦੇ ਤਿਕੁਨੀਆ ਵਿਖੇ ਕਾਨੂੰਨਾਂ ਵਿਰੁੱਧ ਇੱਕ ਸ਼ਾਂਤਮਈ ਪ੍ਰਦਰਸ਼ਨ ਵਿੱਚ ਭਾਗ ਲੈਣ ਉਪਰੰਤ ਪਰਤ ਰਹੇ ਕਿਸਾਨਾਂ 'ਤੇ ਮੋਦੀ ਵਜ਼ਾਰਤ ਦੇ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ਿਸ਼ ਮਿਸ਼ਰਾ ਵੱਲੋਂ ਗੱਡੀ ਚੜ੍ਹਾਅ ਦੇਣ ਨਾਲ ਮਾਰੇ ਗਏ 4 ਕਿਸਾਨ ਅਤੇ ਇੱਕ ਪੱਤਰਕਾਰ ਦੀ ਮੌਤ 'ਤੇ ਵੀ ਪ੍ਰਧਾਨ ਮੰਤਰੀ ਨੇ ਮੂੰਹ ਨਹੀਂ ਖੋਲ੍ਹਿਆ ਸੀ ਅਤੇ ਉਲਟਾ ਉਨ੍ਹਾਂ ਦਾ ਵਜ਼ੀਰ ਸਥਾਨਕ ਪ੍ਰਸ਼ਾਸਨ ਵਿੱਚ ਆਪਣਾ ਪ੍ਰਭਾਵ ਪਾ ਕੇ ਦੋਸ਼ੀ ਪੁੱਤਰ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਦੀ ਪੈਰਵੀ ਕਰਦਾ ਰਿਹਾ, ਪਰ ਪ੍ਰਧਾਨ ਮੰਤਰੀ ਨੇ ਦੇਸ਼-ਵਿਆਪੀ ਵਿਰੋਧ ਦੇ ਬਾਵਜੂਦ ਆਪਣੇ ਵਜ਼ਾਰਤ ਦੇ ਮੰਤਰੀ ਅਜੈ ਮਿਸ਼ਰਾ 'ਤੇ ਵੀ ਕੋਈ ਆਂਚ ਨਹੀਂ ਆਉਣ ਦਿੱਤੀ।

ਇਸ ਤੋਂ ਬਾਅਦ ਭਾਜਪਾ ਦੇ ਹੀ ਇੱਕ ਐੱਮ ਪੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਜੋ ਭਾਰਤੀ ਕੁਸ਼ਤੀ ਫੈਡਰੇਸ਼ਨ ਦਾ ਪ੍ਰਧਾਨ ਵੀ ਰਿਹਾ ਹੈ, ਵੱਲੋਂ ਹੁਣ ਦੇਸ਼ ਦੀਆਂ ਅੰਤਰ-ਰਾਸ਼ਟਰੀ ਮੈਡਲ ਜੇਤੂ ਪਹਿਲਵਾਨ ਲੜਕੀਆਂ ਨਾਲ ਯੌਨ ਸ਼ੋਸ਼ਣ ਦੇ ਗੰਭੀਰ ਦੋਸ਼ ਲੱਗਣ ਅਤੇ ਇਸ ਮਾਮਲੇ ਵਿੱਚ ਪਹਿਲਵਾਨਾਂ ਵੱਲੋਂ ਇਨਸਾਫ਼ ਲਈ ਕੀਤੀ ਲੰਮੀ ਜੱਦੋ-ਜਹਿਦ ਅਤੇ ਦੇਸ਼-ਵਿਆਪੀ ਲੋਕ ਵਿਰੋਧ ਉਪਰੰਤ ਦਰਜ ਹੋਏ ਮਾਮਲੇ ਤੋਂ ਬਾਅਦ ਵੀ ਦੇਸ਼ ਦਾ ਨਾਂਅ ਅੰਤਰ-ਰਾਸ਼ਟਰੀ ਪੱਧਰ 'ਤੇ ਚਮਕਾਉਣ ਵਾਲੀਆਂ ਪਹਿਲਵਾਨ ਲੜਕੀਆਂ ਲਈ ਇਨਸਾਫ਼ ਦੇ ਨਾਂਅ 'ਤੇ ਪ੍ਰਧਾਨ ਮੰਤਰੀ ਦੇ ਮੂੰਹੋਂ ਇੱਕ ਸ਼ਬਦ ਨਹੀਂ ਨਿਕਲਿਆ। ਚੋਟੀ ਦੀਆਂ ਖਿਡਾਰਨਾਂ ਨੂੰ ਮੋਦੀ ਸਰਕਾਰ ਤੋਂ ਇਨਸਾਫ਼ ਪ੍ਰਤੀ ਬੇਆਸ ਹੋਣ ਉਪਰੰਤ ਮਾਣਯੋਗ ਅਦਾਲਤ ਦਾ ਦਰ ਖੜਕਾਉਣਾ ਪਿਆ ਅਤੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਭਾਜਪਾ ਦਾ ਇਹ ਬਾਹੂਬਲੀ ਸੰਸਦ ਮੈਂਬਰ ਹੁਣ ਪੱਕੀ ਜ਼ਮਾਨਤ ਵੀ ਕਰਵਾ ਚੁੱਕਾ ਹੈ।

ਕਾਂਗਰਸੀ ਐੱਮ ਪੀ ਰਾਹੁਲ ਗਾਂਧੀ ਵੱਲੋਂ ਪਾਰਲੀਮੈਂਟ ਦੇ ਅੰਦਰ ਅਤੇ ਬਾਹਰ ਦੇਸ਼ ਦੇ ਚੋਟੀ ਦੇ ਘਰਾਣਿਆਂ ਖਾਸ ਕਰ ਗੌਤਮ ਅਡਾਨੀ ਵੱਲੋਂ ਖੜੇ ਕੀਤੇ ਕਾਰੋਬਾਰੀ ਸਾਮਰਾਜ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭੂਮਿਕਾ ਬਾਰੇ ਸਪੱਸ਼ਟੀਕਰਨ ਮੰਗਿਆ ਗਿਆ, ਪਰ ਪ੍ਰਧਾਨ ਮੰਤਰੀ ਚੁੱਪ ਰਹੇ। ਉਲਟਾ 2019 ਦੀਆਂ ਲੋਕ ਸਭਾ ਚੋਣਾਂ ਮੌਕੇ ਕਰਨਾਟਕ ਵਿੱਚ ਕਾਂਗਰਸ ਪਾਰਟੀ ਦੀ ਇੱਕ ਚੋਣ ਰੈਲੀ ਵਿੱਚ ਸਿਆਸੀ ਤਕਰੀਰ ਰਾਹੀਂ ਪੁੱਛੇ ਸਵਾਲ ਨੂੰ ਅਧਾਰ ਬਣਾ ਕੇ ਕੀਤੇ ਮਾਣਹਾਨੀ ਦੇ ਇਕ ਕੇਸ ਦਾ ਅਦਾਲਤਾਂ ਤੋਂ ਫਟਾਫਟ ਨਿਪਟਾਰਾ ਕਰਵਾ ਕੇ 2 ਸਾਲ ਦੀ ਸਜ਼ਾ ਦਿਵਾਈ ਅਤੇ 24 ਘੰਟਿਆਂ ਵਿੱਚ ਹੀ ਮੋਦੀ ਤੋਂ ਪਾਰਲੀਮੈਂਟ ਵਿੱਚ ਅਡਾਨੀ ਸਮੂਹ ਨਾਲ ਪ੍ਰਧਾਨ ਮੰਤਰੀ ਸੰਬੰਧਾਂ ਬਾਰੇ ਸਵਾਲ ਪੁੱਛਣ ਵਾਲੇ ਰਾਹੁਲ ਗਾਂਧੀ ਦੀ ਸੰਸਦੀ ਮੈਂਬਰਸ਼ਿਪ ਖਾਰਜ ਕਰਕੇ ਉਸ ਨੂੰ ਘਰ ਤੋਰ ਦਿੱਤਾ ਗਿਆ। ਪ੍ਰਧਾਨ ਮੰਤਰੀ ਦੇ ਨਾਲ ਇਸ ਦੀ ਕੈਬਨਿਟ ਦੇ ਮੰਤਰੀਆਂ ਨੇ ਵੀ ਸੰਵੇਦਨਸ਼ੀਲ ਅਤੇ ਲੋਕ ਮੁੱਦਿਆਂ 'ਤੇ ਲਗਾਤਾਰ ਚੁੱਪ ਰਹਿਣ ਦਾ ਰਿਕਾਰਡ ਬਣਾਇਆ ਹੈ। ਸਭ ਕੁਝ ਦੇ ਹੋਏ ਮੋਦੀ ਦੀ ਤਾਨਾਸ਼ਾਹੀ ਅੱਗੇ ਇਹ ਮੰਤਰੀ ਗੂੰਗੇ ਬਣੇ ਬੈਠੇ ਰਹੇ।

ਕਿਸਾਨ ਅੰਦੋਲਨ ਮਾਮਲੇ 'ਤੇ ਖੇਤੀ ਮੰਤਰੀ ਨਰਿੰਦਰ ਤੋਮਰ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ, ਪੈਟਰੋਲ, ਡੀਜ਼ਲ ਅਤੇ ਘਰੇਲੂ ਗੈਸ ਦੀਆਂ ਕੀਮਤਾਂ ਅਤੇ ਔਰਤਾਂ 'ਤੇ ਅੱਤਿਆਚਾਰ ਮਾਮਲੇ ਵਿੱਚ ਸਿਮ੍ਰਿਤੀ ਈਰਾਨੀ ਅਤੇ ਮਨੀਪੁਰ ਹਿੰਸਾ ਮਾਮਲੇ 'ਤੇ ਅਰੁਨਾਚਲ ਪ੍ਰਦੇਸ਼ ਤੋਂ ਭਾਜਪਾ ਐੱਮ ਪੀ ਅਤੇ ਉੱਤਰ-ਪੂਰਬ ਮਾਮਲਿਆਂ ਬਾਰੇ ਮੰਤਰੀ ਰਹੇ ਕਿਰਨ ਰਿਜਜੂ ਮਸਲਿਆਂ ਦਾ ਹੱਲ ਕਰਵਾਉਣ ਦੀ ਥਾਂ ਚੁੱਪ ਰਹਿ ਕੇ ਵਕਤ ਲੰਘਾਉਂਦੇ ਰਹੇ। ਭਾਵੇਂ ਪ੍ਰਧਾਨ ਮੰਤਰੀ ਅਤੇ ਹੋਰ ਮੰਤਰੀਆਂ ਨੇ ਲੋਕਾਂ ਦੇ ਮੁੱਦਿਆਂ 'ਤੇ ਚੁੱਪ ਧਾਰੀ ਰੱਖੀ, ਪਰ ਦੇਸ਼ ਦੇ ਲੋਕ ਸਾਲ ਦੇ ਅੰਤ ਵਿੱਚ ਹੋਣ ਵਾਲੀਆਂ 4 ਸੂਬਿਆਂ ਦੀਆਂ ਚੋਣਾਂ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਆਪਣੀ ਪ੍ਰਤੀਕ੍ਰਿਆ ਜ਼ਰੂਰ ਦੇਣਗੇ।

*# ਸੰਪਰਕ : 98147-65705*

# ਹੁਣ ਰਾਹਤ ਸਮੱਗਰੀ ਦੀ ਨਹੀਂ, ਦਵਾਈਆਂ ਅਤੇ ਮੈਡੀਕਲ ਕੈਂਪਾਂ ਦੀ ਜ਼ਰੂਰਤ

**ਡਾ. ਬਿਹਾਰੀ ਮੰਡੇਰ**

ਘੱਗਰ ਨਦੀ ਵਿੱਚ ਆਏ ਹੜ੍ਹ ਦਾ ਇਹ ਮੰਜ਼ਰ ਤੀਹ ਸਾਲ ਬਾਅਦ ਵਾਪਰਿਆ ਹੈ। ਇਸ ਤੋਂ ਪਹਿਲਾਂ ਇਹ ਸਾਲ 1993 ਵਿਚ ਵਾਪਰਿਆ ਸੀ। ਬੇਸ਼ੱਕ ਲੋਕਾਂ ਦੇ ਜਾਨ-ਮਾਲ ਦੀ ਰਾਖੀ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ, ਪਰੰਤੂ ਕਈ ਵਾਰ ਅਚਾਨਕ ਆਈ ਬਿਪਤਾ ਵੇਲੇ ਸਰਕਾਰ ਵੀ ਬੇਵੱਸ ਨਜ਼ਰ ਆਉਂਦੀ ਹੈ। ਅਜਿਹੇ ਸਮੇਂ ਲੋਕ ਮਨੁੱਖੀ ਭਾਵਨਾ ਅਧੀਨ ਮੁਸੀਬਤਾਂ ਵਿੱਚ ਫਸੇ ਲੋਕਾਂ ਦੀ ਸਹਾਇਤਾ ਲਈ ਅੱਗੇ ਆਉਂਦੇ ਹਨ। ਪੰਜਾਬ ਦੇ ਬਾਸ਼ਿੰਦੇ ਖਾਸ ਕਰਕੇ ਪਿੰਡਾਂ ਵਾਲੇ ਅਜਿਹੇ ਸਮਿਆਂ ਵਿੱਚ ਅਧਿਕ ਸੰਵੇਦਨਸ਼ੀਲਤਾ ਵਿਖਾਉਂਦੇ ਹਨ। ਇਸ ਦੀ ਮਿਸਾਲ ਇਸ ਵਾਰ ਆਏ ਹੜ੍ਹਾਂ ਦੌਰਾਨ ਪ੍ਰਭਾਵਿਤ ਸ਼ਹਿਰਾਂ ਵਿੱਚ ਪੇਂਡੂ ਭਾਈਚਾਰੇ ਵੱਲੋਂ ਕੀਤੀ ਮਦਦ ਹੈ।

ਪਾਣੀ ਵਿੱਚ ਘਿਰੀਆਂ ਵੀ ਆਈ ਪੀ ਕਾਲੋਨੀਆਂ ਵਿੱਚ ਸਾਡੇ ਪਿੰਡਾਂ ਦੇ ਲੋਕ ਰਾਹਤ ਸਮੱਗਰੀ ਦੀਆਂ ਟਰਾਲੀਆਂ ਭਰ ਕੇ ਕੋਠੀਓ ਕੋਠੀ (ਘਰੋ-ਘਰੀ) ਵੰਡ ਰਹੇ ਸਨ। ਘੱਗਰ ਦਰਿਆ ਵਿੱਚ ਆਏ ਹੜ੍ਹ ਦੀ ਮਾਰ ਹੇਠ ਆਏ ਮੂਨਕ ਦੇ ਇਲਾਕੇ ਦੇ ਪਿੰਡਾਂ ਵਿੱਚ ਰਾਹਤ ਕਾਰਜਾਂ ਵਿੱਚ ਹਿੱਸਾ ਲੈਣ ਦਾ ਮੌਕਾ ਮਿਲਿਆ। ਹਲਕਾ ਲਹਿਰਾ ਦੇ ਵਿਧਾਇਕ ਸ੍ਰੀ ਵਰਿੰਦਰ ਕੁਮਾਰ ਗੋਇਲ ਨੂੰ ਲਹਿਰਾ ਵਿਖੇ ਮਿਲੇ। ਉਹਨਾਂ ਨਿੱਘਾ ਸਵਾਗਤ ਕੀਤਾ ਅਤੇ ਕੀਤੇ ਜਾ ਰਹੇ ਕਾਰਜ ਦੀ ਪ੍ਰਸੰਸਾ ਕੀਤੀ। ਐੱਸ ਡੀ ਐੱਮ ਲਹਿਰਾ ਨੂੰ ਉਹਨਾਂ ਫੋਨ ਕਰਕੇ ਸਾਨੂੰ ਦਿਸ਼ਾ-ਨਿਰਦੇਸ਼ ਦੇਣ ਲਈ ਕਹਿ ਦਿੱਤਾ। ਉਹਨਾਂ ਨੂੰ ਅਸੀਂ ਪਿੰਡ ਹਮੀਰਗੜ੍ਹ ਵਿਖੇ ਸਥਾਪਤ ਕੀਤੇ ਰਾਹਤ ਕਾਰਜ ਕੇਂਦਰ ਵਿਖੇ ਮਿਲਣਾ ਸੀ। ਰਾਹਤ ਕੇਂਦਰ ਪਿੰਡ ਹਮੀਰਗੜ੍ਹ ਵਿਖੇ ਮੂਨਕ-ਪਾਤੜਾਂ ਸੜਕ 'ਤੇ ਇਕ ਪ੍ਰਾਈਵੇਟ ਅਦਾਰੇ ਦੀ ਵੱਡੀ ਖੁੱਲ੍ਹੀ-ਡੁੱਲ੍ਹੀ ਬਿਲਡਿੰਗ ਵਿਚ ਸੀ। ਆਉਣ-ਜਾਣ ਵਾਲਿਆਂ ਦੀ ਕਾਫੀ ਭੀੜ ਸੀ। ਸਰਕਾਰੀ ਫਾਈਲਾਂ ਦੀ ਮਸਕ ਦੀ ਗਤੀ ਤੇਜ਼ ਰਫਤਾਰ ਨਾਲ ਚੱਲ ਰਹੀ ਸੀ। ਖੈਰ ਅਸੀਂ ਐੱਸ ਡੀ ਐੱਮ ਨੂੰ ਮਿਲੇ। ਐੱਸ ਡੀ ਐੱਮ ਸ੍ਰੀ ਸੂਬਾ ਸਿੰਘ ਬਹੁਤ ਖਲੂਸ ਨਾਲ ਮਿਲੇ। ਉਹਨਾਂ ਸਾਡੀ ਖੁਦ ਲੋਕਾਂ ਕੋਲ ਜਾ ਕੇ ਰਾਹਤ ਕਾਰਜ ਕਰਨ ਦੀ ਮਨਸਾ ਜਾਣ ਕੇ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਨਾਲ ਮਸ਼ਵਰੇ ਉਪਰੰਤ ਸਾਨੂੰ ਪਿੰਡ ਹਾਂਡਾ ਅਤੇ ਕੁਦਨੀ ਵਿਖੇ ਜਾ ਕੇ ਸਹਾਇਤਾ ਕਾਰਜ ਕਰਨ ਲਈ ਕਿਹਾ। ਉਥੇ ਤਾਇਨਾਤ ਡਾ. ਤੇਜਿੰਦਰਪਾਲ ਸਿੰਘ ਨਾਲ ਸਾਡਾ ਸੰਪਰਕ ਕਰਵਾ ਦਿੱਤਾ। ਹੁਣ ਸਮੱਸਿਆ ਕੁਦਨੀ ਹਾਂਡੇ ਪਹੁੰਚਣ ਦੀ ਸੀ। ਵੈਸੇ ਤਾਂ ਹਮੀਰਗੜ੍ਹ ਤੋਂ ਵਾਇਆ ਮੂਨਕ ਅੱਠ ਦਸ ਕਿਲੋਮੀਟਰ ਦਾ ਸਫਰ ਹੈ, ਪਰ ਰਸਤਾ ਬੰਦ ਹੋਣ ਕਾਰਨ ਪਾਤੜਾਂ-ਖਨੌਰੀ ਹੋ ਕੇ ਜਾਣਾ ਪਿਆ, ਜੋ ਕਿ ਪੱਚੀ-ਤੀਹ ਕਿਲੋਮੀਟਰ ਪਿਆ।



ਖਨੌਰੀ ਤੋਂ ਭਾਖੜਾ ਨਹਿਰ ਦੀ ਪਟੜੀ ਪੈ ਕੇ ਫੂਲਦ, ਮਕਰੋੜ ਸਾਹਿਬ, ਮਨਿਆਣਾ ਆਦਿ ਪਿੰਡਾਂ ਵਿੱਚੋਂ ਦੀ ਹੁੰਦੇ ਹੋਏ ਰਾਮਪੁਰਾ ਪਹੁੰਚੇ। ਸੜਕ ਬੇਸ਼ੱਕ ਟੁੱਟੀ ਹੋਈ ਸੀ, ਪਰ ਕੋਈ ਬਹੁਤੀ ਪ੍ਰੇਸ਼ਾਨੀ ਨਹੀਂ ਹੋਈ। ਰਾਮਪੁਰੇ ਤੋਂ ਅੱਗੇ ਲਿੰਕ ਰੋਡ ਸੀ। ਸੜਕ ਦੇ ਦੋਨੋਂ ਪਾਸੇ ਪਾਣੀ ਸੀ। ਪਾਸਿਆਂ ਤੋਂ ਮਿੱਟੀ ਖੁਰ ਚੁੱਕੀ ਸੀ। ਕਈ ਥਾਵਾਂ ਤੋਂ ਸੜਕ ਪਾਣੀ ਵਿੱਚ ਡੁੱਬੀ ਹੋਈ ਸੀ। ਹੁਣ ਸਾਡੇ ਸਭ ਦੇ ਦਿਲਾਂ ਅੰਦਰ ਹੜ੍ਹ ਦਾ ਡਰ ਪੈਦਾ ਹੋ ਗਿਆ ਸੀ। ਡਰਾਈਵਰ ਨੂੰ ਸਾਰੇ ਹੌਲੀ ਅਤੇ ਧਿਆਨ ਨਾਲ ਗੱਡੀ ਚਲਾਉਣ ਲਈ ਕਹਿ ਰਹੇ ਸਨ। ਅੱਗੇ ਜਾ ਰਹੀ ਰਾਹਤ ਸਮੱਗਰੀ ਵਾਲੀ ਟਰਾਲੀ ਲੰਘੀ ਵੇਖ ਕੇ ਥੋੜ੍ਹਾ ਡਰ ਘਟਿਆ। ਜਿਵੇਂ ਕਿਵੇਂ ਕਰਕੇ ਪਿੰਡ ਹਾਂਡਾ ਪਹੁੰਚ ਗਏ। ਪਿੰਡ ਦੇ ਚਾਰੇ ਪਾਸੇ ਪਾਣੀ ਹੀ ਪਾਣੀ ਨਜ਼ਰ ਆ ਰਿਹਾ ਸੀ। ਪਿੰਡ ਦੀ ਫਿਰਨੀ ਅਤੇ ਨੀਵੀਆਂ ਗਲੀਆਂ ਵਿੱਚ ਪਾਣੀ ਖੜ੍ਹਾ ਸੀ। ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਰਾਹਤ ਕੇਂਦਰ ਬਣਾਇਆ ਹੋਇਆ ਸੀ। ਇੱਥੇ ਸਾਨੂੰ ਪਸ਼ੂ ਪਾਲਣ ਵਿਭਾਗ ਵੱਲੋਂ ਤਾਇਨਾਤ ਡਾ. ਤੇਜਿੰਦਰਪਾਲ ਸਿੰਘ ਮਿਲੇ। ਇਹਨਾਂ ਸਾਨੂੰ ਚਾਹ-ਪਾਣੀ ਪਿਆਇਆ। ਵਿਚਾਰ-ਵਟਾਂਦਰਾ ਕਰਨ ਉਪਰੰਤ ਪਿੰਡ ਦੀ ਆਰਥਿਕ ਪੱਖੋਂ ਕਮਜ਼ੋਰੀ ਵਾਲੀ ਅਬਾਦੀ ਵਿੱਚ ਦਵਾਈਆਂ ਵੰਡਣ ਦਾ ਪ੍ਰੋਗਰਾਮ ਬਣਾਇਆ। ਇਸ ਵਿੱਚ ਸਾਡੀ ਅਗਵਾਈ ਡਾਕਟਰ ਤੇਜਿੰਦਰਪਾਲ ਸਿੰਘ ਨੇ ਕੀਤੀ। ਘਰ-ਘਰ ਜਾ ਕੇ ਦਵਾਈ ਵੰਡਣੀ ਸ਼ੁਰੂ ਕੀਤੀ। ਇੰਨੇ ਚਿਰ ਨੂੰ ਬਾਰਸ਼ ਸ਼ੁਰੂ ਹੋ ਗਈ, ਪ੍ਰੰਤੂ ਅਸੀਂ ਕੰਮ ਜਾਰੀ ਰੱਖਿਆ। ਇਸ ਤੋਂ ਬਾਅਦ ਪਿੰਡ ਕੁਦਨੀ ਵਿਖੇ ਅਤੇ ਰਾਮਪੁਰਾ ਵਿਖੇ ਵੀ ਇਸੇ ਤਰੀਕੇ ਘਰ-ਘਰ ਜਾ ਕੇ ਲੋੜਵੰਦ ਪਰਵਾਰਾਂ ਨੂੰ ਪਸ਼ੂਆਂ ਦੀਆਂ ਦਵਾਈਆਂ ਵੰਡੀਆਂ। ਇਸ ਵਿੱਚ ਸਾਨੂੰ ਡਾਕਟਰ ਸਾਹਿਬ ਦੇ ਸਾਡੇ ਨਾਲ ਹੋਣ ਦਾ ਬਹੁਤ ਫਾਇਦਾ ਹੋਇਆ, ਕਿਉਂਕਿ ਉਹ ਜਿਸ ਕਿਸੇ ਦਾ ਪਸ਼ੂ ਬਿਮਾਰ ਹੁੰਦਾ, ਉਸ ਨੂੰ ਉਸ ਮੁਤਾਬਿਕ ਦਵਾਈ ਦੇ ਦਿੰਦੇ ਸਨ।

ਰਾਹਤ ਸਮੱਗਰੀ ਵਿਚ ਲੀਵਰ ਟਾਨਿਕ, ਪੇਟ ਦੇ ਕੀੜੇ ਮਾਰਨ ਵਾਲੀਆਂ, ਚਿੱਚੜ ਮਾਰਨ ਵਾਲੀਆਂ, ਸਟਰੈਸ ਦੂਰ ਕਰਨ ਵਾਲੀਆਂ, ਭੁੱਖ ਲਗਾਉਣ ਵਾਲੀਆਂ ਅਤੇ ਲਾਲ ਦਵਾਈ ਅਤੇ ਹੋਰ ਕਾਫੀ ਤਰ੍ਹਾਂ ਦੀਆਂ ਦਵਾਈਆਂ ਸਨ। ਲਾਲ ਦਵਾਈ (ਪੋਟਾਸ਼ੀਅਮ ਪਰਮੈਗਾਨੇਟ) ਲੱਗਭੱਗ ਹਰੇਕ ਵਿਅਕਤੀ ਦੇ ਪਸ਼ੂਆਂ ਲਈ ਦਿੱਤੀ, ਕਿਉਂਕਿ ਇਸ ਦਾ ਹਲਕਾ ਘੋਲ ਪਸ਼ੂਆਂ ਦੇ ਪੈਰਾਂ ਦੀ ਇਨਫੈਕਸ਼ਨ ਦੂਰ ਕਰਨ ਵਿਚ ਸਹਾਈ ਹੁੰਦਾ ਹੈ। ਇਸ ਤਰ੍ਹਾਂ ਤਿੰਨ ਪਿੰਡਾਂ ਵਿਚ ਪਸ਼ੂਆਂ ਦੀਆਂ ਦਵਾਈਆਂ ਵੰਡੀਆਂ ਗਈਆਂ। ਅਖੀਰ ਵਿਚ ਡਾਕਟਰ ਤੇਜਿੰਦਰਪਾਲ ਸਿੰਘ ਦਾ ਧੰਨਵਾਦ ਕਰਕੇ ਅਸੀਂ ਵਾਪਸ ਚਾਲੇ ਪਾਏ। ਵਾਪਸੀ 'ਤੇ ਅਸੀਂ ਹਲਕੇ ਮੂਡ ਵਿੱਚ ਸਾਂ। ਇੱਕ ਤਾਂ ਡਾਕਟਰ ਸਾਹਿਬ ਦੀ ਸਹਾਇਤਾ ਨਾਲ ਦਵਾਈਆਂ ਵੰਡਣ ਦਾ ਪ੍ਰੋਗਰਾਮ ਬਹੁਤ ਵਧੀਆ ਰਿਹਾ, ਦੂਜਾ ਰਸਤੇ ਤੋਂ ਪਹਿਲਾਂ ਲੰਘੇ ਹੋਣ ਕਰਕੇ ਹੁਣ ਰਸਤੇ ਦਾ ਡਰ ਘਟ ਗਿਆ ਸੀ। ਬੇਸ਼ੱਕ ਪਾਣੀ ਦਾ ਪੱਧਰ ਘਟਣਾ ਸ਼ੁਰੂ ਹੋ ਗਿਆ ਹੈ। ਪਾਣੀ ਦਾ ਪੱਧਰ ਹੋਰ ਘਟਣ ਨਾਲ ਪਾਣੀ ਨੇ ਵਾਪਸ ਘੱਗਰ ਵਿੱਚ ਹੀ ਜਾ ਪੈਣਾ ਹੈ।

ਹੜ੍ਹ ਪੀੜਤਾਂ ਦੀ ਸਹਾਇਤਾ ਕਰਨ ਵਾਲਿਆਂ ਵੀ ਆਪੋ-ਆਪਣੇ ਕਾਰੋਬਾਰ ਵਿੱਚ ਲੱਗ ਜਾਣਾ ਹੈ। ਹੜ੍ਹ ਪੀੜਤ ਇਲਾਕਿਆਂ ਵਿੱਚ ਬਾਅਦ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਵੀ ਕੋਈ ਘੱਟ ਨਹੀਂ ਹੁੰਦੀਆਂ। ਮਨੁੱਖਾਂ ਅਤੇ ਪਸ਼ੂਆਂ ਵਿਚ ਬਿਮਾਰੀਆਂ ਫੈਲਣ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਦਾ ਮੁੱਖ ਕਾਰਨ ਹੜ੍ਹ ਵਾਲੇ ਇਲਾਕੇ ਵਿੱਚ ਮੱਖੀਆਂ ਮੱਛਰ ਦਾ ਜ਼ਿਆਦਾ ਹੋਣਾ ਅਤੇ ਨੀਵੀਆਂ ਥਾਵਾਂ ਵਿੱਚ ਖੜ੍ਹੇ ਹੜ੍ਹ ਦੇ ਪਾਣੀ ਦਾ ਮੁਸ਼ਕ ਜਾਣਾ ਹੈ। ਇਸ ਤਰ੍ਹਾਂ ਮਨੁੱਖਾਂ ਵਿੱਚ ਉਲਟੀਆਂ, ਟੱਟੀਆਂ, ਖੰਘ, ਬੁਖਾਰ, ਅਲਰਜੀ, ਡਿਪਰੈਸ਼ਨ ਅਤੇ ਹੋਰ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਆਉਂਦੀਆਂ ਹਨ। ਪਸ਼ੂਆਂ ਵਿਚ ਚਿੱਚੜਾਂ ਦੀ ਅਤੇ ਚਿੱਚੜਾਂ ਤੋਂ ਪੈਦਾ ਹੋਣ ਵਾਲੇ ਰੋਗ, ਖੁਰਾਂ ਦੀ ਬਿਮਾਰੀ, ਅਲਰਜੀ, ਬੁਖਾਰ ਅਤੇ ਜ਼ਹਿਰਵਾ ਆਦਿ ਸਮੱਸਿਆਵਾਂ ਪਸ਼ੂਆਂ ਦੀ ਸਿਹਤ ਵਿੱਚ ਆਉਂਦੀਆਂ ਹਨ। ਸੋ ਮਨੁੱਖ ਅਤੇ ਪਸ਼ੂਆਂ ਦੀ ਸਿਹਤ ਸਬੰਧੀ ਕਾਰਜ ਕਰਨਾ ਵੀ ਸਾਡੀ ਪ੍ਰਮੁੱਖਤਾ ਹੋਣੀ ਚਾਹੀਦੀ ਹੈ। ਬੇਸ਼ੱਕ ਸਰਕਾਰ ਅਤੇ ਲੋਕਾਂ ਵੱਲੋਂ ਕੀਤੇ ਰਾਹਤ ਕਾਰਜ ਹੜ੍ਹ ਪੀੜਤਾਂ ਲਈ ਕਾਫੀ ਮਦਦਗਾਰ ਹਨ, ਪਰੰਤੂ ਸਿਹਤ ਸੇਵਾਵਾਂ ਦੀ ਘਾਟ ਹੈ। ਸਰਕਾਰ ਅਤੇ ਸਵੈ ਸੇਵੀ ਸੰਸਥਾਵਾਂ/ਸੰਗਠਨਾਂ ਨੂੰ ਅਪੀਲ ਹੈ ਕਿ ਉਹ ਇਸ ਪਾਸੇ ਵੀ ਜ਼ਰੂਰ ਧਿਆਨ ਦੇਣ। ਸਰਕਾਰ ਲਈ ਜ਼ਰੂਰੀ ਹੈ ਕਿ ਉਹ ਹੜ੍ਹ ਪੀੜਤ ਇਲਾਕਿਆਂ ਲਈ ਸਪੈਸ਼ਲ ਮੈਡੀਸਨ ਲਈ ਪੈਸਾ ਮੁਹੱਈਆ ਕਰਵਾਏ। ਬੇਸ਼ੱਕ ਸਿਹਤ ਵਿਭਾਗ ਅਤੇ ਪਸ਼ੂ ਪਾਲਣ ਵਿਭਾਗ ਦੀਆਂ ਟੀਮਾਂ ਤਾਇਨਾਤ ਹਨ, ਪਰ ਉਹਨਾਂ ਕੋਲ ਹਾਲਾਤ ਅਨੁਕੂਲ ਦਵਾਈਆਂ ਦੀ ਘਾਟ ਹੈ। ਸਰਕਾਰ ਦਾ ਇਹ ਫਰਜ਼ ਬਣਦਾ ਹੈ ਕਿ ਉਹ ਇਸ ਪਾਸੇ ਧਿਆਨ ਦੇਵੇ। ਸਵੈਸੇਵੀ ਸੰਸਥਾਵਾਂ, ਸੰਗਠਨਾਂ ਨੂੰ ਵੀ ਅਪੀਲ ਹੈ ਕਿ ਉਹ ਹੜ੍ਹ ਪੀੜਤ ਇਲਾਕਿਆਂ ਵਿੱਚ ਤਰਜੀਹੀ ਤੌਰ 'ਤੇ ਇਹ ਕਾਰਜ ਕਰਨ।

**# ਸੰਪਰਕ : +91 98144-65017**

## ਪਾਠਕ-ਸੱਥ

### ਜੁਰਮ ਕਰਨ ਲਈ ਹੌਸਲੇ ਕਿਵੇਂ ਵਧਦੇ ਨੇ !

ਇੱਥੇ ਨਾਵਾਂ-ਥਾਵਾਂ ਦਾ ਵੇਰਵਾ ਤਾਂ ਕਾਹਨੂੰ ਲਿਖਣਾ ਐਂ, ਦੇਖੀਆਂ ਸੁਣੀਆਂ ਦੋ ਘਟਨਾਵਾਂ ਦਾ ਵਰਨਣ ਕਰ ਰਿਹਾ ਹਾਂ ! ਸ਼ਾਮ ਵੇਲੇ ਨਸ਼ੇੜੀ ਬਾਪ ਨਾਲ ਪੁੱਤ ਝਗੜ ਪਿਆ। ਕੁਥਾਂ ਲਾਠੀ ਵੱਜਣ ਨਾਲ ਪਿਉ ਥਾਏਂ ਢੇਰੀ ਹੋ ਗਿਆ। ਸਾਹਮਣੇ ਮੰਜੇ 'ਤੇ ਬੈਠੀ ਮੁੰਡੇ ਦੀ ਦਾਦੀ ਨੇ ਆਪਣੀਆਂ ਅੱਖਾਂ ਸਾਹਵੇਂ ਪੁੱਤ ਮਰਦਾ ਦੇਖਿਆ। ਵਿਰਲਾਪ ਕਰਦੀ ਨੇ ਕੀਰਨੇ ਪਾਏ ਕਿ ਭਾਵੇਂ ਹੁਣ ਮੇਰੀ ਸਾਰੀ ਜ਼ਮੀਨ ਵਿਕ ਜਾਏ, ਪਰ ਦੈਂਤ ਬਣੇ ਛੋਕਰੇ ਨੂੰ ਤਾਂ ਫਾਂਸੀ ਲਵਾਊਂ, ਜਿਸ ਪਾਪੀ ਨੇ ਮੇਰੇ ਸਾਹਮਣੇ ਮੇਰਾ ਨਿਹੱਥਾ ਪੁੱਤ ਮਾਰ ਦਿੱਤਾ !

ਸਵੇਰੇ ਪੁਲਸ ਨੇ ਆਉਣਾ ਸੀ। ਪਿੰਡ ਦੇ ਮੋਹਤਬਰ ਕਤਲ ਵਾਲੇ ਘਰੇ 'ਕੱਠੇ ਹੋਏ। ਬਜ਼ੁਰਗ ਮਾਈ ਨੂੰ ਸਮਝਾਉਣ ਲੱਗੇ ਕਿ ਭਾਈ ਜੋ ਹੋਣਾ ਸੀ, ਸੋ ਹੋ ਗਿਆ, ਹੁਣ ਟੱਬਰ ਦਾ 'ਅੱਗਾ' ਵਿਚਾਰੋ !

ਪੁਲਸ ਆਈ ਤੇ ਮਾਈ ਨੇ ਬਿਆਨ ਬਦਲ ਲਏ, ਅਖੇ ਕਤਲ ਵੇਲੇ ਮੈਂ ਵਿਹੜੇ 'ਚ ਜ਼ਰੂਰ ਬੈਠੀ ਸੀ, ਪਰ ਮੈਨੂੰ ਅੱਖਾਂ ਤੋਂ ਬਹੁਤ ਝੌਲਾ ਦਿਸਦਾ ਐ, ਮੈਨੂੰ ਪਤਾ ਨ੍ਹੀਂ ਕਿਹਨੇ ਮੇਰੇ ਪੁੱਤ ਦੇ ਕੀ ਮਾਰਿਆ !

ਦਾਦੀ ਦੇ ਏਸ ਬਿਆਨ ਕਾਰਨ ਪਹਿਲਾਂ ਤਾਂ ਪੋਤੇ ਦੀ ਬੜੀ ਜਲਦੀ ਜ਼ਮਾਨਤ ਹੋ ਗਈ ਤੇ ਫਿਰ ਛੇਤੀ ਹੀ ਉਹ ਕਤਲ ਕੇਸ 'ਚੋਂ ਬਰੀ ਵੀ ਹੋ ਗਿਆ।

ਉਹਦੇ ਬਰੀ ਹੋਣ ਤੋਂ ਕੁਝ ਕੁ ਦਿਨਾਂ ਬਾਅਦ ਬਿਲਕੁਲ ਨਾਲ ਲਗਦੇ ਪਿੰਡ, ਪਿਉ ਕੋਲੋਂ ਜ਼ਮੀਨ ਦਾ ਹਿੱਸਾ ਮੰਗਦੇ ਇੱਕ ਅਣਵਿਆਹੇ ਮੁੰਡੇ ਨੇ ਲੜਾਈ ਕਰਦਿਆਂ ਆਪਣੇ ਪਿਓ ਦੇ ਕੁਹਾੜੀ ਮਾਰੀ। ਹਸਪਤਾਲੋਂ ਪੱਟੀ ਵਗੈਰਾ ਕਰਾ ਕੇ ਘਰੇ ਆਏ ਪਿਉ ਦੀ ਖਬਰਸਾਰ ਲੈਣ ਆਏ ਲੋਕ ਮੁੰਡੇ ਨੂੰ ਲਾਹਨਤਾਂ ਪਾਉਣ ਕਿ ਕਮਲਿਆ ਜੇ ਤੇਰਾ ਬਾਪ ਮਰ ਜਾਂਦਾ ਫੇਰ ?

ਬਾਂਦਰ ਮੁੰਡਾ ਗੁਆਂਢੀ ਪਿੰਡ ਵਾਲੇ ਬਰੀ ਹੋ ਕੇ ਆਏ ਕਾਤਲ ਮੁੰਡੇ ਦਾ ਨਾਂਅ ਲੈ ਕੇ ਕਹੇ, ਅਖੇ ਫੇਰ ਕੀ ਹੋ ਜਾਣਾ ਸੀ, ਮੈਂ ਵੀ ਫਲਾਣੇ ਵਾਂਗ ਛੇਤੀ ਛੁੱਟ ਕੇ ਆ ਹੀ ਜਾਣਾ ਸੀ।

ਇਖਲਾਕੀ ਬਦਤਮੀਜ਼ੀ ਦਾ ਸ਼ਿਕਾਰ ਹੋਈਆਂ ਭਲਵਾਨ ਕੁੜੀਆਂ ਦੇਸ਼ ਦੀ ਰਾਜਧਾਨੀ 'ਚ ਕਈ ਮਹੀਨੇ ਬਹਿ ਕੇ ਪਿੱਟ ਹਟੀਆਂ, ਪਰ ਗੁਨਾਹਗਾਰ ਦੀ ਸਰਕਾਰੀ ਪੁਸ਼ਤਪਨਾਹੀ ਕੀਤੀ ਗਈ !

.. ਸਾਧਵੀਆਂ ਦੀ ਇੱਜ਼ਤ ਨਾਲ ਖੇਡਣ ਅਤੇ ਕਤਲ ਵਰਗੇ ਘੋਰ ਜੁਰਮਾਂ ਕਾਰਨ ਜੇਲ੍ਹ ਵਿੱਚ ਸਜ਼ਾ ਭੁਗਤ ਰਹੇ ਇੱਕ ਗੁੰਡੇ ਨੂੰ ਵਾਰ-ਵਾਰ 'ਪੈਰੋਲ ਦੇ ਗੱਫੇ' ਦਿੱਤੇ ਜਾ ਰਹੇ ਨੇ।

ਸੋ ਬਦਮਾਸ਼ੀ ਕਰਨ ਲਈ ਮਨੀਪੁਰ ਵਾਲਿਆਂ ਦੇ ਹਿਆਂ ਤੇ ਹੌਸਲੇ ਕਿਉਂ ਨਾ ਵਧਣ ਜੀ ?

**-ਤਰਲੋਚਨ ਸਿੰਘ 'ਦੁਪਾਲਪੁਰ', 001-408-915-1268**

### ਮੁਹੱਲਾ ਕਲੀਨਿਕ ਖੋਲ੍ਹਣ ਲਈ ਕੁਝ ਸੁਝਾਅ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੀ ਵਰਤਮਾਨ ਸਰਕਾਰ ਸਿਹਤ ਅਤੇ ਸਿੱਖਿਆ ਦੇ ਫਰੰਟ ਉੱਤੇ ਸਰਾਹੁਣਯੋਗ ਕੰਮ ਕਰ ਰਹੀ ਹੈ । ਦਿੱਲੀ ਦੀ ਤਰਜ਼ 'ਤੇ ਪੰਜਾਬ ਅੰਦਰ ਮੁਹੱਲਾ ਕਲੀਨਿਕ ਖੋਲ੍ਹ ਕੇ ਪੰਜਾਬੀਆਂ ਨੂੰ ਘਰ ਦੇ ਨੇੜੇ ਸਸਤੇ ਇਲਾਜ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ । ਮੇਰਾ ਪਹਿਲਾ ਸੁਝਾਅ ਹੈ ਕਿ ਅਗਲੇ ਪੜਾਅ 'ਤੇ ਜਿਹੜੇ ਮੁਹੱਲਾ ਕਲੀਨਿਕ ਖੋਲ੍ਹੇ ਜਾਣ, ਉਨ੍ਹਾਂ ਥਾਵਾਂ ਦੀ ਪਹਿਚਾਣ ਕਰਦਿਆਂ ਕਾਲਜਾਂ, ਯੂਨੀਵਰਸਿਟੀਆਂ ਨੂੰ ਵੀ ਅੱਖੋਂ-ਪਰੋਖੇ ਨਾ ਕੀਤਾ ਜਾਵੇ । ਅਜਿਹਾ ਕਰਨ ਨਾਲ ਵੱਡੇ-ਵੱਡੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਦੇ, ਪੜ੍ਹਾਉਂਦੇ ਅਤੇ ਰਿਹਾਇਸੀ ਕੁਆਟਰਾਂ ਵਿੱਚ ਰਹਿੰਦੇ ਪਰਵਾਰਾਂ ਦੀ ਸਹਾਇਤਾ ਹੋ ਸਕੇਗੀ । ਅਜਿਹਾ ਕਾਲਜ / ਯੂਨੀਵਰਸਿਟੀ ਦੇ ਸਹਿਯੋਗ ਨਾਲ ਵੀ ਸੰਭਵ ਹੋ ਸਕਦਾ ਹੈ । ਮੁਹੱਲਾ ਕਲੀਨਿਕ ਲਈ ਜਗ੍ਹਾ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਦਾ ਪ੍ਰਬੰਧ ਇਹ ਅਦਾਰੇ ਹੱਸ ਕੇ ਕਰ ਦੇਣਗੇ ।

ਮੇਰਾ ਦੂਜਾ ਸੁਝਾਅ ਹੈ , ਮੀਂਹ ਦੇ ਪਾਣੀ ਦੀ ਸੰਭਾਲ । ਇਸ ਵਾਰ ਦੀ ਮਾਨਸੂਨ ਨੇ ਦਰਸਾ ਦਿੱਤਾ ਹੈ ਕਿ ਆਪ ਮੁਹਾਰੇ ਵਗਦਾ ਬਾਰਿਸ਼ ਦਾ ਪਾਣੀ ਕਿੰਨਾ ਨੁਕਸਾਨ ਕਰ ਦਿੰਦਾ ਹੈ । ਸਰਕਾਰ ਨੂੰ ਚਾਹੀਦਾ ਹੈ ਕਿ ਇਸ ਪਾਣੀ ਨੂੰ ਵਾਟਰ ਟਰੀਟਮੈਂਟ ਪਲਾਂਟਾਂ ਰਾਹੀਂ ਸੋਧ ਕੇ ਧਰਤੀ ਹੇਠਾਂ ਪਹੁੰਚਾਇਆ ਜਾਵੇ। ਪ੍ਰੋਜੈਕਟ ਬੇਸ਼ੱਕ ਮਹਿੰਗਾ ਹੈ, ਪ੍ਰੰਤੂ ਇਹ ਦੋ ਤਰ੍ਹਾਂ ਨਾਲ ਫਾਇਦੇਮੰਦ ਸਾਬਤ ਹੋਵੇਗਾ । ਇੱਕ , ਹੜ੍ਹਾਂ ਰਾਹੀਂ ਹੁੰਦੀ ਤਬਾਹੀ ਨੂੰ ਠੱਲ੍ਹ ਪਵੇਗੀ ਅਤੇ ਦੂਜਾ ਦਿਨ ਪ੍ਰਤੀ ਦਿਨ ਹੇਠਾਂ ਜਾ ਰਹੇ ਧਰਤੀ ਹੇਠਲੇ ਪਾਣੀ ਦਾ ਪੱਧਰ ਕੁੱਛ ਹੱਦ ਤੱਕ ਰੁਕ ਸਕੇਗਾ । ਇਸ ਮਹਿੰਗੇ ਪ੍ਰੋਜੈਕਟ ਦੀ ਪੂਰਤੀ ਹਿਤ ਵਰਲਡ ਬੈਂਕ ਦੀ ਸਹਾਇਤਾ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਭੂ ਵਿਗਿਆਨੀਆਂ ਦਾ ਸਹਿਯੋਗ ਵੀ ਲਿਆ ਜਾਣਾ ਚਾਹੀਦਾ ਹੈ ।

**-ਜਗਦੇਸ਼ ਸ਼ਰਮਾ, 98727-87243**

# ਪਾਖੰਡਵਾਦ ਦੀ ਦਲਦਲ 'ਚ ਫਸਿਆ ਅਜੋਕਾ ਮਨੁੱਖ



**ਡਾ. ਗੁਰਤੇਜ ਸਿੰਘ**

ਅੱਜ ਪੰਜਾਬ ਦੇ ਬਹੁਤੇ ਘਰਾਂ ਦਾ ਮਾਹੌਲ ਵਿਗੜਿਆ ਹੋਇਆ ਹੈ। ਇਸ ਦਾ ਮੁੱਖ ਕਾਰਨ ਸ਼ਰਾਬ ਪੀਣਾ ਜਾਂ ਹੋਰ ਨਸ਼ੇ ਕਰਨਾ ਹੈ। ਨਸ਼ੇ ਅੱਜ ਪੰਜਾਬ ਨੂੰ ਅਜਿਹੇ ਘੁਣ ਵਾਂਗ ਲੱਗ ਗਏ ਹਨ ਕਿ ਪਰਵਾਰਾਂ ਦੇ ਪਰਵਾਰ ਟੁੱਟ ਰਹੇ ਹਨ। ਕਿਸੇ ਘਰ ਦਾ ਇੱਕੋ-ਇੱਕ ਕਮਾਉਣ ਵਾਲਾ ਨਸ਼ੇ ਦਾ ਆਦੀ ਹੋ ਜਾਂਦਾ ਹੈ ਤੇ ਅੰਤ ਇਸੇ ਵਿੱਚ ਗ਼ਲਤਾਨ ਹੋਇਆ ਦਮ ਤੋੜ ਜਾਂਦਾ ਹੈ ਤੇ ਪਰਵਾਰ ਦਾ ਗੁਜ਼ਾਰਾ ਹੋਣਾ ਮੁਸ਼ਕਲ ਹੋ ਜਾਂਦਾ ਹੈ ਜਾਂ ਕਿਸੇ ਦੀ ਔਲਾਦ ਨਸ਼ੇ ਦੀ ਆਦੀ ਹੋ ਕੇ ਭਰ ਜਵਾਨੀ ਵਿੱਚ ਸਿਵਿਆਂ ਦੇ ਰਾਹ ਪੈ ਜਾਂਦੀ ਹੈ। ਸਮੱਸਿਆ ਦਾ ਅਸਲ ਕਾਰਨ ਤੇ ਉਸ ਦੇ ਹੱਲ ਲਈ ਯਤਨ ਕਰਨ ਨਾਲੋਂ ਲੋਕ ਫ਼ਾਲਤੂ ਚੀਜ਼ਾਂ ਦਾ ਸਹਾਰਾ ਲੈ ਰਹੇ ਹਨ। ਘਰ ਵਿੱਚ ਅਜਿਹਾ ਕੁਝ ਹੋਣ 'ਤੇ ਇਹ ਸਮਝਿਆ ਜਾਂਦਾ ਹੈ ਕਿ ਘਰ ਉੱਪਰ ਕਿਸੇ ਓਪਰੀ ਛਾਇਆ ਦਾ ਅਸਰ ਹੈ ਜਾਂ ਕਿਸੇ ਨੇ ਕਾਲਾ ਜਾਦੂ ਕਰਵਾ ਦਿੱਤਾ ਆਦਿ ਹੈ। ਇਨ੍ਹਾਂ ਕਾਲਪਨਿਕ ਬਲਾਵਾਂ ਤੋਂ ਪਿੱਛਾ ਛੁਡਵਾਉਣ ਲਈ ਤਾਂਤਰਿਕਾਂ, ਅਖੌਤੀ ਬਾਬਿਆਂ ਆਦਿ ਦਾ ਸਹਾਰਾ ਲਿਆ ਜਾਂਦਾ ਹੈ। ਅਜਿਹੇ ਅਖੌਤੀ ਬਾਬੇ ਜਾਂ ਆਪਣੇ-ਆਪ ਨੂੰ ਤਾਂਤਰਿਕ ਦੱਸਣ ਵਾਲੇ ਇਹ ਲੋਕ ਗ਼ਲਤ ਤੇ ਫ਼ਾਲਤੂ ਦੀਆਂ ਗੱਲਾਂ ਵਿੱਚ ਆਮ ਲੋਕਾਂ ਨੂੰ ਫਸਾ ਲੈਂਦੇ ਹਨ, ਜਿਵੇਂ ਘਰ ਦੇ ਕਿਸੇ ਚਾਰ-ਪੰਜ ਸਾਲ ਦੇ ਬੱਚੇ ਦੇ ਅੰਗੂਠੇ ਵਿੱਚ ਫੋਟੋ ਦਿਖਾ ਕੇ ਪਰਵਾਰ ਨੂੰ ਭਰਮਾ ਲਿਆ ਜਾਂਦਾ ਹੈ (ਇਸ ਵਿੱਚ ਅੰਗੂਠੇ ਦੇ ਨਹੁੰ ਉੱਪਰ ਤੇਲ ਲਗਾ ਦਿੱਤਾ ਜਾਂਦਾ ਹੈ ਤੇ ਉਸ ਤੇਲ ਵਿੱਚ ਆਲੇ-ਦੁਆਲੇ ਹੋਣ ਵਾਲਾ ਸਭ ਕੁਝ ਦਿਖਾਈ ਦਿੰਦਾ ਹੈ, ਜਿਸ ਨੂੰ ਛੋਟਾ ਬੱਚਾ ਸੱਚ ਮੰਨ ਲੈਂਦਾ ਹੈ)। ਇਸ ਸਭ ਤੋਂ ਤਾਂਤਰਿਕ ਗੱਲਾਂ-ਗੱਲਾਂ ਵਿੱਚ ਤਾਂਤਰਿਕ ਇਹ ਜਾਣ ਲੈਂਦਾ ਹੈ ਕਿ ਘਰ ਵਾਲਿਆਂ ਦੇ ਮਨ ਵਿੱਚ ਕਿਸ ਵਿਅਕਤੀ ਪ੍ਰਤੀ ਸ਼ੱਕ ਹੈ। ਇਹ ਜਾਨਣ ਤੋਂ ਬਾਅਦ ਉਹ ਮਨਘੜਤ ਕਹਾਣੀ ਬਣਾ ਸਾਰਾ ਦੋਸ਼ ਉਸ ਵਿਅਕਤੀ ਸਿਰ ਮੜ੍ਹ ਦਿੰਦਾ ਹੈ। ਇਸ ਦੇ ਇਲਾਜ ਲਈ ਕਾਗ਼ਜ਼ ਉੱਤੇ ਪੁੱਠੇ-ਸਿੱਧੇ ਅੱਖਰ ਵਾਹ ਕੇ ਤਵੀਤ ਬਣਾ ਕੇ ਦਿੱਤੇ ਜਾਂਦੇ ਹਨ, ਜੋ ਘਰ ਦੇ ਦਰਵਾਜ਼ੇ ਨਾਲ ਬੰਨ੍ਹਣ ਤੇ ਪਾਣੀ ਵਿੱਚ ਘੋਲ ਕੇ ਪੀਣ ਆਦਿ ਲਈ ਕਿਹਾ ਜਾਂਦਾ ਹੈ। ਅਜਿਹੀਆਂ ਘਟਨਾਵਾਂ ਸਮਾਜ 'ਚ ਆਮ ਹਨ ਤੇ ਜ਼ਿਆਦਾਤਰ ਲੋਕਾਂ ਨਾਲ ਸੰਬੰਧਤ ਹਨ। ਕੁਝ ਚਲਾਕ ਲੋਕ ਅੱਜ ਪਾਖੰਡਵਾਦ ਅਤੇ ਲੋਕਾਂ ਦੀ ਅਗਿਆਨਤਾ ਦਾ ਲਾਹਾ ਲੈ ਕੇ ਆਪਣਾ ਤੋਰੀ-ਫੁਲਕਾ ਚਲਾ ਰਹੇ ਹਨ।

ਹਰ ਪਿੰਡ-ਸ਼ਹਿਰ ਵਿੱਚ ਇਨ੍ਹਾਂ (ਤਾਂਤਰਿਕਾਂ) ਦੇ ਅੱਡੇ ਹਨ, ਜਿੱਥੇ ਇਹ ਆਪਣਾ ਗੋਰਖਧੰਦਾ ਚਲਾਉਂਦੇ ਹਨ। ਇਨ੍ਹਾਂ ਦੇ ਜਾਲ ਦੇ ਤੰਦ ਇੰਨੇ ਬਾਰੀਕ ਹੁੰਦੇ ਹਨ, ਅਨਪੜ੍ਹ ਤਾਂ ਕੀ, ਪੜ੍ਹੇ-ਲਿਖੇ ਲੋਕ ਵੀ ਇਸ ਵਿੱਚ ਫਸ ਜਾਂਦੇ ਹਨ। ਜਿੱਥੇ ਇਹ ਲੋਕਾਂ ਦਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਤੱਕ ਵੀ ਕਰਦੇ ਹਨ। ਲੋਕ ਪਤਾ ਨਹੀਂ ਕਿਹੜੀ ਜੰਨਤ ਦੀ ਲਾਲਸਾ ਵਿੱਚ ਅਜੋਕੇ ਸਮੇਂ ਵੀ ਢੌਂਗੀਆਂ ਤੋਂ ਆਪਣੀ ਸਰੀਰਕ, ਮਾਨਸਿਕ ਅਤੇ ਆਰਥਿਕ ਲੁੱਟ ਕਰਵਾ ਰਹੇ ਹਨ। ਭੂਤ ਕੱਢਣ ਦੇ ਨਾਂਅ ਉੱਤੇ ਇਹ ਰੋਗੀ ਦੀ ਬੇਰਹਿਮੀ ਨਾਲ ਮਾਰ-ਕੁਟਾਈ ਕਰਦੇ ਹਨ ਤੇ ਖ਼ਤਰਨਾਕ ਤਸੀਹੇ ਤੱਕ ਦਿੰਦੇ ਹਨ, ਜਿਸ ਨਾਲ ਕਈ ਵਾਰ ਵਿਅਕਤੀ ਦੀ ਮੌਤ ਤੱਕ ਹੋ ਜਾਂਦੀ ਹੈ। ਇਸ ਦੀਆਂ ਤਾਜ਼ਾ ਉਦਾਹਰਨਾਂ ਦਿੱਲੀ ਅਤੇ ਕੇਰਲਾ 'ਚ ਇੱਕੋ ਪਰਵਾਰ ਦੇ ਸਾਰੇ ਜੀਆਂ ਦਾ ਭੇਦਭਰੀ ਹਾਲਤ ਵਿੱਚ ਛੱਤ ਨਾਲ ਲਟਕਦੇ ਮਿਲਣਾ ਹੈ। ਕੁਝ ਸਾਲ ਪਹਿਲਾਂ ਮੋਗਾ ਜ਼ਿਲ੍ਹੇ ਦੇ ਪਿੰਡ ਭਿੰਡਰ ਕਲਾਂ ਦੀ ਮਹਿਲਾ ਤਾਂਤਰਿਕ ਨੇ ਅੱਠ-ਦਸ ਸਾਲ ਦੀ ਬੱਚੀ ਨੂੰ ਭੂਤ ਕੱਢਣ ਦੇ ਨਾਂਅ 'ਤੇ ਚਿਮਟੇ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਹੈਰਾਨੀ ਦੀ ਗੱਲ ਇਹ ਕਿ ਉਹ ਉਸ ਸਮੇਂ ਪਿੰਡ ਦੀ ਸਰਪੰਚ ਸੀ ਅਤੇ ਸ਼ਰੇਆਮ ਭੀੜ 'ਚ ਇਸ ਘਿਨੌਣੇ ਕਾਰੇ ਨੂੰ ਅੰਜਾਮ ਦਿੱਤਾ ਗਿਆ ਸੀ। ਰੋਗੀ ਕੁੜੀ ਲੋਕਾਂ ਤੋਂ ਪਾਣੀ ਮੰਗਦੀ ਰਹੀ, ਪਰ ਤਮਾਸ਼ਬੀਨ ਭੀੜ ਨੇ ਪਾਣੀ ਦੀ ਘੁੱਟ ਉਸ ਨੂੰ ਨਹੀਂ ਦਿੱਤੀ ਸੀ। ਇਸੇ ਤਰ੍ਹਾਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟ ਫੱਤਾ 'ਚ ਅੱਠ ਮਾਰਚ 2017 ਨੂੰ ਵਾਪਰੀ ਮੰਦਭਾਗੀ ਘਟਨਾ ਹੈ, ਜਿਸ ਵਿੱਚ ਅੰਧਵਿਸ਼ਵਾਸੀ ਕਲਯੁਗੀ ਦਾਦੀ ਅਤੇ ਪਿਤਾ ਨੇ ਕਿਸੇ ਕਾਮਨਾ ਦੀ ਪੂਰਤੀ ਲਈ ਆਪਣੇ ਦੋ ਬੱਚਿਆਂ ਦੀ ਬਲੀ ਦੇ ਦਿੱਤੀ ਸੀ। ਬੱਚਿਆਂ ਨੂੰ ਬਚਾਉਣ ਆਈ ਉਨ੍ਹਾਂ ਦੀ ਮਾਂ ਨੂੰ ਵੀ ਮਾਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਬੀਤੀ 14 ਜੁਲਾਈ 2023 ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਮੂਧਲ ਵਿੱਚ ਦਸ ਸਾਲ ਦੀ ਬੱਚੀ ਦੀ ਬਲੀ ਉਸ ਦੇ ਆਪਣੇ ਰਿਸ਼ਤੇਦਾਰਾਂ ਨੇ ਕਿਸੇ ਤਾਂਤਰਿਕ ਦੇ ਕਹਿਣ 'ਤੇ ਦਿੱਤੀ ਸੀ। ਦਰਅਸਲ ਉਸ ਪਰਵਾਰ ਦਾ ਕਾਰੋਬਾਰ ਠੱਪ ਹੋ ਗਿਆ ਸੀ ਤੇ ਉਸ ਨੂੰ ਚਲਾਉਣ ਲਈ ਉਕਤ ਤਾਂਤਰਿਕ ਨੇ ਪਰਵਾਰ ਨੂੰ ਬੱਚੀ ਦੀ ਬਲੀ ਦੇਣ ਲਈ ਉਕਸਾਇਆ ਸੀ।

ਅਜੋਕੇ ਵਿਗਿਆਨਕ ਅਤੇ ਅਗਾਂਹਵਧੂ ਯੁੱਗ 'ਚ ਅਜਿਹੀਆਂ ਸ਼ਰਮਨਾਕ ਘਟਨਾਵਾਂ ਦਾ ਵਾਪਰਨਾ ਆਪਣੇ-ਆਪ 'ਚ ਮੰਦਭਾਗਾ ਹੈ। ਲੋਕਾਂ ਦੀ ਸੌੜੀ ਮਾਨਸਿਕਤਾ ਦਾ ਇਹ ਪਾਖੰਡੀ ਖ਼ੂਬ ਫ਼ਾਇਦਾ ਉਠਾਉਂਦੇ ਹਨ। ਮੁੰਡੇ ਦੀ ਲਾਲਸਾ ਰੱਖਣ ਵਾਲੇ ਲੋਕਾਂ ਨੂੰ ਗੋਲੀ (ਦਵਾਈ) ਦਿੰਦੇ ਹਨ ਤੇ ਦਾਅਵਾ ਕਰਦੇ ਹਨ ਕਿ ਇਸ ਨਾਲ ਤੁਹਾਨੂੰ ਪੁੱਤਰ ਦੀ ਪ੍ਰਾਪਤੀ ਹੋਵੇਗੀ। ਅਸਲ ਵਿੱਚ ਜੋ ਇਹ ਦਵਾਈ ਦਿੰਦੇ ਹਨ, ਉਸ ਵਿੱਚ ਟੈਸਟੋਸਟੀਰੋਨ (ਆਦਮੀ ਦਾ ਸੈਕਸ ਹਾਰਮੋਨ) ਦੀ ਮਾਤਰਾ ਕਾਫ਼ੀ ਹੁੰਦੀ ਹੈ, ਜਿਸ ਕਾਰਨ ਕਈ ਵਾਰ ਬੱਚੇ ਅਸਾਧਾਰਨ ਪੈਦਾ ਹੁੰਦੇ ਹਨ। ਔਰਤ ਨੂੰ ਇਕੱਲਿਆਂ ਦਵਾਈ ਦੇਣ ਦੇ ਬਹਾਨੇ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਹੈ। ਜੇਕਰ ਉਹ ਔਰਤ ਬਾਹਰ ਆ ਕੇ ਆਪਣੇ ਪਰਵਾਰਕ ਮੈਂਬਰਾਂ ਨੂੰ ਉਸ ਪਾਖੰਡੀ ਦੀ ਕਰਤੂਤ ਦੱਸਦੀ ਵੀ ਹੈ ਤਾਂ ਵੀ ਉਹ ਪਰਵਾਰ ਅੰਨ੍ਹੀ ਸ਼ਰਧਾ ਦੇ ਵੱਸ 'ਚ ਹੋਣ ਕਾਰਨ ਉਸ ਦਾ ਯਕੀਨ ਨਹੀਂ ਕਰਦਾ ਹੈ, ਜੋ ਉਸ ਪਾਖੰਡੀ ਦੀ ਢਾਲ ਹੋ ਨਿੱਬੜਦੀ ਹੈ। ਜੇਕਰ ਉਹ ਔਰਤ ਇਸ ਸ਼ੋਸ਼ਣ ਖਿਲਾਫ਼ ਮੂੰਹ ਖੋਲ੍ਹਦੀ ਹੈ ਤਾਂ ਇਹ ਚਲਾਕ ਲੋਕ ਉਸ ਦੇ ਪਰਵਾਰ ਦੇ ਦਿਮਾਗ 'ਚ ਇਹ ਕੂੜ ਭਰਨ 'ਚ ਸਫ਼ਲ ਹੋ ਜਾਂਦੇ ਹਨ ਕਿ ਤੁਹਾਡੇ ਲੇਖਾਂ 'ਚ ਪੁੱਤਰ ਤਾਂ ਹੈ, ਪਰ ਇਹ ਔਰਤ ਪੁੱਤਰ ਨੂੰ ਜਨਮ ਨਹੀਂ ਦੇ ਸਕਦੀ ਹੈ। ਕੁਝ ਲੋਕਾਂ ਦੇ ਘਰ ਲੜਕਾ ਪੈਦਾ ਹੋਣਾ ਜੋ ਕੁਦਰਤੀ ਪ੍ਰਕ੍ਰਿਆ ਹੈ, ਇਨ੍ਹਾਂ ਨੂੰ ਲੋਕਾਂ 'ਚ ਰੱਬ ਬਣਾਉਂਦਾ ਹੈ। ਮੈਡੀਕਲ ਸਾਇੰਸ ਅਨੁਸਾਰ ਬੱਚੇ ਦੇ ਲਿੰਗ ਨਿਰਧਾਰਨ ਵਿੱਚ ਔਰਤ ਦੀ ਥਾਂ ਮਰਦ ਦਾ ਰੋਲ ਅਹਿਮ ਹੈ। ਇਸ ਪ੍ਰਕ੍ਰਿਆ ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਪੁਰਸ਼ ਵਿੱਚ ਐਕਸ ਵਾਈ ਕਰੋਮੋਸਮ ਹੁੰਦੇ ਹਨ, ਜਦਕਿ ਔਰਤ ਵਿੱਚ ਸਿਰਫ਼ ਐਕਸ ਐਕਸ ਕਰੋਮੋਸਮ ਹੁੰਦੇ ਹਨ। ਇਸ ਨੂੰ ਇਸ ਤਰ੍ਹਾਂ ਸਮਝਿਆ ਜਾਵੇ ਕਿ ਮਨੁੱਖ ਵਿੱਚ ਕਰੋਮੋਸਮ ਦੇ ਤੇਈ ਜੋੜੇ ਹੁੰਦੇ ਹਨ ਜਿਨ੍ਹਾਂ 'ਚੋਂ 22 ਜੋੜੇ ਇੱਕ ਸਮਾਨ ਹੁੰਦੇ ਹਨ ਜਦੋਂ ਕਿ ਇੱਕ ਜੋੜਾ ਐਕਸ ਵਾਈ (ਪੁਰਸ਼) ਜਾਂ ਐਕਸ ਐਕਸ (ਔਰਤ) ਹੁੰਦਾ ਹੈ। ਇਸ ਤਰਾਂ ਸਪੱਸ਼ਟ ਹੈ ਕਿ ਔਰਤ ਨੇ ਸਿਰਫ਼ ਐਕਸ ਕਰੋਮੋਸਮ ਦੇਣਾ ਹੈ, ਜਦ ਕਿ ਮਰਦ ਐਕਸ ਜਾਂ ਫਿਰ ਵਾਈ ਕਰੋਮੋਸਮ ਦੇਵੇਗਾ। ਜਦੋਂ ਪੁਰਸ਼ ਅਤੇ ਇਸਤਰੀ ਦੇ ਕਰੋਮੋਸਮ ਮਿਲਦੇ ਹਨ ਤਾਂ ਪੰਜਾਹ ਫ਼ੀਸਦੀ ਸੰਭਾਵਨਾ ਹੁੰਦੀ ਹੈ ਕਿ ਬੱਚਾ ਲੜਕਾ ਹੋਵੇਗਾ ਜਾਂ ਫਿਰ ਪੰਜਾਹ ਫ਼ੀਸਦੀ ਸੰਭਾਵਨਾ ਹੁੰਦੀ ਹੈ ਕਿ ਬੱਚਾ ਲੜਕੀ ਹੋਵੇਗੀ। ਜੇ ਪੁਰਸ਼ ਦਾ ਐਕਸ ਕਰੋਮੋਸਮ ਇਸਤਰੀ ਦੇ ਐਕਸ ਕਰੋਮੋਸਮ ਨਾਲ ਮਿਲਦਾ/ਲੱਗਦਾ ਹੈ ਤਾਂ ਬੱਚਾ ਲੜਕੀ ਹੋਵੇਗੀ। ਇਸੇ ਤਰ੍ਹਾਂ ਜੇ ਪੁਰਸ਼ ਦਾ ਵਾਈ ਕਰੋਮੋਸਮ ਇਸਤਰੀ ਦੇ ਐਕਸ ਕਰੋਮੋਸਮ ਨਾਲ ਮਿਲਦਾ/ਲੱਗਦਾ ਹੈ ਤਾਂ ਬੱਚਾ ਲੜਕਾ ਹੋਵੇਗਾ। ਇੱਥੇ ਸਪੱਸ਼ਟ ਹੈ ਕਿ ਬੱਚੇ ਦੇ ਲਿੰਗ ਨਿਰਧਾਰਨ ਵਿੱਚ ਮਰਦ ਦਾ ਹੀ ਰੋਲ ਅਹਿਮ ਹੈ। ਇਸ ਵਿੱਚ ਇਸਤਰੀ ਦਾ ਕੋਈ ਕਸੂਰ ਨਹੀਂ ਹੈ। ਇੱਥੇ ਇਹ ਗੱਲ ਧਿਆਨ ਦੇਣਯੋਗ ਹੈ ਕਿ ਭਾਵੇਂ ਬੱਚੇ ਦੇ ਲਿੰਗ ਨਿਰਧਾਰਨ ਵਿੱਚ ਮਰਦ ਦਾ ਰੋਲ ਬਹੁਤ ਅਹਿਮ ਹੈ, ਪਰ ਪੁਰਸ਼ ਨੂੰ ਵੀ ਨਹੀਂ ਪਤਾ ਹੁੰਦਾ ਕਿ ਕਿਹੜਾ ਕਰੋਮੋਸਮ ਇਸਤਰੀ ਦੇ ਐਕਸ ਕਰੋਮੋਸਮ ਨਾਲ ਜਾ ਕੇ ਲੱਗੇਗਾ।

ਧਰਮ ਅਤੇ ਅੰਨ੍ਹੀ ਆਸਥਾ ਦਾ ਸਬੰਧ ਦਿਲ ਅਤੇ ਧੜਕਣ ਦੀ ਤਰ੍ਹਾਂ ਪੇਚੀਦਾ ਹੈ, ਜਿਸ ਦੀ ਆੜ 'ਚ ਪਾਖੰਡੀ ਆਪਣਾ ਸਾਮਰਾਜ ਚਲਾ ਰਹੇ ਹਨ। ਬਹੁਤ ਸਾਰੀਆਂ ਸੰਸਥਾਵਾਂ ਇਨ੍ਹਾਂ ਦੇ ਵਿਰੁੱਧ ਆਵਾਜ਼ ਬੁਲੰਦ ਕਰਦੀਆਂ ਹਨ, ਪਰ ਉਨ੍ਹਾਂ ਉੱਪਰ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਮੜ੍ਹ ਦਿੱਤੇ ਜਾਂਦੇ ਹਨ। ਜੋ ਲੋਕ ਸੱਚ ਨੂੰ ਲੋਕਾਂ ਸਾਹਮਣੇ ਲਿਆਉਣ ਤੇ ਪਾਖੰਡਾਂ ਤੋਂ ਲੋਕਾਂ ਨੂੰ ਮੁਕਤ ਕਰਵਾਉਣ ਲਈ ਤਤਪਰ ਹਨ, ਉਨ੍ਹਾਂ ਨੂੰ ਸਹਿਯੋਗ ਕਰਨਾ ਸਾਡੀ ਵੀ ਜ਼ਿੰਮੇਵਾਰੀ ਹੈ। ਅਖ਼ਬਾਰ, ਨਿਊਜ਼ ਚੈਨਲ ਇਨ੍ਹਾਂ ਪਾਖੰਡੀਆਂ ਦੇ ਹੱਥੋਂ ਬਰਬਾਦ ਹੋਏ ਲੋਕਾਂ ਦੀ ਦਾਸਤਾਨ ਤਾਂ ਜ਼ਰੂਰ ਪੇਸ਼ ਕਰਦੇ ਹਨ, ਪਰ ਦੁੱਖ ਦੀ ਗੱਲ ਇਹ ਹੈ ਕਿ ਇਨ੍ਹਾਂ ਨੇ ਹੀ ਉਨ੍ਹਾਂ ਪਾਖੰਡੀਆਂ ਦੇ ਪਾਖੰਡ ਦੇ ਪ੍ਰਚਾਰ-ਪ੍ਰਸਾਰ 'ਚ ਅਹਿਮ ਰੋਲ ਨਿਭਾਇਆ ਹੁੰਦਾ ਹੈ ਤੇ ਨਿਭਾਉਂਦੇ ਹਨ। ਮੰਨਿਆ ਵਪਾਰਕ ਪੱਖ ਤੋਂ ਇਸ਼ਤਿਹਾਰ ਲਾਜ਼ਮੀ ਹਨ, ਪਰ ਮੀਡੀਆ ਨੂੰ ਇੰਨਾ ਵੀ ਮਤਲਬੀ ਨਹੀਂ ਹੋਣਾ ਚਾਹੀਦਾ ਕਿ ਸਮਾਜ ਨੂੰ ਜਿਸ ਦਾ ਖ਼ਮਿਆਜ਼ਾ ਭੁਗਤਣਾ ਪਵੇ। ਅਜਿਹੇ ਇਸ਼ਤਿਹਾਰਾਂ 'ਤੇ ਪਾਬੰਦੀ ਜ਼ਰੂਰੀ ਹੈ, ਜੋ ਸਮਾਜ ਨੂੰ ਗੁੰਮਰਾਹ ਕਰਦੇ ਹੋਣ। ਲੋਕਾਂ ਨੂੰ ਜਾਗਰੂਕ ਕਰਨਾ ਅਜੋਕੇ ਸਮੇਂ ਦੀ ਬਹੁਤ ਵੱਡੀ ਲੋੜ ਹੈ, ਜਦੋਂ ਲੋਕ ਜਾਗਰੂਕ ਹੋ ਜਾਣਗੇ ਤਾਂ ਇਹ ਹੋ ਹੀ ਨਹੀਂ ਸਕਦਾ ਕਿ ਪਾਖੰਡੀਆਂ ਦਾ ਸਾਮਰਾਜ ਖੇਰੂੰ-ਖੇਰੂੰ ਨਾ ਹੋਵੇ।

*# ਸੰਪਰਕ: 95173-96001*

27-JULY-PAGE-5.qxd 7/26/2023 11:01 PM Page 1



# ਮਨੀਪੁਰ ਦੀ ਸ਼ਰਮਨਾਕ ਤੇ ਦੁਖਦਾਇਕ ਘਟਨਾ ਦੇ ਵਿਰੋਧ 'ਚ ਰੋਸ ਪ੍ਰਦਰਸ਼ਨ ਤੇ ਨਾਅਰੇਬਾਜ਼ੀ

**ਕੋਟਕਪੂਰਾ, ( ਰਛਪਾਲ ਭੁੱਲਰ) :-** ਮਨੀਪੁਰ ਵਿਖੇ ਵਾਪਰੀ ਦੁਖਦਾਇਕ ਅਤੇ ਸ਼ਰਮਨਾਕ ਘਟਨਾ ਦੇ ਵਿਰੋਧ ਵਿੱਚ ਅੱਜ ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਅਗਵਾਈ ਹੇਠ ਇਲਾਕੇ ਦੀਆਂ ਇਨਸਾਫ ਪਸੰਦ ਅਤੇ ਮਨੁੱਖਤਾ ਦਾ ਦਰਦ ਸਮਝਣ ਵਾਲੀਆਂ ਅਨੇਕਾਂ ਸੰਸਥਾਵਾਂ, ਜਥੇਬੰਦੀਆਂ ਦੇ ਨੁਮਾਇੰਦਿਆਂ ਤੋਂ ਇਲਾਵਾ ਉੱਘੀਆਂ ਸ਼ਖ਼ਸੀਅਤਾਂ ਨੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਦਿਆਂ ਰਾਸ਼ਟਰਪਤੀ ਦੇ ਨਾਮ ਮੰਗ ਪੱਤਰ ਭੇਜਿਆ। ਸੰਬੋਧਨ ਦੌਰਾਨ ਯੂਨੀਅਨ ਦੇ ਪ੍ਰਧਾਨ ਹਰਪ੍ਰੀਤ ਸਿੰਘ ਚਾਨਾ ਅਤੇ ਚੇਅਰਮੈਨ ਗੁਰਿੰਦਰ ਸਿੰਘ ਮਹਿੰਦੀਰੱਤਾ ਸਮੇਤ ਦਰਸ਼ਨ ਸਿੰਘ ਢਿੱਲਵਾਂ, ਕੁਲਤਾਰ ਸਿੰਘ ਬਰਾੜ, ਓਮਕਾਰ ਗੋਇਲ, ਬੋਹੜ ਸਿੰਘ ਘਾਰੂ, ਜੈ ਪ੍ਰਕਾਸ਼, ਸੁਨੀਸ਼ ਨਾਰੰਗ, ਜਗਤਾਰ ਸਿੰਘ, ਪ੍ਰੇਮ ਚਾਵਲਾ, ਨਰਿੰਦਰ ਕੁਮਾਰ ਰਾਠੌਰ, ਪ੍ਰਗਟ ਸਿੰਘ, ਅਮਰਜੀਤ ਕੌਰ, ਗੁਰਬਿੰਦਰ ਕੌਰ, ਮਨਜੀਤ ਨੰਗਲ ਆਦਿ ਨੇ ਆਖਿਆ ਕਿ ਭਾਵੇਂ ਮਨੀਪੁਰ ਦੀ ਸ਼ਰਮਨਾਕ ਘਟਨਾ ਦੇ ਇਕ ਵੀਡੀਉ ਕਲਿੱਪ ਨੇ ਮਨੁੱਖਤਾ ਦਾ ਦਰਦ ਸਮਝਣ ਵਾਲੇ ਹਰ ਵਿਅਕਤੀ ਦਾ ਦਿਲ ਵਲੂੰਧਰਿਆ ਹੈ ਪਰ ਮਨੀਪੁਰ ਵਿੱਚ ਇਸ ਤਰ੍ਹਾਂ ਦਾ ਗੁੰਡਾਗਰਦੀ ਦਾ ਲਗਾਤਾਰ ਢਾਈ ਮਹੀਨੇ ਨੰਗਾ ਨਾਚ ਕਰਨ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ। ਉਨ੍ਹਾ ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਔਰਤ ਦਾ ਮਾਣ ਸਤਿਕਾਰ ਬਹਾਲ ਕਰਵਾਉਣ ਸਮੇਤ ਦੋਸ਼ੀਆਂ ਖਿਲਾਫ ਸਖਤ ਸਜ਼ਾਵਾਂ ਦੀ ਮੰਗ




ਕਰਦਿਆਂ ਕੇਂਦਰ ਅਤੇ ਮਨੀਪੁਰ ਦੀਆਂ ਸਰਕਾਰਾਂ ਖਿਲਾਫ ਨਾਅਰੇਬਾਜ਼ੀ ਵੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਕੇਂਦਰ ਅਤੇ ਮਨੀਪੁਰ ਦੀਆਂ ਸਰਕਾਰਾਂ ਦੇ ਵਿਰੋਧ ਸਮੇਤ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਸਬੰਧੀ ਤਿੱਖੀ ਸ਼ਬਦਾਵਲੀ ਵਾਲੀਆਂ ਤਖ਼ਤੀਆਂ ਵੀ ਹੱਥਾਂ ਵਿੱਚ ਫੜੀਆਂ ਹੋਈਆਂ ਸਨ। ਮਿਉਂਸਪਲ ਪਾਰਕ ਵਿੱਚੋਂ ਰੋਸ ਪ੍ਰਦਰਸ਼ਨ ਸ਼ੁਰੂ ਹੋ ਕੇ ਨਾਅਰੇਬਾਜ਼ੀ ਕਰਦਾ ਹੋਇਆ ਬੱਤੀਆਂ ਵਾਲਾ ਚੌਕ ਰਾਹੀਂ ਵਾਪਸ ਤਹਿਸੀਲ ਕੰਪਲੈਕਸ ਵਿਖੇ ਪੁੱਜਾ, ਜਿੱਥੇ ਐੱਸ ਡੀ ਐੱਮ ਦੀ ਗੈਰ-ਹਾਜ਼ਰੀ ਕਰਕੇ ਨਾਇਬ ਤਹਿਸੀਲਦਾਰ ਗੁਰਚਰਨ ਸਿੰਘ ਬਰਾੜ ਨੂੰ ਰਾਸ਼ਟਰਪਤੀ ਦੇ ਨਾਮ ਮੰਗ ਪੱਤਰ ਸੌਂਪਿਆ। ਨਾਇਬ ਤਹਿਸੀਲਦਾਰ ਨੇ ਪ੍ਰਦਰਸ਼ਨਕਾਰੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਅੱਜ ਹੀ ਉਕਤ ਮੰਗ ਪੱਤਰ ਡਿਪਟੀ ਕਮਿਸ਼ਨਰ ਰਾਹੀਂ ਮਾਣਯੋਗ ਰਾਸ਼ਟਰਪਤੀ ਦੇ ਦਿੱਲੀ ਵਿਖੇ ਸਥਿਤ ਦਫਤਰ ਵਿੱਚ ਪਹੁੰਚਾਉਣ ਦੀ ਕੋਸ਼ਿਸ਼ ਕਰਨਗੇ।

ਇਸ ਮੌਕੇ ਉਪਰੋਕਤ ਤੋਂ ਇਲਾਵਾ ਜਗਤਾਰ ਸਿੰਘ ਕਲੇਰ ਜ਼ਿਲ੍ਹਾ ਪ੍ਰਧਾਨ ਅਪੰਗ ਸੁਅੰਗ ਅਸੂਲ ਮੰਚ, ਅਧਿਆਪਕ ਆਗੂ ਕੁਲਵਿੰਦਰ ਸਿੰਘ ਮੌੜ, ਡਾ ਰਵਿੰਦਰਪਾਲ ਕੋਛੜ ਪ੍ਰਧਾਨ ਜੈ ਮਿਲਾਪ ਪ੍ਰਾਈਵੇਟ ਲੈਬਾਰਟਰੀ ਐਸੋਸੀਏਸ਼ਨ, ਕੁਲਦੀਪ ਸਿੰਘ ਮਾਨੂਕੇ ਸਾਬਕਾ ਪ੍ਰਧਾਨ ਸਾਹਿਤ ਸਭਾ, ਸੁਪਰਡੈਂਟ ਜਸਕਰਨ ਸਿੰਘ ਭੱਟੀ ਵਿੱਤ ਸਕੱਤਰ ਗੁੱਡ ਮੌਰਨਿੰਗ ਵੈੱਲਫੇਅਰ ਕਲੱਬ, ਹਰਦੀਪ ਸਿੰਘ ਬਰਾੜ (ਫਿੱਡੂ ਭਲਵਾਨ) ਸਕੱਤਰ ਕੁਸ਼ਤੀ ਐਸੋਸੀਏਸ਼ਨ, ਮਾ ਸੋਮਇੰਦਰ ਸੁਨਾਮੀ ਵਿੱਤ ਸਕੱਤਰ ਪੰਜਾਬ ਪੈਸ਼ਨਰਜ਼ ਯੂਨੀਅਨ, ਨੱਥਾ ਸਿੰਘ ਰੋੜੀਕਪੂਰਾ ਸੀਨੀਅਰ ਮੀਤ ਪ੍ਰਧਾਨ ਬੀਕੇਯੂ ਏਕਤਾ ਉਗਰਾਹਾਂ, ਗੁਰਮੇਲ ਸਿੰਘ ਧਾਲੀਵਾਲ ਪੰਜਾਬ ਕਿਸਾਨ ਯੂਨੀਅਨ ਫਤਹਿ, ਅਵਤਾਰ ਸਿੰਘ ਤਾਰੀ ਵਾਹਿਗੁਰੂ ਸਿਮਰਨ ਕੇਂਦਰ, ਡਾ ਸੁਨੀਲ ਛਾਬੜਾ, ਬਿੰਦਰ ਸਿੰਘ ਐੱਮ.ਸੀ., ਨਰਿੰਦਰ ਬੈੜ, ਮੋਹਰ ਸਿੰਘ ਗਿੱਲ, ਮੇਘਰਾਜ, ਚਿਮਨ ਗਰਗ ਰਿੰਕੀ, ਤਰਸੇਮ ਬਿੱਟਾ, ਬਲਜਿੰਦਰ ਬੱਲੀ, ਕੇ.ਸੀ. ਸੰਜੇ, ਚੰਦਰ ਗਰਗ, ਵੀ.ਪੀ. ਸਿੰਘ, ਕੈਪ. ਰੂਪ ਚੰਦ ਅਰੋੜਾ, ਗੁਰਮੀਤ ਸਿੰਘ ਮੀਤਾ, ਸਰਨ ਕੁਮਾਰ, ਸਮੇਤ ਗੁਰਜੰਟ ਸਿੰਘ, ਮੰਦਰ ਸਿੰਘ, ਮਨਜੀਤ ਸਿੰਘ, ਸੁਰਜੀਤ ਸਿੰਘ ਭੱਟੀ, ਅਧਿਆਪਕ ਆਗੂ ਖਰੈਤੀ ਲਾਲ ਸ਼ਰਮਾ, ਬਲਵਿੰਦਰ ਸਿੰਘ ਬਿੰਦੀ, ਜੱਸੀ ਸਿੰਘ ਕੋਟਕਪੂਰਾ, ਪਰਮਜੀਤ ਸਿੰਘ ਮੱਕੜ, ਲੱਖਾ ਸਿੰਘ ਰੋੜੀਕਪੂਰਾ, ਬਲਤੇਜ ਸਿੰਘ ਸੂਰਘੁਰੀ, ਪਵਨ ਕੁਮਾਰ, ਸੁਖਚੈਨ ਕਟਾਰੀਆ, ਹਨੀ ਸਿੰਘ ਬਰਾੜ ਆਦਿ ਸਮੇਤ ਵੱਖ-ਵੱਖ ਸਮਾਜਸੇਵੀ ਸੰਸਥਾਵਾਂ, ਧਾਰਮਿਕ ਜਥੇਬੰਦੀਆਂ, ਰਾਜਨੀਤਿਕ, ਵਪਾਰਕ, ਵਿਦਿਅਕ ਅਦਾਰਿਆਂ ਨਾਲ ਜੁੜੀਆਂ ਸ਼ਖਸੀਅਤਾਂ ਨੇ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

## ਬੱਚਿਆਂ ਨੂੰ ਨੈਤਿਕ ਗਿਆਨ ਪ੍ਰੀਖਿਆ ਦੇ ਇਨਾਮ ਵੰਡੇ

**ਬੁਢਲਾਡਾ (ਅਸ਼ੋਕ ਲਾਕੜਾ)**-ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਦੇ ਸਰਕਲ ਇੰਚਾਰਜ ਅਤੇ ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਦੇ ਆਗੂ ਮਾਸਟਰ ਕੁਲਵੰਤ ਸਿੰਘ ਵਲੋਂ ਵੱਖੋ ਵੱਖ ਸਕੂਲਾਂ ਵਿੱਚ ਜਾ ਕੇ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਅਤੇ ਧਾਰਮਿਕ ਵਿਚਾਰਾਂ ਨਾਲ ਜੋੜਿਆ ਜਾ ਰਿਹਾ ਹੈ। ਉਨ੍ਹਾ ਜਿੱਥੇ ਕੱਲ੍ਹ ਸਥਾਨਕ ਆਦਰਸ਼ ਸਕੂਲ ਵਿੱਚ ਪ੍ਰਾਰਥਨਾ ਸਭਾ ਮੌਕੇ ਬੱਚਿਆਂ ਨੂੰ ਨੈਤਿਕ ਅਤੇ ਧਾਰਮਿਕ ਗਿਆਨ ਦਿੱਤਾ, ਉਥੇ ਹੀ ਅੱਜ ਸਥਾਨਕ ਸ੍ਰੀ ਗੁਰੂ ਤੇਗ ਬਹਾਦਰ ਜੀ ਪਬਲਿਕ ਸਕੂਲ ਵਿਖੇ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਬਾਰੇ ਦੱਸਦੇ ਹੋਏ ਪਿਛਲੀ ਪ੍ਰੀਖਿਆ ਵਿੱਚੋਂ ਇਨਾਮ ਜੇਤੂ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਅਤੇ ਸਰਟੀਫਿਕੇਟ ਵੰਡੇ। ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਹਰ ਸਾਲ ਬੱਚਿਆਂ ਦੀ ਇੱਕ ਨੈਤਿਕ ਅਤੇ ਧਾਰਮਿਕ ਪ੍ਰੀਖਿਆ ਲਈ ਜਾਂਦੀ ਹੈ ਜਿਸ ਦਾ ਮਕਸਦ ਅਜੋਕੇ ਸਮੇਂ ਬੱਚਿਆਂ ਵਿੱਚ ਨਸ਼ਿਆਂ ਪ੍ਰਤੀ ਨਫਰਤ ਪੈਦਾ ਕਰਨੀ, ਮਾਪਿਆਂ ਅਧਿਆਪਕਾਂ ਦਾ ਸਤਿਕਾਰ ਕਰਨਾ ਆਦਿ ਗੁਣ ਪੈਦਾ ਕਰਨਾ ਹੈ। ਮਾਸਟਰ ਕੁਲਵੰਤ ਸਿੰਘ ਨੇ ਦੱਸਿਆ ਸਫਲ ਬੱਚਿਆਂ ਨੂੰ ਬਹੁਤ ਵਧੀਆ ਇਨਾਮ, ਸਰਟੀਫਿਕੇਟ ਅਤੇ ਮੈਰਿਟ ਵਾਲੇ ਬੱਚਿਆਂ ਨਾਲ ਨਗਦ ਇਨਾਮ ਵੀ ਦਿੱਤੇ ਜਾਂਦੇ ਹਨ। ਮੋਬਾਇਲ ਅਤੇ ਟੀ ਵੀ ਦੇ ਅੱਜ ਦੇ ਸਮੇਂ ਬੱਚਿਆਂ ਅੰਦਰ ਨੈਤਿਕ ਗੁਣ ਖਤਮ ਹੋ ਗਏ ਹਨ। ਬੱਚਿਆਂ ਅੰਦਰ ਚੰਗੀਆਂ ਸਿੱਖਿਆਦਾਇਕ ਅਤੇ ਧਾਰਮਿਕ ਕਿਤਾਬਾਂ ਪੜ੍ਹਨ ਦੀ ਰੁਚੀ ਹੀ ਨਹੀਂ ਅਤੇ ਨਾ ਹੀ ਸਮਾਂ ਹੈ । ਸ੍ਰੀ ਗੁਰੂ ਤੇਗ ਬਹਾਦਰ ਸਕੂਲ ਦੇ ਬੱਚੇ ਪਿਛਲੇ ਸਾਲ ਦੀ ਪ੍ਰੀਖਿਆ ਵਿੱਚੋਂ ਬੁਢਲਾਡਾ ਹਲਕੇ ਵਿਚੋਂ ਪਹਿਲੇ ਨੰਬਰ ਤੇ ਰਹੇ ਸਨ। ਇਸ ਮੌਕੇ ਮੈਡਮ ਸੁਨੀਤਾ ਸ਼ਰਮਾ, ਸਵਿੰਦਰ ਕੌਰ, ਹਰਜਿੰਦਰ ਕੌਰ ਸਮੇਤ ਸਮੂਹ ਸਟਾਫ, ਬੱਚੇ, ਸਕੂਲ ਚੇਅਰਮੈਨ ਗਿਆਨ ਸਿੰਘ ਗਿੱਲ, ਮੈਂਬਰ ਬਲਬੀਰ ਸਿੰਘ ਬੱਤਰਾ, ਸੰਸਥਾ ਮੈਂਬਰ ਮਾਸਟਰ ਕੁਲਵੰਤ ਸਿੰਘ, ਬਲਬੀਰ ਸਿੰਘ ਕੈਂਥ, ਸਤਿੰਦਰਪਾਲ ਸਿੰਘ ਅਨੇਜਾ, ਅਰਵਿੰਦਰ ਸਿੰਘ ਅਨੇਜਾ, ਨੱਥਾ ਸਿੰਘ ਆਦਿ ਹਾਜ਼ਰ ਸਨ।

## ਗਰਭਵਤੀ ਮਾਵਾਂ ਤੇ ਬੱਚਿਆਂ ਦਾ ਸਮੇਂ 'ਤੇ ਟੀਕਾਕਰਨ ਅਤਿ ਜ਼ਰੂਰੀ : ਡਾ. ਅਸ਼ਵਨੀ ਕੁਮਾਰ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਵਧੀਆ ਤੇ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਦੇ ਮਕਸਦ ਨਾਲ ਸਿਹਤ ਮੰਤਰੀ ਡਾ. ਬਲਵੀਰ ਸਿੰਘ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਡਾ.ਅਸ਼ਵਨੀ ਕੁਮਾਰ ਸਿਵਲ ਸਰਜਨ ਮਾਨਸਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਾ. ਅਰਸ਼ਦੀਪ ਸਿੰਘ ਕਾਰਜਕਾਰੀ ਜ਼ਿਲ੍ਹਾ ਟੀਕਾਕਰਨ ਅਫਸਰ ਦੀ ਯੋਗ ਅਗਵਾਈ ਹੇਠ ਜ਼ਿਲ੍ਹੇ ਦੇ ਵੱਖ ਵੱਖ ਸਿਹਤ ਕੇਂਦਰਾਂ ਵਿਖੇ ਮਮਤਾ ਦਿਵਸ ਦੌਰਾਨ ਗਰਭਵਤੀ ਔਰਤਾਂ ਦੀ ਜਾਂਚ ਲਈ ਕੈਂਪ, ਟੀਕਾਕਰਨ ਕੈਂਪ ਅਤੇ ਜਾਗਰੂਕਤਾ ਕੈਂਪ ਲਗਾਏ ਗਏ। ਬਲਾਕ ਖਿਆਲਾ ਤੇ ਪਿੰਡ ਠੂਠਿਆਂਵਾਲੀ ਵਿਖੇ ਮਮਤਾ ਦਿਵਸ ਦੇ ਨਿਰੀਖਣ ਦੌਰਾਨ ਜਾਣਕਾਰੀ ਦਿੰਦਿਆਂ ਵਿਜੈ ਕੁਮਾਰ ਜ਼ਿਲ੍ਹਾ ਸਮੂਹ ਸਿੱਖਿਆ ਅਤੇ ਸੂਚਨਾ ਅਫਸਰ ਦਫਤਰ ਸਿਵਲ ਸਰਜਨ ਮਾਨਸਾ ਨੇ ਦੱਸਿਆ ਕਿ ਗਰਭ ਅਵਸਥਾ ਦੌਰਾਨ ਵੱਖ ਵੱਖ ਕਾਰਨਾਂ ਕਰਕੇ ਗਰਭਵਤੀ ਔਰਤਾਂ ਦੀ ਸਿਹਤ ਨੂੰ ਖਤਰਾ ਹੋ ਸਕਦਾ ਹੈ ਜੇਕਰ ਗਰਭਵਤੀ ਔਰਤਾਂ ਸਮੇਂ ਸਿਰ ਆਪਣੀ ਜਾਂਚ ਨਹੀਂ ਕਰਵਾਉਂਦੀਆਂ ਤਾਂ ਇਸ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ, ਕਈ ਵਾਰ ਗਰਭਵਤੀ ਔਰਤ ਦੀ ਜਾਨ ਵੀ ਜਾ ਸਕਦੀ ਹੈ। ਇਸ ਲਈ ਹਰ ਇੱਕ ਗਰਭਵਤੀ ਮਹਿਲਾ ਨੂੰ ਸਮੇਂ ਸਿਰ ਆਪਣੀ ਸਿਹਤ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਸਿਹਤ ਸਮੱਸਿਆ ਆਉਣ 'ਤੇ ਬਿਨਾਂ ਕਿਸੇ ਲਾਪ੍ਰਵਾਹੀ ਦੇ ਨਜ਼ਦੀਕੀ ਸਿਹਤ ਸੰਸਥਾ ਵਿੱਚ ਜਾ ਕੇ ਆਪਣਾ ਇਲਾਜ ਕਰਾਉਣਾ ਚਾਹੀਦਾ ਹੈ ,ਅਤੇ ਆਪਣਾ ਰੁਟੀਨ ਚੈੱਕਅਪ ਕਰਵਾਉਂਦੇ ਰਹਿਣਾ ਚਾਹੀਦਾ ਹੈ। ਡਿਪਟੀ ਮਾਸ ਮੀਡੀਆ ਅਫਸਰ ਦਰਸ਼ਨ ਸਿੰਘ ਨੇ ਦੱਸਿਆ ਕਿ ਬਲਾਕ ਦੀਆਂ ਵੱਖ ਵੱਖ ਸਿਹਤ ਸੰਸਥਾਵਾਂ ਵਿੱਚ ਗਰਭਵਤੀ ਔਰਤਾਂ ਲਈ ਮੁਫ਼ਤ ਸਿਹਤ ਜਾਂਚ ਕੈਂਪ ਅਤੇ ਟੀਕਾਕਰਨ ਕੈਂਪ ਹਰ ਬੁੱਧਵਾਰ ਨੂੰ ਮਮਤਾ ਦਿਵਸ ਦੇ ਮੌਕੇ 'ਤੇ ਲਗਾਏ ਗਏ। ਇਨ੍ਹਾਂ ਕੈਂਪਾਂ ਵਿੱਚ ਜਾਂਚ ਦੇ ਨਾਲ ਨਾਲ ਟੈਸਟ ਅਤੇ ਦਵਾਈਆਂ ਵੀ ਦਿੱਤੀਆਂ ਜਾਂਦੀਆਂ ਹਨ। ਜੇ.ਐਸ.ਵਾਈ. ਸਕੀਮ ਦੇ ਤਹਿਤ ਹਸਪਤਾਲ ਵਿੱਚ ਡਲਿਵਰੀ ਕਰਾਉਣ ਵਾਲੀ ਗਰਭਵਤੀ ਮਾਂ ਨੂੰ ਸਿਹਤ ਵਿਭਾਗ ਵੱਲੋਂ ਗਰਭਵਤੀ ਔਰਤਾਂ ਦਾ ਟੀਕਾਕਰਨ ਅਤੇ ਸਾਰੇ ਟੈਸਟ ਬਿਲਕੁਲ ਮੁਫਤ ਕੀਤੇ ਜਾਂਦੇ ਹਨ। ਸਿਹਤ ਕਰਮਚਾਰੀਆਂ ਅਤੇ ਆਸ਼ਾ ਵਰਕਰਾਂ ਵੱਲੋਂ ਸਮੇਂ ਸਮੇਂ ਗਰਭਵਤੀ ਔਰਤਾਂ ਦੀ ਕੌਂਸਲਿੰਗ ਕੀਤੀ ਜਾਂਦੀ ਹੈ ਤਾਂ ਜੋ ਆਪਣਾ ਅਤੇ ਆਪਣੇ ਗਰਭ ਵਿੱਚ ਪਲ ਰਹੇ ਬੱਚੇ ਦਾ ਧਿਆਨ ਰੱਖ ਸਕਣ। ਇਸ ਮੌਕੇ ਗੁਰਵਿੰਦਰ ਕੌਰ ਏ.ਐਨ.ਐਮ, ਸੋਨੀ, ਮਹਿੰਦਰ ਕੌਰ, ਸਤਪਾਲ ਕੌਰ, ਗੁਰਪ੍ਰੀਤ ਸਿੰਘ, ਸੁਖਦੇਵ ਸਿੰਘ, ਭੋਲਾ ਸਿੰਘ ਤੋਂ ਇਲਾਵਾ ਸਿਹਤ ਵਿਭਾਗ ਅਧਿਕਾਰੀ ਕਰਮਚਾਰੀ ਅਤੇ ਪਿੰਡ ਦੇ ਲੋਕ ਵੀ ਹਾਜ਼ਰ ਸਨ।

## ਕਾਤਰਾਂ

### ਚੋਰੀ ਦੇ ਮੋਟਰਸਾਈਕਲ ਸਣੇ ਦੋ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੰਡੀ ਗੋਬਿੰਦਗੜ੍ਹ ਵਿਖੇ ਜਿੰਮ ਦੇ ਬਾਹਰੋਂ ਚੋਰੀ ਕੀਤੇ ਇੱਕ ਮੋਟਰਸਾਈਕਲ ਸਣੇ ਦੋ ਵਿਅਕਤੀਆਂ ਨੂੰ ਪੁਲਸ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੇ ਕੱਲ੍ਹ ਅਰਜਨ ਸਿੰਘ ਨਾਮਕ ਨੌਜਵਾਨ ਮੰਡੀ ਗੋਬਿੰਦਗੜ੍ਹ ਦੇ ਬੱਸ ਸਟੈਂਡ ਨਜ਼ਦੀਕ ਸਥਿਤ ਐਨਾਬੌਲਿਕ ਜਿੰਮ ਦੇ ਬਾਹਰ ਆਪਣਾ ਸਪਲੈਂਡਰ ਮੋਟਰਸਾਈਕਲ ਖੜ੍ਹਾ ਕਰਕੇ ਜਿੰਮ 'ਚ ਗਿਆ ਤਾਂ ਦੋ ਅਣਪਛਾਤੇ ਵਿਅਕਤੀ ਉਸ ਦਾ ਮੋਟਰਸਾਈਕਲ ਚੋਰੀ ਕਰਕੇ ਲੈ ਗਏ ਜਿਸ ਸੰਬੰਧੀ ਸ਼ਿਕਾਇਤ ਮਿਲਣ 'ਤੇ ਮਾਮਲੇ ਦੀ ਤਫਤੀਸ਼ ਕਰਦਿਆਂ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਲਖਵੀਰ ਸਿੰਘ ਵਾਸੀ ਪਿੰਡ ਲੁਬਾਣਾ ਕਰਮੂ (ਪਟਿਆਲਾ) ਅਤੇ ਸਿਮਰਨਜੀਤ ਸਿੰਘ ਵਾਸੀ ਪਿੰਡ ਅੰਬੇਮਾਜਰਾ ਨੂੰ ਗ੍ਰਿਫਤਾਰ ਕਰਕੇ ਚੋਰੀ ਕੀਤਾ ਸਪਲੈਂਡਰ ਮੋਟਰਸਾਈਕਲ ਬਰਾਮਦ ਕਰ ਲਿਆ ਗਿਆ।

### ਨਸ਼ਾ ਤਸਕਰਾਂ ਨੂੰ ਕਾਬੂ ਕਰਨ ਲਈ ਪੁਲਸ ਨੇ ਕੀਤੀ ਛਾਪੇਮਾਰੀ

**ਮਲੋਟ, (ਗੁਰਮੀਤ ਸਿੰਘ ਮੱਕੜ)**:-ਪੰਜਾਬ ਪੁਲਸ ਵੱਲੋਂ ਚਲਾਈ ਨਸ਼ਾ ਵਿਰੋਧੀ ਮੁਹਿੰਮ ਤਹਿਤ ਅੱਜ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਮਲੋਟ ਸ਼ਹਿਰ ਵਿਚ ਭਾਰੀ ਫੋਰਸ ਦੀ ਮੌਜੂਦਗੀ ਵਿਚ ਸਵੇਰ ਸਮੇਂ ਤਾਲਾਸ਼ੀ ਮੁਹਿੰਮ ਚਲਾਈ ਗਈ। ਪੁਲਿਸ ਦੇ ਉਚ ਅਧਿਕਾਰੀਆਂ ਦੀ ਮੌਜੂਦਗੀ ਵਿਚ ਘਰਾਂ ਦੀ ਤਲਾਸ਼ੀ ਲਈ ਗਈ, ਜਿਸ ਵਿਚ ਪੁਲਸ ਵੱਲੋਂ ਵੱਖ-ਵੱਖ ਮੁਹੱਲਿਆਂ ਵਿਚ ਐਸ.ਟੀ.ਐਫ ਦੇ ਇੱਕ ਸਾਂਝੇ ਆਪ੍ਰੇਸ਼ਨ ਤਹਿਤ ਕਾਰਵਾਈ ਕੀਤੀ ਗਈ। ਇਸ ਆਪ੍ਰੇਸ਼ਨ ਦੀ ਅਗਵਾਈ ਕਰ ਰਹੇ ਐਸ ਪੀ ਰਮਨਦੀਪ ਸਿੰਘ ਭੁੱਲਰ ਨੇ ਦੱਸਿਆ ਕਿ ਪੰਜਾਬ ਪੁਲਸ ਵੱਲੋਂ ਚਲਾਈ ਮੁਹਿੰਮ ਤਹਿਤ ਮਾੜੇ ਅਨਸਰਾਂ ਨੂੰ ਨਕੇਲ ਪਾਉਣ ਦੇ ਮਕਸਦ ਨਾਲ ਅੱਜ ਸਵੇਰ ਤੋਂ ਆਪ੍ਰੇਸ਼ਨ ਚੱਲ ਰਿਹਾ ਹੈ, ਜਿਸ ਵਿਚ ਪੁਲਸ ਨੂੰ ਕਾਮਯਾਬੀ ਵੀ ਮਿਲੀ ਹੈ ਅਤੇ ਉਨ੍ਹਾਂ ਦਾ ਇਹ ਅਭਿਆਨ ਲਗਾਤਾਰ ਇਸੇ ਤਰ੍ਹਾਂ ਜਾਰੀ ਰਹੇਗਾ।

### ਹੜ੍ਹਾਂ ਸੰਬੰਧੀ ਫੈਲਾਈਆਂ ਜਾ ਰਹੀਆਂ ਅਫਵਾਹਾਂ ਤੋਂ ਲੋਕ ਸੁਚੇਤ ਰਹਿਣ: ਡਿਪਟੀ ਕਮਿਸ਼ਨਰ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕੁਝ ਲੋਕਾਂ ਵੱਲੋਂ ਸਰਹਿੰਦ ਸ਼ਹਿਰ ਵਿੱਚ ਹੜ੍ਹ ਆਉਣ ਦੀਆਂ ਫੈਲਾਈਆਂ ਜਾ ਰਹੀਆਂ ਅਫਵਾਹਾਂ ਤੋਂ ਲੋਕਾਂ ਨੂੰ ਸੁਚੇਤ ਕਰਦਿਆਂ ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿੱਲ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਅਜਿਹੀਆਂ ਅਫਵਾਹਾਂ 'ਤੇ ਯਕੀਨ ਨਾ ਕਰੋ। ਇਨ੍ਹਾਂ ਵਿਚ ਕੋਈ ਸਚਾਈ ਨਹੀਂ। ਪਰਨੀਤ ਸ਼ੇਰਗਿੱਲ ਨੇ ਕਿਹਾ ਕਿ ਪ੍ਰਸ਼ਾਸਨ ਕਿਸੇ ਵੀ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਲੋਕਾਂ ਦੀ ਜਾਨ ਤੇ ਮਾਲ ਨੂੰ ਕੋਈ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਜ਼ਿਲ੍ਹੇ ਦੇ ਨਾਗਰਿਕ ਕਿਸੇ ਵੀ ਤਰ੍ਹਾਂ ਦੀ ਸਥਿਤੀ ਵਿੱਚ ਐੱਸ ਡੀ ਐੱਮ ਫਤਹਿਗੜ੍ਹ ਸਾਹਿਬ ਨਾਲ ਸੰਪਰਕ ਕਰ ਸਕਦੇ ਹਨ। ਇਸ ਤੋਂ ਇਲਾਵਾ ਲੋਕ ਸਿੱਧੇ ਉਨ੍ਹਾਂ ਨਾਲ ਵੀ ਸੰਪਰਕ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦੇ ਅਧਿਕਾਰੀ 24 ਘੰਟੇ ਲੋਕਾਂ ਦੀ ਸੇਵਾ ਲਈ ਹਾਜ਼ਰ ਹਨ। ਡਿਪਟੀ ਕਮਿਸਨਰ ਨੇ ਦੱਸਿਆ ਕਿ ਹੜ੍ਹਾਂ ਸੰਬੰਧੀ ਜ਼ਿਲ੍ਹਾ ਪੱਧਰ 'ਤੇ ਬਣਾਏ ਹੜ੍ਹ ਕੰਟਰੋਲ ਰੂਮ ਨੰ. 01763-232838 'ਤੇ ਵੀ ਸੰਪਰਕ ਕਰ ਸਕਦੇ ਹਨ।

## ਹੈੱਲਥ ਐਂਡ ਵੈੱਲਨੈਸ ਸੈਂਟਰ ਬਰੌਂਗਾ ਜੇਰ ਨੇ ਮਨਾਇਆ ਐਂਟੀ ਡੇਂਗੂ ਦਿਵਸ



**ਅਮਲੋਹ/ਮੰਡੀ ਗੋਬਿੰਦਗੜ੍ਹ, (ਪ੍ਰਮੋਦ ਭਾਰਦਵਾਜ)** ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਦੇ ਹੁਕਮਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫਸਰ ਚਰਨਾਰਥਲ ਕਲਾਂ ਡਾ.ਸੁਰਿੰਦਰ ਸਿੰਘ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਡਾ. ਗੁਰਪ੍ਰੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੈਲਥ ਐਂਡ ਵੈਲਨੈਸ ਸੈਂਟਰ ਬਰੌਂਗਾ ਜੇਰ ਵਿਖੇ ਡੇਂਗੂ ਦਿਵਸ ਮਨਾਇਆ ਗਿਆ। ਇਸ ਜਾਗਰੂਕਤਾ ਕੈਂਪ ਦੌਰਾਨ ਹਰਮਿੰਦਰਪਾਲ ਸਿਹਤ ਸੁਪਰਵਾਈਜ਼ਰ, ਇੰਦਰਜੀਤ ਸਿੰਘ ਮਲਟੀਪਰਪਜ਼ ਹੈਲਥ ਵਰਕਰ (ਮ) ਤੇ ਸੀ ਐਚ ਓ ਮਨਦੀਪ ਕੌਰ ਨੇ ਡੇਂਗੂ ਬੁਖਾਰ ਤੋਂ ਬਚਾਅ ਸੰਬੰਧੀ ਜਾਗਰੂਕਤਾ ਕੀਤਾ। ਵਰਕਸ਼ਾਪ ਵਿੱਚ ਪਿੰਡ ਦੇ ਲੋਕਾਂ ਨੂੰ ਡੇਂਗੂ ਬੁਖਾਰ ਦੀਆਂ ਨਿਸ਼ਾਨੀਆਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਇਨ੍ਹਾਂ ਬਿਮਾਰੀਆਂ ਤੋਂ ਬਚਾਅ ਲਈ ਸਾਵਧਾਨੀਆਂ ਬਾਰੇ ਦੱਸਿਆ ਗਿਆ ਜਿਵੇਂ ਡੇਂਗੂ ਬੁਖਾਰ ਦੇ ਆਮ ਲੱਛਣ ਜਿਵੇਂ ਕਿ ਤੇਜ਼ ਬੁਖਾਰ, ਸਿਰ ਦਰਦ, ਮਾਸਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ, ਜੀ ਕੱਚਾ ਹੋਣਾ ਅਤੇ ਉਲਟੀਆਂ, ਥਕਾਵਟ ਮਹਿਸੂਸ ਹੋਣੀ, ਚਮੜੀ ਤੇ ਦਾਣੇ ਅਤੇ ਹਾਲਤ ਖਰਾਬ ਹੋਣ ਤੇ ਨੱਕ, ਮੂੰਹ ਅਤੇ ਮਸੂੜਿਆਂ ਵਿੱਚੋਂ ਖੂਨ ਵਗਣਾ ਆਦਿ ਬਾਰੇ ਜਾਣਕਾਰੀ ਦਿੱਤੀ। ਇਸ ਸੰਬੰਧੀ ਡੇਂਗੂ ਤੋਂ ਬਚਾਓ ਦੇ ਤਰੀਕਿਆ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੂਲਰਾਂ ਅਤੇ ਫਰਿਜਾਂ ਦੀਆਂ ਟ੍ਰੇਆਂ ਵਿੱਚ ਖੜ੍ਹੇ ਪਾਣੀ ਨੂੰ ਹਫ਼ਤੇ ਵਿਚ ਇਕ ਵਾਰ ਜ਼ਰੂਰ ਚੰਗੀ ਤਰ੍ਹਾਂ ਸਾਫ ਕਰਕੇ ਸੁਕਾਓ ,ਇਹ ਮੱਛਰ ਦਿਨ ਵੇਲੇ ਕੱਟਦਾ ਹੈ ਇਸ ਲਈ ਅਜਿਹੇ ਕੱਪੜੇ ਪਹਿਨੋ ਜਿਸ ਨਾਲ ਸਰੀਰ ਪੂਰੀ ਤਰ੍ਹਾਂ ਢਕਿਆ ਰਹੇ, ਮੱਛਰਦਾਨੀ, ਘਰਾਂ ਅਤੇ ਦਫਤਰਾਂ ਵਿੱਚ ਮੱਛਰ ਭਜਾਓ ਕਰੀਮਾਂ/ਤੇਲ ਆਦਿ ਦੀ ਵਰਤੋਂ ਕਰੋ। ਡੇਂਗੂ ਅਤੇ ਚਿਕਨਗੁਨੀਆ ਦੇ ਲੱਛਣ ਆਉਣ ਤਾਂ ਤੁਰੰਤ ਸਰਕਾਰੀ ਹਸਪਤਾਲ ਵਿੱਚ ਸੰਪਰਕ ਕਰੋ। ਡੇਂਗੂ ਬੁਖਾਰ ਟੈਸਟ ਅਤੇ ਸੁਪੋਰਟਿਵ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਕੀਤਾ ਜਾਂਦਾ ਹੈ।

## ਸ਼ੱਕ ਤੇ ਬਹਿਸ ਨਾਲ ਖਤਮ ਹੁੰਦੇ ਹਨ ਰਿਸ਼ਤੇ : ਬੀ ਕੇ ਸ਼ਿਵਾਨੀ



**ਜੈਤੋ (ਸਤੀਸ਼ ਕੁਮਾਰ ਭੀਰੀ)** ਮਾਉਂਟ ਆਬੂ ਈਸ਼ਵਰੀਆ ਵਿਸ਼ਵਵਿਦਿਆਲਿਆ ਵਿਖੇ ਦੇਸ਼ ਦੇ ਕੋਨੇ ਕੋਨੇ ਤੋਂ ਪੁੱਜੀਆਂ ਬ੍ਰਹਮਾ ਕੁਮਾਰੀ ਭੈਣਾਂ ਨੂੰ ਨੂੰ ਸੰਬੋਧਨ ਕਰਦਿਆਂ ਬੀ ਕੇ ਸ਼ਿਵਾਨੀ ਦੀਦੀ ਨੇ ਕਿਹਾ ਕਿ ਸ਼ੱਕ ਅਤੇ ਬਹਿਸ ਕਦੇ ਕਦੇ ਰਿਸ਼ਤਿਆਂ ਨੂੰ ਬਰਬਾਦ ਕਰ ਦਿੰਦੇ ਹਨ, ਇਸ ਲਈ ਆਪਣੇ ਸ਼ਬਦਾਂ ਅਤੇ ਵਿਚਾਰਾਂ ਵਿੱਚ ਨਰਮੀ ਰੱਖਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਤੁਹਾਡਾ ਕੁਝ ਤੋੜਨ ਦਾ ਮਨ ਕਰੇ ਤਾਂ ਪਰਮਾਤਮਾ ਨੂੰ ਅਰਦਾਸ ਕਰੋ ਕਿ ਉਹ ਸਾਡਾ ਗਰੂਰ ਤੋੜ ਦੇਣ, ਜੇਕਰ ਕੁਝ ਮਚਾਉਣ ਦਾ ਮਨ ਕਰੇ ਤਾਂ ਸਾਡਾ ਗੁੱਸਾ ਮਚਾ ਦੇਣ, ਜੇ ਕੁਝ ਮਿਟਾਉਣ ਦਾ ਮਨ ਕਰੇ ਤਾਂ ਨਫਰਤ ਮਿਟਾ ਦੇਣ, ਜੇ ਮਾਰਨ ਦਾ ਮਨ ਕਰੇ ਤਾਂ ਸਾਡੀ ਇੱਛਾਵਾਂ ਮਾਰ ਦੇਣ ਅਤੇ ਜੇਕਰ ਪਿਆਰ ਕਰਨ ਦਾ ਮਨ ਕਰੇ ਤਾਂ ਪਰਮਾਤਮਾ ਵੱਲ ਦੇਖ ਲੈਣਾ ਚਾਹੀਦਾ ਹੈ। ਸ਼ਿਵਾਨੀ ਦੀਦੀ ਨੇ ਅੱਗੇ ਕਿਹਾ ਕਿ ਵਕਤ ਤੋਂ ਜ਼ਿਆਦਾ ਜ਼ਿੰਦਗੀ ਵਿੱਚ ਆਪਣਾ ਤੇ ਬੇਗਾਨਾ ਕੋਈ ਨਹੀਂ ਹੁੰਦਾ। ਜੇ ਵਕਤ ਆਪਣਾ ਹੋਵੇ ਤਾਂ ਸਭ ਆਪਣੇ ਹੁੰਦੇ ਹਨ ਤੇ ਜਦੋਂ ਵਕਤ ਬੇਗਾਨਾ ਹੋਵੇ ਤਾਂ ਆਪਣੇ ਵੀ ਬੇਗਾਨੇ ਹੋ ਜਾਂਦੇ ਹਨ।

## ਸੀ ਐੱਚ ਸੀ ਬਾਲਿਆਂਵਾਲੀ 'ਚ ਪਰਵਾਰ ਨਿਯੋਜਨ ਕੈਂਪ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਸੀ.ਐੱਚ.ਸੀ. ਬਾਲਿਆਂਵਾਲੀ ਵੱਲੋਂ ਵਿਸ਼ਵ ਆਬਾਦੀ ਕੰਟਰੋਲ ਮੁਹਿੰਮ ਦੌਰਾਨ ਪਰਵਾਰ ਨਿਯੋਜਨ ਦੇ ਦੋ ਸਫਲਤਾ ਪੂਰਵਕ ਕੈਂਪਾਂ ਦੌਰਾਨ 58 ਕੇਸ ਕਰਵਾਉਣ ਉਪਰੰਤ ਜ਼ਿਲ੍ਹੇ ਬਠਿੰਡੇ 'ਚ ਆਪਣੀ ਵੱਖਰੀ ਪਹਿਚਾਣ ਬਣਾਈ ਹੈ। ਸਿਵਲ ਸਰਜਨ ਬਠਿੰਡਾ ਡਾ. ਤੇਜਵੰਤ ਸਿੰਘ ਢਿੱਲੋਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤੇ ਸੀਨੀਅਰ ਮੈਡੀਕਲ ਅਫਸਰ ਡਾ.ਗੁਰਮੇਲ ਸਿੰਘ ਦੀ ਅਗਵਾਈ ਹੇਠ ਬਲਾਕ ਬਾਲਿਆਂਵਾਲੀ 'ਚ ਪਰਵਾਰ ਨਿਯੋਜਨ ਕੈਂਪ ਲਗਾਏ ਗਏ। ਇਸ ਮੌਕੇ ਐਸ.ਐਮ.ਓ. ਡਾ.ਗੁਰਮੇਲ ਸਿੰਘ ਨੇ ਕਿਹਾ ਕਿ ਸਾਡੇ ਮੁਲਕ ਵਿੱਚ ਵਧ ਰਹੀ ਅਬਾਦੀ ਅਨੇਕਾਂ ਹੀ ਸਮੱਸਿਆਵਾਂ ਦੀ ਜੜ੍ਹ ਹੈ। ਇਸ ਨੂੰ ਕੰਟਰੋਲ ਕਰਨਾ ਸਮੇਂ ਦੀ ਮੁੱਖ ਲੋੜ ਹੈ ਤੇ ਲੋਕਾਂ ਵਿੱਚ ਵਧੇਰੇ ਜਾਗਰੂਕਤਾ ਦੀ ਲੋੜ ਹੈ।

ਡਾ.ਗੁਰਮੇਲ ਸਿੰਘ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਵਿਸ਼ਵ ਦਿਨ ਮਨਾਉਂਦਿਆਂ ਅਤੇ ਹੋਰਨਾਂ ਕੈਂਪ ਜ਼ਰੀਏ ਲੋਕਾਂ ਜਿਥੇ ਸਿਹਤ ਸਹੂਲਤਾਂ ਬਾਰੇ ਚਾਨਣਾ ਪਾਇਆ ਜਾਂਦਾ ਹੈ ਉਥੇ ਨਰੋਈ ਤੰਦਰੁਸਤ ਸਿਹਤ ਨੂੰ ਬਰਕਰਾਰ ਰੱਖਣ ਲਈ ਖਾਣ ਪੀਣ ਆਦਿ ਬਾਰੇ ਵੀ ਵਿਚਾਰ ਚਰਚਾ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਸੀ.ਐੱਚ.ਸੀ. ਬਾਲਿਆਂਵਾਲੀ ਵਿਖੇ ਦੋ ਬਲਾਕ ਪੱਧਰੀ ਪਰਵਾਰ ਨਿਯੋਜਨ ਕੈਂਪ ਲਗਾਏ ਗਏ ਸਨ। ਇਨ੍ਹਾਂ ਕੈਂਪਾਂ 'ਚ ਸਿਵਲ ਹਸਪਤਾਲ ਬਠਿੰਡਾ ਤੋਂ ਸਰਜਨ ਡਾ.ਰਾਵੇਸ਼ਵਰ ਚਾਵਲਾ ਅਤੇ ਲੇਡੀਜ਼ ਡਾਕਟਰ ਦਰਸ਼ਨ ਕੌਰ ਨੇ ਸਫਲਤਾ ਪੂਰਵਕ ਅਪਰੇਸ਼ਨ ਕੀਤੇ। ਉਹਨਾਂ ਦੱਸਿਆ ਕਿ ਜੋ ਦੋ ਅਪਰੇਸ਼ਨ ਕੈਂਪ ਲਗਾਏ ਹਨ ਉਨ੍ਹਾਂ 'ਚ ਪਹਿਲੇ ਕੈਂਪ ਵਿੱਚ 21 ਅਪਰੇਸ਼ਨ ਜਦ ਕਿ ਦੂਜੇ ਕੈਂਪ 'ਚ 37 ਕੇਸ ਅਪਰੇਟ ਕੀਤੇ ਗਏ ਹਨ।

ਜਗਤਾਰ ਸਿੰਘ ਬਲਾਕ ਐਜੂਕੇਟਰ ਅਤੇ ਮਨਜੀਤ ਸਿੰਘ ਬਲਾਕ ਐਜੂਕੇਟਰ ਨੇ ਕਿਹਾ ਕਿ ਸਿਹਤ ਵਿਭਾਗ ਮੁਲਾਜ਼ਮਾਂ ਵੱਲੋਂ ਪਿੰਡ-ਪਿੰਡ ਪਰਵਾਰ ਨਿਯੋਜਨ ਦੇ ਫਾਇਦਿਆਂ ਬਾਰੇ ਜਾਗੂਰਕ ਕੀਤਾ ਗਿਆ।

ਇਸ ਮੌਕੇ ਮੈਡੀਕਲ ਅਫਸਰ ਡਾ.ਕਮਲਜੀਤ ਸਿੰਘ, ਡਾ.ਨਵਨੀਤ ਕੌਰ, ਸੀ.ਐੱਚ.ਓਜ਼. ਹਰਵਿੰਦਰ ਕੌਰ, ਡਾ. ਬਰਜਿੰਦਰ ਸਿੰਘ, ਡਾ.ਕਮਲਦੀਪ ਸਿੰਘ, ਮਿਸ ਰੀਪ ਕੌਰ, ਮਿਸ ਮਨਜੋਤ ਕੌਰ ਆਦਿ ਹਾਜ਼ਰ ਸਨ।

## 9 ਸਤੰਬਰ ਨੂੰ ਲੱਗਣ ਵਾਲੀ ਕੌਮੀ ਲੋਕ ਅਦਾਲਤ ਦੇ ਸੰਬੰਧ 'ਚ ਪੀ ਐੱਸ ਪੀ ਸੀ ਐੱਲ ਦੇ ਅਧਿਕਾਰੀਆਂ ਨਾਲ ਮੀਟਿੰਗ



**ਫਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ- ਕਮ -ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਰੁਣ ਗੁਪਤਾ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਨਿਰਦੇਸ਼ਾਂ ਤਹਿਤ 9 ਸਤੰਬਰ ਨੂੰ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀਆਂ ਅਦਾਲਤਾਂ ਅਤੇ ਸਬ-ਡਵੀਜ਼ਨ ਪੱਧਰ ਦੀਆਂ ਅਦਾਲਤਾਂ ਵਿੱਚ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿੱਚ ਸਾਰੇ ਪ੍ਰਕਾਰ ਦੇ ਰਾਜ਼ੀਨਾਮੇ ਯੋਗ ਕੇਸ ਸਮਝੌਤੇ ਲਈ ਵਿਚਾਰੇ ਜਾਣਗੇ ਅਤੇ ਦੋਵੇਂ ਪਾਰਟੀਆਂ ਦੇ ਆਪਸੀ ਸਹਿਮਤੀ ਨਾਲ ਕੇਸ ਸੁਲਝਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਗੁਪਤਾ ਨੇ ਦੱਸਿਆ ਕਿ 9 ਸਤੰਬਰ ਦੀ ਇਸ ਕੌਮੀ ਲੋਕ ਅਦਾਲਤ ਨੂੰ ਵੱਧ ਤੋਂ ਵੱਧ ਸਫਲ ਬਣਾਉਣ ਲਈ ਬੈਂਕ ਅਧਿਕਾਰੀਆਂ, ਬੀਮਾ ਅਧਿਕਾਰੀਆਂ, ਵਾਟਰ ਸਪਲਾਈ, ਪੀ.ਐਸ.ਪੀ.ਸੀ.ਐੱਲ ਅਤੇ ਬੀ.ਐਸ.ਐਨ.ਐਲ., ਕਾਰਜਸਾਧਕ ਅਫਸਰਾਂ, ਬੈਂਕ ਅਤੇ ਬੀਮਾ ਕੰਪਨੀਆਂ ਦੇ ਐਡਵੋਕੇਟਸ ਦੇ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਵੱਧ ਤੋਂ ਵੱਧ ਕੇਸਾਂ ਦਾ ਲੋਕ ਅਦਾਲਤ ਰਾਹੀਂ ਨਿਪਟਾਰਾ ਕਰਕੇ ਆਮ ਪਬਲਿਕ ਨੂੰ ਫਾਇਦਾ ਪਹੁੰਚਾਇਆ ਜਾ ਸਕੇ। ਅਰੁਣ ਗੁਪਤਾ ਨੇ ਅੱਗੇ ਦੱਸਿਆ ਕਿ ਇਸ ਕੜੀ ਨੂੰ ਅੱਗੇ ਵਧਾਉਂਦਿਆਂ ਉਨਾਂ ਵੱਲੋਂ ਅੱਜ ਪੀ.ਐਸ.ਪੀ.ਸੀ.ਐੱਲ ਦੇ ਅਧਿਕਾਰੀ ਅਤੇ ਉਨ੍ਹਾਂ ਦੇ ਐਡਵੋਕੇਟਜ਼ ਨਾਲ ਮੀਟਿੰਗ ਕੀਤੀ ਗਈ ਅਤੇ ਉਨ੍ਹਾਂ ਨੂੰ ਆਉਣ ਵਾਲੀ ਕੌਮੀ ਲੋਕ ਅਦਾਲਤ ਨੂੰ ਵੱਧ ਤੋਂ ਵੱਧ ਸਫਲ ਬਣਾਉਣ ਲਈ ਯਤਨ ਕਰਨ ਲਈ ਕਿਹਾ ਗਿਆ ਤਾਂ ਜੋ ਇਸ ਲੋਕ ਅਦਾਲਤ ਤੋਂ ਪਬਲਿਕ ਨੂੰ ਵੱਧ ਤੋਂ ਵੱਧ ਫਾਇਦਾ ਮਿਲ ਸਕੇ।

## ਟੈਗੋਰ ਗਲੋਬਲ ਸਕੂਲ ਸਮਰਾਲਾ 'ਚ ਵਿਦਿਆਰਥੀ ਕੌਂਸਲ ਦਾ ਐਲਾਨ

**ਸਮਰਾਲਾ, (ਸੁਰਜੀਤ ਸਿੰਘ)** ਸਥਾਨਕ ਟੈਗੋਰ ਗਲੋਬਲ ਸਕੂਲ ਸੀ ਸੈ ਸਮਰਾਲਾ ਵਿਖੇ ਨਿਵੇਸ ਸਮਾਰੋਹ ਦੌਰਾਨ ਸਕੂਲ ਦੀ ਵਿਦਿਆਰਥੀ ਕੌਂਸਲ (2023-24) ਦਾ ਐਲਾਨ ਕਰਦੇ ਹੋਏ ਵਿਦਿਆਰਥੀਆਂ ਨੂੰ ਬੈਜ ਅਤੇ ਸੈਸੇ ਦੇ ਕੇ ਨਿਵਾਜਿਆ ਗਿਆ। ਸਮਾਗਮ ਦੀ ਸ਼ੁਰੂਆਤ ਡਾਇਰੈਕਟਰ ਬਾਲ ਕ੍ਰਿਸ਼ਨ ਅਨੇਜਾ ਅਤੇ ਸਵਾਤੀ ਅਨੇਜਾ ਨੇ ਸ਼ਮ੍ਹਾ ਰੌਸ਼ਨ ਕਰਕੇ ਕੀਤੀ। ਉਪਰੰਤ ਤੀਜੀ ਤੋਂ ਸੱਤਵੀ ਜਮਾਤ ਦੇ ਵਿਦਿਆਰਥੀਆਂ ਦੇ ਗਰੁੱਪ ਵੱਲੋਂ ਬਾਲ ਮਜ਼ਦੂਰੀ ਅਤੇ ਪ੍ਰੇਰਨਾਦਾਇਕ ਵਿਸ਼ਿਆਂ ਉੱਪਰ ਕੋਰੀਓਗ੍ਰਾਫੀ ਕੀਤੀ ਗਈ । ਇਸ ਉਪਰੰਤ ਸਮਾਰੋਹ ਵਿੱਚ ਅੰਮ੍ਰਿਤਜੋਤ ਸਿੰਘ ਨੂੰ ਹੈੱਡ ਬੁਆਏ ਅਤੇ ਪਾਰੂਲ ਸ਼ਰਮਾ ਨੂੰ ਹੈੱਡ ਗਰਲ, ਮੰਨੂ ਸਿਸੋਦੀਆ ਅਤੇ ਹਰਸ਼ਿਤਾ ਚੋਪੜਾ ਨੂੰ ਕਪਤਾਨ ਅੰਗਰੇਜ਼ੀ-ਬੋਲੀ, ਆਰਿਅਨ ਰਾਣਾ ਅਤੇ ਜੈਸਮੀਨ ਕੌਰ ਖੇਡ ਕਪਤਾਨ, ਜਸਕਰਨ ਸਿੰਘ ਅਤੇ ਸ਼੍ਰੇਆ ਕੱਕੜ ਨੂੰ ਐਕਟੀਵਿਟੀ ਇੰਚਾਰਜ ਜਦੋਂਕਿ ਪੰਸੁਲ ਅਗਰਵਾਲ ਅਤੇ ਮਹਿਕਪ੍ਰੀਤ ਕੌਰ ਅਨੁਸ਼ਾਸਨ ਇੰਚਾਰਜ ਚੁਣੇ ਗਏ। ਇਸ ਤੋਂ ਬਿਨਾਂ ਹਾਊਸ ਕੈਪਟਨ ਅਤੇ ਹਾਊਸ ਰਿਪਰਜ਼ੈਂਟੇਟਿਵ ਚੁਣੇ ਗਏ। ਡਾਇਰੈਕਟਰ ਬਾਲ ਕ੍ਰਿਸ਼ਨ ਅਨੇਜਾ, ਸਵਾਤੀ ਅਨੇਜਾ ਨੇ ਵਿਦਿਆਰਥੀਆਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਆ। ਇਸ ਮੌਕੇ ਪ੍ਰਿੰ: ਮਨੋਜ ਕੁਮਾਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਤੋਂ ਜਾਣੂ ਕਰਵਾਉਂਦੇ ਹੋਏ ਜੀਵਨ ਵਿੱਚ ਏਕਤਾ, ਅਨੁਸ਼ਾਸਨ ਅਤੇ ਨੈਤਿਕਤਾ ਵਿਚ ਨਿਰਪੱਖ ਅਤੇ ਇਮਾਨਦਾਰ ਹੋਣ ਲਈ ਪ੍ਰੇਰਿਤ ਕੀਤਾ।




## ਅਨੀਮੀਆ ਮੁਕਤ ਪੰਜਾਬ ਅਭਿਆਨ ਤਹਿਤ ਲਗਾਏ ਜਾਗਰੂਕਤਾ ਕੈਂਪ



**ਮੁਕਤਸਰ (ਸ਼ਮਿੰਦਰਪਾਲ/ਪੂਜਾ)**-ਸਿਹਤ ਵਿਭਾਗ ਅਤੇ ਸਮਾਜਕ ਸੁਰੱਖਿਆ ਤੇ ਬਾਲ ਵਿਕਾਸ ਵਿਭਾਗ ਵੱਲੋਂ 12 ਅਗਸਤ ਤੱਕ ਅਨੀਮੀਆ ਮੁਕਤ ਪੰਜਾਬ ਅਭਿਆਨ ਚਲਾਇਆ ਜਾ ਰਿਹਾ ਹੈ ਜਿਸ ਤਹਿਤ ਗਰਭਵਤੀ ਔਰਤਾਂ ਅਤੇ ਬੱਚਿਆਂ ਨੂੰ ਪੌਸ਼ਟਿਕ ਖੁਰਾਕ ਲੈਣ ਸੰਬੰਧੀ ਗਤੀਵਿਧੀਆਂ ਰਾਹੀਂ ਜਾਗਰੂਕ ਕੀਤਾ ਜਾ ਰਿਹਾ ਹੈ। ਸੀ.ਐਚ.ਸੀ ਚੱਕ ਸ਼ੇਰੇ ਵਾਲਾ ਦੇ ਬੀ.ਈ.ਈ ਮਨਬੀਰ ਸਿੰਘ ਨੇ ਦੱਸਿਆ ਕਿ ਸਿਵਲ ਸਰਜਨ ਡਾ. ਰੀਟਾ ਬਾਲਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਸ.ਐਮ.ਓ ਡਾ. ਕੁਲਤਾਰ ਸਿੰਘ ਦੀ ਅਗਵਾਈ ਹੇਠ ਬਲਾਕ ਦੇ ਵੱਖ-ਵੱਖ ਪਿੰਡਾਂ ਵਿਚ ਇਸ ਮੁਹਿੰਮ ਤਹਿਤ ਕੈਂਪ ਲਗਾਏ ਜਾ ਰਹੇ ਹਨ, ਜਿਨ੍ਹਾਂ ਵਿਚ ਗਰਭਵਤੀ ਔਰਤਾਂ ਨੂੰ ਉਨ੍ਹਾਂ ਦੇ ਖਾਣ ਪਾਨ ਅਤੇ ਬੱਚਿਆਂ ਦੀ ਸਾਂਭ ਸੰਭਾਲ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਮੌਕੇ ਸਿਹਤ ਕਰਮੀਆਂ ਨੇ ਜਾਗਰੂਕ ਕਰਦੇ ਹੋਏ ਕਿਹਾ ਕਿ ਪੌਸ਼ਟਿਕ ਆਹਾਰ ਗ੍ਰਹਿਣ ਕਰਾਂਗੇ ਤਾਂ ਹੀ ਸਿਹਤਮੰਦ ਰਹਾਂਗੇ ਤੇ ਅਸੀਂ ਬਿਮਾਰੀਆਂ ਤੋਂ ਬਚੇ ਰਹਾਂਗੇ। ਗਰਭਵਤੀ ਔਰਤਾਂ ਅਤੇ ਬੱਚਿਆਂ ਦੀ ਸਿਹਤ ਸੰਭਾਲ ਸਬੰਧੀ ਪੌਸ਼ਟਿਕ ਤੱਤਾਂ ਦੀ ਭਰਪੂਰ ਮਾਤਰਾ ਵਾਲੇ ਪਦਾਰਥਾਂ ਦਾ ਸੇਵਨ ਕਰਨਾ ਚਾਹੀਦਾ ਹੈ ਜਿਸ ਨਾਲ ਸਰੀਰ ਮਜ਼ਬੂਤ ਹੁੰਦਾ ਹੈ ਅਤੇ ਖੂਨ ਦੀ ਕਮੀ ਪੂਰੀ ਹੁੰਦੀ ਹੈ। ਪਿਛਲੇ ਦਿਨੀਂ ਪਿੰਡ ਚੱਕ ਸ਼ੇਰੇ ਵਾਲਾ ਅਤੇ ਮਹਾਬੱਧਰ ਆਦਿ ਦੇ ਆਂਗਣਵਾੜੀ ਕੇਂਦਰਾਂ ਵਿਖੇ ਲਗਾਏ ਕੈਂਪ ਦੌਰਾਨ ਸਿਹਤ ਕਰਮੀਆਂ ਅਤੇ ਆਂਗਣਵਾੜੀ ਵਰਕਰਾਂ ਨੇ ਕਿਹਾ ਕਿ ਗਰਭਵਤੀ ਔਰਤਾਂ ਅਤੇ ਬੱਚਿਆਂ ਨੂੰ ਲਗਾਤਾਰ ਸਿਹਤ ਸੰਭਾਲ ਨੂੰ ਲੈ ਕੇ ਸਿਹਤ ਕੇਂਦਰਾਂ ਅਤੇ ਆਂਗਣਵਾੜੀ ਕੇਂਦਰਾਂ ਨਾਲ ਰਾਬਤਾ ਕਾਇਮ ਕਰਨਾ ਚਾਹੀਦਾ ਹੈ। ਮੌਜੂਦ ਔਰਤਾਂ ਨੂੰ ਕੇਅਰ ਕੰਪੈਨੀਅਨ ਪ੍ਰੋਗਰਾਮ, ਜਨਨੀ ਸੁਰੱਖਿਆ ਯੋਜਨਾ, ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਸੰਬੰਧੀ ਅਤੇ ਪੋਸ਼ਣ ਟਰੈਕਰ ਐਪ ਆਦਿ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸੀ.ਐਚ.ਓ ਹਰਵਿੰਦਰ ਕੌਰ, ਏ.ਐਨ.ਐਮ. ਅਮਨਦੀਪ ਕੌਰ, ਏ.ਐਨ.ਐਮ ਰਾਜ ਕਲਾਂ, ਗੁਰਮੇਜ ਸਿੰਘ, ਆਂਗਣਵਾੜੀ ਵਰਕਰ, ਆਸ਼ਾ ਵਰਕਰ ਅਤੇ ਪਿੰਡ ਵਾਸੀ ਮੌਜੂਦ ਸਨ ।

## ਨੈਸ਼ਨਲ ਪ੍ਰੋਗਰਾਮ ਫਾਰ ਡੇਅਰੀ ਡਿਵੈੱਲਪਮੈਂਟ ਪ੍ਰੋਜੈਕਟ ਅਧੀਨ ਟ੍ਰੇਨਿੰਗ ਪ੍ਰੋਗਰਾਮ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)** -ਵੇਰਕਾ ਫਰੀਦਕੋਟ ਡੇਅਰੀ ਵੱਲੋਂ ਭਾਰਤ ਸਰਕਾਰ ਦੇ ਨੈਸ਼ਨਲ ਪ੍ਰੋਗਰਾਮ ਫਾਰ ਡੇਅਰੀ ਡਿਵੈਲਪਮੈਂਟ –09 ਪ੍ਰੋਜੈਕਟ ਅਧੀਨ ਫਰੀਦਕੋਟ ਵਿਖੇ ਟ੍ਰੇਨਿੰਗ ਪ੍ਰੋਗਰਾਮ ਦਾ ਆਯੋਜਨ ਅਫਸਰ ਕਲੱਬ ਫਰੀਦਕੋਟ 'ਚ ਕੀਤਾ ਗਿਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਅਨਿਮੇਸ਼ ਪ੍ਰਮਾਣਿਕ, ਡਿਪਟੀ ਜਨਰਲ ਮੈਨੇਜਰ ਅਤੇ ਚਸਨਦੀਪ ਸਿੰਘ, ਡਿਪਟੀ ਮੈਨੇਜਰ ਪ੍ਰੋਕਿਊਰਮੈਂਟ ਵੱਲੋਂ ਪ੍ਰੋਗਰਾਮ ਵਿੱਚ ਆਏ ਸਮੂਹ ਦੁੱਧ ਉਤਪਾਦਕਾਂ ਨੂੰ ਜੀ ਆਇਆਂ ਕਿਹਾ ਅਤੇ ਵੇਰਕਾ ਅਦਾਰੇ ਅਤੇ ਇਸ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਜਸਪਾਲ ਸਿੰਘ, ਈ ਆਈ, ਪਨਕੋਫੈਡ ਨੇ ਦੁੱਧ ਉਤਪਾਦਕਾਂ ਨੂੰ ਸਹਿਕਾਰਤਾ ਲਹਿਰ ਬਾਰੇ ਦੱਸਿਆ। ਉਪਰੰਤ ਡਾ.ਹਰਸੁਬੇਗ ਸਿੰਘ ਇੰਚਾਰਜ ਵੇਰਕਾ ਸੀਮਨ ਸਟੇਸ਼ਨ ਖੰਨਾ ਵੱਲੋਂ ਦੁੱਧ ਉਤਪਾਦਕਾਂ ਨੂੰ ਸਸਤੇ ਭਾਅ ਤੇ ਸਪਲਾਈ ਕੀਤੇ ਜਾਂਦੇ ਸੀਮਨ ਅਤੇ ਪਸ਼ੂਆਂ ਨੂੰ ਆਮ ਤੌਰ 'ਤੇ ਹੋਣ ਵਾਲੀਆਂ ਬਿਮਾਰੀਆਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸਤਿੰਦਰ ਮੌਰੀਆ, ਡਿਪਟੀ ਜਨਰਲ ਮੈਨੇਜਰ ਅਤੇ ਹਰਮਨਦੀਪ ਸਿੰਘ, ਘਣੀਏ ਕੇ ਬਾਂਗਰ, ਵੱਲੋਂ ਵੇਰਕਾ ਕੈਟਲਫੀਡ, ਮਿਨਰਲ ਮਿਕਸਚਰ ਅਤੇ ਇਨ੍ਹਾਂ ਦੇ ਫਾਈਦਿਆ ਬਾਰੇ ਜਾਣਕਾਰੀ ਦਿੱਤੀ ਗਈ। ਗੁਰਬੀਰ ਸਿੰਘ ਸਹਾਇਕ ਮੈਨੇਜਰ ਵੱਲੋਂ ਦੁੱਧ ਦੀ ਕੁਆਲਿਟੀ ਨੂੰ ਬਰਕਰਾਰ ਰੱਖਣ ਸਬੰਧੀ ਨੁਕਤੇ ਸਾਂਝੇ ਕੀਤੇ ਅਤੇ ਸੁਭਮ ਬਾਂਸਲ, ਇਫਕੋ ਵੱਲੋਂ ਦੁੱਧ ਉਤਪਾਦਕਾਂ ਨੂੰ ਕੀਟ ਨਾਸ਼ਕ ਦਵਾਈਆਂ, ਖਾਦ ਆਦਿ ਅਤੇ ਇਨ੍ਹਾਂ ਤੋਂ ਪਸ਼ੂਆਂ ਨੂੰ ਹੋਣ ਵਾਲੇ ਨੁਕਸਾਨ ਬਾਰੇ ਜਾਣੂ ਕਰਵਾਇਆ ਗਿਆ। ਪ੍ਰੋਗਰਾਮ ਦੇ ਅੰਤ 'ਚ ਸ਼ੇਰਵੀਰ ਸਿੰਘ ਚੇਅਰਮੈਨ, ਵੇਰਕਾ ਫਰੀਦਕੋਟ ਡੇਅਰੀ, ਜਸਕਰਨ ਸਿੰਘ ਡਾਇਰੈਕਟਰ, ਰਾਜਵਿੰਦਰ ਸਿੰਘ ਡਾਇਰੈਕਟਰ ਵੱਲੋਂ ਵੇਰਕਾ ਫਰੀਦਕੋਟ ਡੇਅਰੀ ਵੱਲੋਂ ਅਯੋਜਿਤ ਪ੍ਰੋਗਰਾਮ ਵਿੱਚ ਪਹੁੰਚਣ 'ਤੇ ਸਮੂਹ ਦੁੱਧ ਉਤਪਾਦਕਾਂ ਦਾ ਧੰਨਵਾਦ ਕੀਤਾ ਗਿਆ ਅਤੇ ਵੇਰਕਾ ਨਾਲ ਜੁੜ ਕੇ ਇਸ ਨੂੰ ਹੋਰ ਅੱਗੇ ਲਿਜਾਣ ਦੀ ਅਪੀਲ ਕੀਤੀ ਗਈ।

## ਸੰਧਵਾਂ ਵੱਲੋਂ ਸੀਵਰੇਜ ਸਮੱਸਿਆ ਨੂੰ ਹੱਲ ਕਰਨ ਲਈ ਅਧਿਕਾਰੀਆਂ ਨਾਲ ਮੀਟਿੰਗ

**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕੋਟਕਪੂਰਾ, ਜ਼ਿਲ੍ਹਾ ਫ਼ਰੀਦਕੋਟ ਵਿਖੇ ਪੁਰਾਣੇ ਸੀਵਰੇਜ ਸਿਸਟਮ ਦੇ ਰੱਖ-ਰਖਾਅ ਅਤੇ ਸ਼ਹਿਰ ਵਿੱਚ ਸਫ਼ਾਈ ਆਦਿ ਸੰਬੰਧੀ ਸ਼ਹਿਰ ਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਦੇ ਸੁਯੋਗ ਨਿਪਟਾਰੇ ਲਈ ਸਥਾਨਕ ਸਰਕਾਰਾਂ, ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ, ਵੱਖ-ਵੱਖ ਪ੍ਰਾਈਵੇਟ ਕੰਪਨੀਆਂ ਦੇ ਅਧਿਕਾਰੀਆਂ ਅਤੇ ਜ਼ਿਲ੍ਹਾ ਫ਼ਰੀਦਕੋਟ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਸੰਧਵਾਂ ਨੇ ਸੰਬੰਧਤ ਅਧਿਕਾਰੀਆਂ ਨਾਲ ਕੋਟਕਪੂਰਾ ਸ਼ਹਿਰ ਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਵਿਸਥਾਰ 'ਚ ਵਿਚਾਰ-ਵਟਾਂਦਰਾ ਕੀਤਾ ਅਤੇ ਕੋਟਕਪੂਰਾ ਦੇ ਸੀਵਰੇਜ ਸਿਸਟਮ ਦੀ ਰੱਖ-ਰਖਾਅ ਅਤੇ ਸਫ਼ਾਈ ਆਦਿ ਦੇ ਸਮੁੱਚੇ ਕਾਰਜ ਸਮੇਂ ਸਿਰ ਕਰਨੀ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਗੁਜਰਾਤ ਗੈਸ ਪਾਈਪ ਕੰਪਨੀ ਦੇ ਅਧਿਕਾਰੀਆਂ ਨੂੰ ਕੋਟਕਪੂਰਾ ਸ਼ਹਿਰ ਵਿਚਲੀਆਂ ਸੜਕਾਂ ਤੇ ਗਲੀਆਂ ਦੇ ਪਾਈਪ ਪਾਉਣ ਮਗਰੋਂ ਸਮਝੌਤੇ ਤਹਿਤ ਖੱਡਿਆਂ ਆਦਿ ਨੂੰ ਭਰਨਾ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਨਵੇਂ ਥਾਂ 'ਤੇ ਕਾਰਜ ਉਦੋਂ ਹੀ ਸ਼ੁਰੂ ਕੀਤੇ ਜਾਣ ਜਦੋਂ ਪਹਿਲਾਂ ਜਾਰੀ ਕਾਰਜ ਸਹੀ ਢੰਗ ਨਾਲ ਮੁਕੰਮਲ ਕਰ ਲਏ ਜਾਣ। ਸੰਧਵਾਂ ਨੇ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਕੋਟਕਪੂਰਾ ਸ਼ਹਿਰ ਦੀ ਸਫ਼ਾਈ ਆਦਿ ਦੇ ਕੰਮ ਸਹੀ ਢੰਗ ਨਾਲ ਨਾ ਕਰਨ ਵਾਲੀ ਪ੍ਰਾਈਵੇਟ ਕੰਪਨੀ ਵਿਰੁੱਧ ਬਣਦਾ ਸਖ਼ਤ ਐਕਸ਼ਨ ਲੈਣ



ਦੀਆਂ ਹਦਾਇਤਾਂ ਦਿੰਦਿਆਂ ਕਿਹਾ ਕਿ ਪ੍ਰਾਈਵੇਟ ਕੰਪਨੀਆਂ ਕੀਤੇ ਅਗਾਊਂ ਸਮਝੌਤੇ ਅਨੁਸਾਰ ਤੈਅ ਸੇਵਾਵਾਂ ਦੇਣ ਤੋਂ ਨਹੀਂ ਭੱਜ ਸਕਦੀਆਂ। ਉਨ੍ਹਾ ਕੋਟਕਪੂਰਾ ਵਾਸੀਆਂ ਨੂੰ ਸਫ਼ਾਈ ਅਭਿਆਨ 'ਚ ਹਿੱਸਾ ਪਾਉਣ ਲਈ ਜਾਗਰੂਕ ਕਰਨ ਦੀਆਂ ਹਦਾਇਤਾਂ ਦਿੰਦਿਆਂ ਕਿਹਾ ਕਿ ਇਸ ਸੰਬੰਧੀ ਇੱਕ ਮੋਟੀਵੇਸ਼ਨ ਕੰਪੇਨ ਚਲਾਈ ਜਾਵੇ ਅਤੇ ਸ਼ਹਿਰ ਵਾਸੀਆਂ ਨੂੰ ਪੌਲੀਥੀਨ ਤੇ ਹੋਰ ਰਹਿੰਦ-ਖੂੰਹਦ ਦੇ ਸੁਚੱਜੇ ਨਿਪਟਾਰੇ ਸਬੰਧੀ ਜਾਗਰੂਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਆਪੋ-ਆਪਣੇ ਘਰਾਂ ਦੇ ਬਾਹਰ ਸੀਵਰੇਜ ਪਾਈਪ 'ਚ ਜਾਲੀ ਲਗਾਉਣ ਲਈ ਵੀ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਪੌਲੀਥੀਨ ਤੇ ਹੋਰ ਠੋਸ ਰਹਿੰਦ-ਖੂੰਹਦ ਸੀਵਰੇਜ ਪਾਈਪ 'ਚ ਨਾ ਜਾ ਸਕੇ। ਇਸ ਮੌਕੇ ਚੇਅਰਮੈਨ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਡਾ. ਸਨੀ ਆਹਲੂਵਾਲੀਆ, ਸੀ.ਈ.ਓ. ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਮਾਲਵਿੰਦਰ ਸਿੰਘ ਜੱਗੀ, ਮਨਪ੍ਰੀਤ ਸਿੰਘ ਮਣੀ ਧਾਲੀਵਾਲ ਪਬਲਿਕ ਰਿਲੇਸ਼ਨ ਅਫ਼ਸਰ ਸਪੀਕਰ ਪੰਜਾਬ ਵਿਧਾਨ ਸਭਾ, ਵਧੀਕ ਡਿਪਟੀ ਕਮਿਸ਼ਨਰ ਸ਼ਹਿਰੀ ਵਿਕਾਸ ਫਰੀਦਕੋਟ ਜਯੋਤੀ ਬਾਲਾ, ਐਸ.ਡੀ.ਐਮ. ਕੋਟਕਪੂਰਾ ਵੀਰਪਾਲ ਕੌਰ, ਸਕੱਤਰ ਰੈਡਕਰਾਸ ਫਰੀਦਕੋਟ ਮਨਦੀਪ ਸਿੰਘ, ਕਾਰਜ ਸਾਧਕ ਅਫ਼ਸਰ ਨਗਰ ਕੌਂਸਲ ਕੋਟਕਪੂਰਾ ਅਮਰਿੰਦਰ ਸਿੰਘ, ਸੁਰਿੰਦਰ ਸਿੰਘ ਮੋਤੀ ਸੈਕਟਰੀ ਸਪੀਕਰ ਸਾਹਿਬ, ਸੁਖਦੀਪ ਸਿੰਘ ਨਗਰ ਕੌਂਸਲ ਤੋਂ ਇਲਾਵਾ ਸਥਾਨਕ ਸਰਕਾਰਾਂ ਵਿਭਾਗ ਅਤੇ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।

## ਐਕਸ਼ਨ ਜਲ ਸਪਲਾਈ ਤੇ ਸੀਵਰੇਜ ਬੋਰਡ ਵੱਲੋਂ ਕਿਰਤ ਕਾਨੂੰਨ ਲਾਗੂ ਨਾ ਕਰਨ ਵਿਰੁੱਧ ਦਫਤਰ ਅੱਗੇ ਰੋਸ ਰੈਲੀ

**ਸੰਗਰੂਰ :** ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਬਰਾਂਚ ਜ਼ਿਲਾ ਸੰਗਰੂਰ ਦੇ ਪ੍ਰਧਾਨ ਮੇਲਾ ਸਿੰਘ ਪੁੰਨਾਂਵਾਲ, ਪਸਸਫ ਦੇ ਜ਼ਿਲ੍ਹਾ ਪ੍ਰਧਾਨ ਸੀਤਾ ਰਾਮ ਸ਼ਰਮਾ ਦੀ ਪ੍ਰਧਾਨਗੀ ਹੇਠ ਐਕਸ਼ਨ ਜਲ ਸਪਲਾਈ ਤੇ ਸੀਵਰੇਜ ਬੋਰਡ ਸੰਗਰੂਰ ਦੇ ਦਫਤਰ ਅੱਗੇ ਵਿਸ਼ਾਲ ਧਰਨਾ ਅਤੇ ਰੈਲੀ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦਿਆਂ ਰਣਜੀਤ ਸਿੰਘ ਰਾਣਵਾਂ ਸਕੱਤਰ ਜਨਰਲ ਪੰਜਾਬ ਨੇ ਕਿਹਾ ਕਿ ਐਕਸੀਅਨ ਵੱਲੋਂ ਕਿਰਤ ਕਾਨੂੰਨਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ। ਆਊਟਸੋਰਸ ਕਰਮਚਾਰੀਆਂ ਦੀਆਂ ਤਨਖਾਹਾਂ ਸਮੇਂ ਸਿਰ ਨਾ ਦੇਣ, ਠੇਕੇਦਾਰਾਂ ਵੱਲੋਂ ਕਰਮਚਾਰੀਆਂ ਨੂੰ ਕਿਰਤ ਕਾਨੂੰਨਾਂ ਅਨੁਸਾਰ ਬਣਦੀਆਂ ਸਹੂਲਤਾਂ ਨਾ ਦੇਣ, ਸੀਵਰਮੈਨ, ਪੰਪ ਓਪਰੇਟਰ ਦੀ ਰੂਲਾਂ ਅਨੁਸਾਰ ਭਰਤੀ ਕਰਕੇ ਕਰਮਚਾਰੀਆਂ ਤੇ ਕੰਮ ਬੋਝ ਘੱਟ ਕਰਨ ਆਦਿ ਮੰਗਾਂ ਬਾਰੇ ਕਾਰਜਕਾਰੀ ਇੰਜੀਨੀਅਰ ਵੱਲੋਂ ਹੈਂਕੜਬਾਜ਼ ਰਵੱਈਆ ਅਖਤਿਆਰ ਕੀਤਾ ਜਾ ਰਿਹਾ ਹੈ। ਕਰਮਚਾਰੀਆਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ,ਜਿਸ ਕਰਕੇ ਕਰਮਚਾਰੀਆਂ ਵਿੱਚ ਸਖਤ ਰੋਸ ਪਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਕਿਰਤ ਕਾਨੂੰਨ ਸਖਤੀ ਨਾਲ ਲਾਗੂ ਸੰਬੰਧੀ ਹਦਾਇਤਾਂ ਨੂੰ ਅਣਗੌਲਿਆਂ ਕਰਕੇ ਪ੍ਰਿੰਸੀਪਲ ਇੰਪਲਾਇਰ ਦੀ ਜੁੰਮੇਵਾਰੀ ਨਿਭਾਉਣ ਤੋਂ ਪਾਸਾ ਵੱਟ ਕੇ ਠੇਕੇਦਾਰਾਂ ਦੀ ਪਿੱਠ ਪੂਰੀ ਜਾ ਰਹੀ ਹੈ, ਜਿਸ ਕਾਰਨ ਕਰਮਚਾਰੀਆਂ ਵਿੱਚ ਸਖਤ ਰੋਸ ਪਾਇਆ ਜਾ ਰਿਹਾ ਹੈ। ਰੈਲੀ ਨੂੰ ਹੋਰਨਾਂ ਤੋਂ ਇਲਾਵਾ ਜਗਦੀਸ਼ ਸ਼ਰਮਾ (ਸੂਬਾਈ ਪੈਨਸ਼ਨਰ ਆਗੂ), ਸੁਰਿੰਦਰ ਸਿੰਘ ਵਾਲੀਆ, ਬਿੱਕਰ ਸਿੰਘ ਸਿਬੀਆ, ਹੰਸ ਰਾਜ ਦੀਦਾਰਗੜ੍ਹ,



ਰਾਮੇਸ਼ ਕੁਮਾਰ, ਅਮਰਜੀਤ ਸਿੰਘ, ਗੁਰਮੀਤ ਸਿੰਘ ਮਿੱਡਾ, ਇੰਦਰ ਸਿੰਘ ਧੂਰੀ, ਨਾਜਰ ਸਿੰਘ ਈਸੜਾ, ਕੇਵਲ ਸਿੰਘ ਗੁੱਜਰਾਂ, ਸ਼ਰੀਫ ਮੁਹੰਮਦ, ਗੁਰਜੰਟ ਸਿੰਘ ਬੁੱਗਰਾ, ਕਸ਼ਮੀਰ ਸਿੰਘ, ਗੁਰਤੇਜ ਸ਼ਰਮਾ, ਵਿਜੈ ਕੁਮਾਰ, ਅਮਰੀਕ ਸਿੰਘ, ਬਲਦੇਵ ਸਿੰਘ ਹਥਨ, ਸੰਜੀਵ ਕੁਮਾਰ ਸੰਜੂ, ਰਾਮ ਆਸਰਾ, ਨਰਾਇਣ ਦੱਤ, ਜਗਸੀਰ ਸਿੰਘ ਮੰਡੀ ਬੋਰਡ, ਟੋਨੀ, ਚਮਕੌਰ ਸਿੰਘ ਮਹਿਲਾ ਪੰਜਾਬ ਅਤੇ ਫੀਲਡ ਵਰਕਰ ਯੂਨੀਅਨ ਆਦਿ ਨੇ ਸੰਬੋਧਨ ਕੀਤਾ।

CMYK

# ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੰਤਰੀ ਪੰਜਾਬ, ਪਾਵਰ ਮੈਨੇਜਮੈਂਟ ਤੇ ਜੁਆਇੰਟ ਫੋਰਮ ਦੇ ਨੁਮਾਇੰਦਿਆਂ ਦਰਮਿਆਨ ਮੁਲਾਜ਼ਮ ਮੰਗਾਂ 'ਤੇ ਮੀਟਿੰਗ

**ਸਮਰਾਲਾ, (ਸੁਰਜੀਤ ਸਿੰਘ)**- ਹਰਭਜਨ ਸਿੰਘ ਈ.ਟੀ.ਓ. ਬਿਜਲੀ ਮੰਤਰੀ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਬਿਜਲੀ ਕਾਮਿਆਂ ਦੀਆਂ ਮੰਗਾਂ 'ਤੇ ਵਿਸਥਾਰਤ ਵਿਚਾਰ ਚਰਚਾ ਹੋਈ। ਬਿਜਲੀ ਕਰਮਚਾਰੀਆਂ ਦੀਆਂ ਮੰਨੀਆਂ ਮੰਗਾਂ / ਮਸਲਿਆਂ ਦਾ ਪਾਵਰ ਮੈਨੇਜਮੈਂਟ ਵੱਲੋਂ ਜਲਦੀ ਹੋਰ ਮੀਟਿੰਗ ਦੇ ਕੇ ਨਿਪਟਾਰਾ ਕਰਨ ਦਾ ਵਿਸ਼ਵਾਸ ਦਿੱਤਾ ਗਿਆ। ਜਿਸ ਨੂੰ ਧਿਆਨ ਵਿੱਚ ਰੱਖਦਿਆਂ ਜੁਆਇੰਟ ਫੋਰਮ ਨੇ ਅਗਲੇ ਫੈਸਲੇ ਤੱਕ ਸੰਘਰਸ਼ ਪ੍ਰੋਗਰਾਮ ਸਮੇਤ ਬਿਜਲੀ ਮੰਤਰੀ ਦੀ ਰਿਹਾਇਸ਼ ਵਿਖੇ 27 ਜੁਲਾਈ ਦਾ ਧਰਨਾ ਮੁਲਤਵੀ ਕਰ ਦਿੱਤਾ। ਬਿਜਲੀ ਮੰਤਰੀ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਪਾਵਰ ਮੈਨੇਜਮੈਂਟ ਵਲੋਂ ਇੰਜ: ਬਲਦੇਵ ਸਿੰਘ ਸਰਾਂ ਸੀ.ਐਮ.ਡੀ., ਜਸਵੀਰ ਸਿੰਘ ਸੁਰਸਿੰਘ ਵਾਲਾ ਡਾਇਰੈਕਟਰ ਪ੍ਰਬੰਧਕੀ, ਇੰਜ: ਰਾਵਿੰਦਰ ਸਿੰਘ ਸੈਣੀ ਡਾਇਰੈਕਟਰ ਕਮਰਸ਼ੀਅਲ, ਐਸ.ਕੇ. ਬੇਰੀ ਡਾਇਰੈਕਟਰ ਵਿੱਤ, ਡਿਪਟੀ ਸਕੱਤਰ ਵੈਲਫੇਅਰ ਰਣਬੀਰ ਸਿੰਘ ਸਮੇਤ ਹੋਰ ਅਧਿਕਾਰੀ ਅਤੇ ਜੁਆਇੰਟ ਫੋਰਮ ਵੱਲੋਂ ਸਰਵ ਸਾਥੀ ਰਤਨ ਸਿੰਘ ਮਜਾਰੀ, ਸਿਕੰਦਰ ਨਾਥ, ਬਲਦੇਵ ਸਿੰਘ ਮੰਢਾਲੀ, ਰਵੇਲ ਸਿੰਘ ਸਹਾਏਪੁਰ, ਜਗਜੀਤ ਸਿੰਘ ਕੋਟਲੀ, ਅਵਤਾਰ ਸਿੰਘ ਕੈਂਥ, ਗੁਰਚਰਨ ਸਿੰਘ, ਜਗਜੀਤ ਸਿੰਘ ਕੰਡਾ, ਸੁਖਵਿੰਦਰ ਸਿੰਘ ਚਾਹਲ ਜਗਦੀਪ ਸਿੰਘ ਸਹਿਗਲ, ਸੁਖਵਿੰਦਰ ਸਿੰਘ ਦੁੰਮਣਾ, ਸਰਬਜੀਤ ਸਿੰਘ ਭਾਣਾ ਆਦਿ ਨੁਮਾਇੰਦੇ ਸ਼ਾਮਲ ਹੋਏ। ਮੀਟਿੰਗ ਵਿੱਚ ਜੁਆਇੰਟ ਫੋਰਮ ਵੱਲੋਂ ਮੈਨੇਜਮੈਂਟ ਨੂੰ ਦਿੱਤੇ ਮੰਗ ਪੱਤਰ ਅਤੇ 25-05-2023 ਨੂੰ ਬਿਜਲੀ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਫੈਸਲੇ ਲਾਗੂ ਕਰਨ ਤੇ ਵਿਸਥਾਰਤ ਵਿਚਾਰ ਚਰਚਾ ਹੋਈ। ਮੀਟਿੰਗ ਵਿੱਚ ਸੀ.ਆਰ.ਏ. 295/19 ਵਾਲੇ ਸਾਥੀਆਂ ਨਾਲ ਹੋ ਰਹੀ ਵਧੀਕੀ ਸੰਬੰਧੀ ਬਿਜਲੀ ਮੰਤਰੀ ਅਤੇ ਮੈਨੇਜਮੈਂਟ ਨੇ ਵਿਸ਼ਵਾਸ ਦਿਵਾਇਆ ਕਿ ਇਸ ਸੰਬੰਧੀ ਹਮਦਰਦੀ ਪੂਰਬਕ ਵਿਚਾਰਦਿਆਂ ਇਨਸਾਫ ਦਿਵਾਇਆ ਜਾਵੇਗਾ। ਜੁਆਇੰਟ ਫੋਰਮ ਦੇ ਨੁਮਾਇੰਦਿਆ ਨੇ ਜ਼ੋਰ ਦਿੰਦਿਆਂ ਕਿਹਾ ਕਿ ਪਰਖ ਕਾਲ ਸਮਾਂ ਪੂਰਾ ਕਰ ਚੁੱਕੇ ਮੁਲਾਜ਼ਮਾਂ ਨੂੰ ਪੂਰੀ ਤਨਖਾਹ ਦਿੱਤੀ ਜਾਵੇ। ਮੈਨੇਜਮੈਂਟ ਨੇ ਕਿਹਾ ਜਲਦੀ ਹੀ ਹੋਰ ਮੁਲਾਜ਼ਮਾਂ ਦੀ ਭਰਤੀ ਕੀਤੀ ਜਾਵੇਗੀ। ਮੁਲਾਜ਼ਮਾਂ ਦੀਆਂ ਬਣਦੀਆਂ ਤਰੱਕੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਜਲਦੀ ਹੀ ਹੋਰ ਮੁਲਾਜ਼ਮਾਂ ਦੀਆਂ ਤਰੱਕੀਆਂ ਕੀਤੀਆਂ ਜਾਣਗੀਆਂ। ਰਹਿੰਦੇ ਭੱਤਿਆ ਵਿੱਚ ਯੋਗ ਵਾਧਾ, ਪੇ ਸਕੇਲਾਂ ਦੀਆਂ ਰਹਿੰਦੀਆਂ ਤਰੁੱਟੀਆਂ ਦੂਰ ਕਰਨ ਲਈ ਜੁਆਇੰਟ ਫੋਰਮ ਦੇ ਨੁਮਾਇੰਦਿਆਂ ਨਾਲ ਡਾਇਰੈਕਟਰ ਵਿੱਤ ਦੀ ਮੀਟਿੰਗ ਜਲਦੀ ਕਰਵਾ ਕੇ ਮਾਮਲਿਆਂ ਦਾ ਨਿਪਟਾਰਾ ਕੀਤਾ ਜਾਵੇਗਾ। ਪੇ ਸਕੇਲਾਂ ਦੇ ਵਿੱਤੀ ਖਰਚੇ ਸੰਬੰਧੀ ਪੰਜਾਬ ਸਰਕਾਰ ਨੂੰ ਪੱਤਰ ਲਿਖ ਦਿੱਤਾ ਹੈ। ਪਾਵਰਕਾਮ ਮੈਨੇਜਮੈਂਟ ਨੇ ਬਿਜਲੀ ਮੰਤਰੀ ਨੂੰ ਜ਼ੋਰ ਦੇ ਕੇ ਕੇਸ ਕਲੀਅਰ ਕਰਵਾਉਣ ਦੀ ਬੇਨਤੀ ਕੀਤੀ। ਵੇਜ ਫਾਰਮੂਲੇਸ਼ਨ ਕਮੇਟੀ ਵਿੱਚ ਦੋ ਮੈਂਬਰ ਜੁਆਇੰਟ ਫੋਰਮ ਦੇ ਲਏ ਗਏ। ਜੁਆਇੰਟ ਫੋਰਮ ਨੇ ਵੇਜ ਫਾਰਮੂਲੇਸ਼ਨ ਕਮੇਟੀ ਵਿੱਚ ਹੋਰ ਨੁਮਾਇੰਦੇ ਲੈਣ ਦੀ ਮੰਗ ਕੀਤੀ। ਰੈਗੂਲਰ ਅਤੇ ਕੱਚੇ ਕਾਮਿਆਂ ਨਾਲ ਘਾਤਕ ਹਾਦਸਿਆਂ ਸਮੇਂ ਪੀੜਤ ਪਰਵਾਰ ਨੂੰ ਵਿੱਤੀ ਸਹਾਇਤਾ ਲਈ ਸੁਰੱਖਿਆ ਮੁਲਾਜ਼ਮਾਂ ਵਾਂਗ ਇੱਕ ਕਰੋੜ ਰੁਪਏ ਦੀ ਮੰਗ 'ਤੇ ਮੈਨੇਜਮੈਂਟ ਨੇ ਕਿਹਾ ਕਿ ਇਹ ਮੁੱਦਾ ਵੀ ਬੈਂਕਾਂ ਨਾਲ ਵੀ ਵਿਚਾਰਿਆ ਜਾਵੇਗਾ। ਓ.ਸੀ. (ਹੁਣ ਏ.ਐਸ.ਐਸ.ਏ.) ਸਮੇਤ ਬਰਾਬਰ ਦੀਆਂ ਕੈਟੇਗਰੀਆਂ ਨੂੰ ਵੱਖਰੇ ਤੌਰ ਤੇ ਮੀਟਿੰਗ ਕਰਕੇ ਵਿਚਾਰਨ ਦਾ ਭਰੋਸਾ ਦਿੱਤਾ। ਜੁਆਇੰਟ ਫੋਰਮ ਦੇ ਨੁਮਾਇੰਦਿਆਂ ਨੇ ਮੈਨੇਜਮੈਂਟ ਨਾਲ ਹੋਏ ਫੈਸਲੇ ਅਨੁਸਾਰ 23 ਸਾਲਾਂ ਦੀ ਸੇਵਾ ਉਪਰੰਤ ਲਾਭ ਨੂੰ ਤੀਸਰੀ ਤਰੱਕੀ ਸਮੇਂ ਮਿਲਾਨ ਕਰਨ ਲਈ ਫੈਸਲਾ ਲਾਗੂ ਕਰਨ ਦਾ ਭਰੋਸਾ ਦਿੱਤਾ। ਯੋਗ ਕਰਮਚਾਰੀਆਂ ਨੂੰ 91623 ਸਾਲਾਂ ਸਮਾਂਬੱਧ ਸਕੇਲ ਦੀ ਅਦਾਇਗੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਮੁੱਚੇ ਕੱਚੇ ਕਾਮੇ ਪੰਜਾਬ ਸਰਕਾਰ ਵਾਂਗ ਪੱਕੇ ਕਰਨ, ਗਰਿਡ ਸਬ ਸਟੇਸ਼ਨਾਂ ਦੀ ਸੁਰੱਖਿਆ ਅਤੇ ਹਾਈਡਲਾਂ ਥਰਮਲਾਂ ਸਮੇਤ ਸਮੁੱਚੇ ਮੁਲਾਜ਼ਮਾਂ ਦੀ ਬਣਦੀਆਂ ਤਰੱਕੀਆਂ ਜਲਦੀ ਕਰਨ ਦਾ ਭਰੋਸਾ ਦਿੱਤਾ। ਪਾਵਰ ਮੈਨੇਜਮੈਂਟ ਨੇ ਕਿਹਾ ਕਿ ਜਲਦੀ ਹੀ ਮੰਗ ਪੱਤਰ ਤੇ ਵੱਖ ਵੱਖ ਮੁੱਦਿਆਂ ਤੇ ਮੀਟਿੰਗ ਦੇ ਕੇ ਮੁਲਾਜ਼ਮ ਮੰਗਾਂ ਤੇ ਮਸਲਿਆਂ ਦਾ ਨਿਪਟਾਰਾ ਕਰ ਦਿੱਤਾ ਜਾਵੇਗਾ। ਜੁਆਇੰਟ ਫੋਰਮ ਦੇ ਨਮਾਇੰਦਿਆਂ ਨੇ ਕਿਹਾ ਕਿ ਜੇਕਰ ਮੈਨੇਜਮੈਂਟ ਨੇ ਪਹਿਲਾਂ ਵਾਂਗ ਟਾਲਮਟੋਲ ਦੀ ਨੀਤੀ ਅਖਤਿਆਰ ਕੀਤੀ ਤਾਂ ਬਿਜਲੀ ਕਾਮਿਆਂ ਨੂੰ ਮਜਬੂਰਨ ਮੁਅੱਤਲ ਕੀਤਾ ਸੰਘਰਸ਼ ਪ੍ਰੋਗਰਾਮ ਸ਼ੁਰੂ ਕਰਨਾ ਪਵੇਗਾ।

## ਆਜ਼ਾਦੀ ਘੁਲਾਟੀਆਂ ਦੀ ਪੈਨਸ਼ਨ 'ਚ ਵਾਧਾ ਕਰਨ ਦਾ ਫੈਸਲਾ ਸ਼ਲਾਘਾਯੋਗ : ਪਾਰਸ ਸ਼ਰਮਾ

**ਸਮਾਣਾ, (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)** : ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਸੂਚਨਾ ਤੇ ਲੋਕ ਸੰਪਰਕ, ਬਾਗਬਾਨੀ, ਸੁਤੰਤਰਤਾ ਸੰਗਰਾਮੀ ਤੇ ਰੱਖਿਆ ਸੇਵਾਵਾਂ ਭਲਾਈ ਵਿਭਾਗਾਂ ਦੇ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਆਜ਼ਾਦੀ ਘੁਲਾਟੀਆਂ ਦੀ ਪੈਨਸ਼ਨ 9400 ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 11000 ਹਜ਼ਾਰ ਰੁਪਏ ਪ੍ਰਤੀ ਮਹੀਨਾ ਕਰਨ ਦਾ ਫੈਸਲਾ ਕੀਤਾ ਹੈ। ਜੋ ਕਿ ਫੈਸਲਾ 1 ਅਗਸਤ 2023 ਤੋਂ ਲਾਗੂ ਹੋਵੇਗਾ। ਇਸ ਸੰਬੰਧੀ ਮੀਡੀਆ ਨਾਲ ਗੱਲਬਾਤ ਕਰਦਿਆਂ ਸਮਾਣਾ ਤੋਂ ਆਪ ਪਾਰਟੀ ਦੇ ਯੂਥ ਵਿੰਗ ਦੇ ਪ੍ਰਧਾਨ ਪਾਰਸ ਸ਼ਰਮਾ ਨੇ ਦੱਸਿਆ ਕਿ ਆਜ਼ਾਦੀ ਘੁਲਾਟੀਆਂ ਦੀ ਪੈਨਸ਼ਨ ਵਿੱਚ ਵਾਧਾ ਕਰਨ ਸਬੰਧੀ ਸੁਤੰਤਰਤਾ ਸੰਗਰਾਮੀ ਭਲਾਈ ਵਿਭਾਗ ਤੋਂ ਪ੍ਰਾਪਤ ਤਜ਼ਵੀਜ ਤੇ ਵਿਚਾਰ ਕਰਦਿਆਂ ਵਿੱਤ ਵਿਭਾਗ ਵੱਲੋਂ ਇਸ ਕਾਰਜ ਲਈ ਲੋੜੀਂਦੇ ਸਾਲਾਨਾ ਦੇ ਬਜ਼ਟ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ 545 ਲਾਭਪਾਤਰੀਆਂ, ਜਿੰਨ੍ਹਾਂ ਵਿੱਚ ਖੁਦ ਆਜ਼ਾਦੀ ਘੁਲਾਟੀਏ, ਮ੍ਰਿਤਕ ਆਜ਼ਾਦੀ ਘੁਲਾਟੀਆਂ ਦੀਆਂ ਵਿਧਵਾਵਾਂ ਜਾਂ ਅਣਵਿਆਹੇ ਤੇ ਬੇਰੁਜ਼ਗਾਰ ਲੜਕੀਆਂ ਤੇ ਲੜਕੇ ਸ਼ਾਮਿਲ ਹਨ, ਨੂੰ ਸਿੱਧੇ ਤੌਰ 'ਤੇ ਫਾਇਦਾ ਹੋਵੇਗਾ ਉਨ੍ਹਾਂ ਅੱਗੇ ਕਿਹਾ ਕਿ ਸਾਨੂੰ ਆਪਣੇ ਉਨ੍ਹਾਂ ਯੋਧਿਆਂ 'ਤੇ ਮਾਣ ਹੈ ਜਿੰਨ੍ਹਾਂ ਸਦਕਾ ਦੇਸ਼ ਦੀ ਆਜਾਦੀ ਦੇ ਸੰਘਰਸ਼ ਵਿੱਚ ਯੋਗਦਾਨ ਪਾਉਣ ਵਾਲਿਆਂ ਵਿੱਚ ਪੰਜਾਬੀਆਂ ਦਾ ਨਾਮ ਪ੍ਰਮੁੱਖਤਾ ਨਾਲ ਲਿਆ ਜਾਂਦਾ ਹੈ।

# ਬੱਚਿਆਂ ਦੀ ਸੁਰੱਖਿਆ ਸਕੂਲ ਪ੍ਰਬੰਧਕਾਂ ਦੀ ਮੁੱਢਲੀ ਜ਼ਿੰਮੇਵਾਰੀ : ਐੱਸ ਡੀ ਐੱਮ



**ਜਗਰਾਉਂ (ਅਮਿਤ ਖੰਨਾ)** ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਕੂਲੀ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਕੂਲਾਂ ਵਲੋਂ ਵਰਤੀਆਂ ਜਾਣ ਵਾਲੀਆਂ ਬੱਸਾਂ ਅਤੇ ਹੋਰ ਸਾਧਨਾਂ ਵਿੱਚ 'ਸੇਫ ਸਕੂਲ ਵਾਹਨ' ਪਾਲਿਸੀ ਪੂਰਨ ਤੌਰ 'ਤੇ ਲਾਗੂ ਕਰਨ ਲਈ ਮਨਜੀਤ ਕੌਰ ਐਸ.ਡੀ.ਐਮ. ਜਗਰਾਉਂ ਵਲੋਂ ਪ੍ਰਾਈਵੇਟ ਸਕੂਲ ਪ੍ਰਬੰਧਕਾਂ ਨਾਲ ਮੀਟਿੰਗ ਦੌਰਾਨ ਹਦਾਇਤਾਂ ਜਾਰੀ ਕੀਤੀਆਂ ਗਈਆਂ। ਇਸ ਮੀਟਿੰਗ ਵਿੱਚ ਜਗਰਾਉਂ ਤਹਿਸੀਲ ਦੇ ਪ੍ਰਾਈਵੇਟ ਸਕੂਲ ਪ੍ਰਬੰਧਕਾਂ ਤੋਂ ਇਲਾਵਾ ਗੁਰਿੰਦਰ ਸਿੰਘ ਡੀ.ਐਸ.ਪੀ. ਟਰੈਫਿਕ ਜਗਰਾਉਂ ਅਤੇ ਸਬ ਇੰਸਪੈਕਟਰ ਕੁਲਵਿੰਦਰ ਸਿੰਘ ਟਰੈਫਿਕ ਇੰਚਾਰਜ ਜਗਰਾਉਂ ਨੇ ਵੀ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਐਸ.ਡੀ.ਐਮ. ਜਗਰਾਉਂ ਨੇ ਸਕੂਲ ਪ੍ਰਬੰਧਕਾਂ ਨੂੰ 'ਸੇਫ ਸਕੂਲ ਵਾਹਨ' ਪਾਲਿਸੀ ਤੋਂ ਜਾਣੂ ਕਰਵਾਉਂਦਿਆਂ ਦੱਸਿਆ ਕਿ ਸਕੂਲੀ ਬੱਚਿਆਂ ਦੀ ਸੁਰੱਖਿਆ ਸਕੂਲ ਪ੍ਰਬੰਧਕਾਂ ਦੀ ਮੁੱਢਲੀ ਜਿੰਮੇਵਾਰੀ ਹੈ, ਇਸ ਲਈ ਜਿਹੜੇ ਸਕੂਲ, ਬੱਚਿਆਂ ਦੀ ਟਰਾਂਸਪੋਰਟ ਲਈ ਗੈਰਕਾਨੂੰਨੀ ਵਹੀਕਲਾਂ ਦੀ ਵਰਤੋਂ ਕਰਦੇ ਹਨ, ਉਹ ਸਕੂਲ ਅਜਿਹੇ ਵਹੀਕਲਾਂ ਨੂੰ ਤੁਰੰਤ ਹਟਾ ਦੇਣ। ਜੇਕਰ ਸਕੂਲ ਪ੍ਰਬੰਧਕ ਭਵਿੱਖ 'ਚ ਗੈਰਕਾਨੂੰਨੀ ਵਹੀਕਲਾਂ ਦੀ ਵਰਤੋਂ ਕਰਨਗੇ, ਉਨ੍ਹਾਂ ਸਕੂਲਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਐਸ ਡੀ ਐਮ ਜਗਰਾਉਂ ਨੇ ਅੱਗੇ ਦੱਸਿਆ ਕਿ ਸਕੂਲ ਦੇ ਹਰ ਵਾਹਨ ਉਪਰ ਸਕੂਲ ਦਾ ਨਾਂਅ ਵੱਡਾ ਕਰਕੇ ਲਿਖਿਆ ਹੋਣਾ ਚਾਹੀਦਾ ਹੈ ਅਤੇ ਹਰ ਵਾਹਨ ਵਿੱਚ ਇੱਕ ਅਟੈਡੈਂਟ ਹੋਣਾ ਚਾਹੀਦਾ ਹੈ ਤੇ ਜੇਕਰ ਵਾਹਨ ਵਿੱਚ ਲੜਕੀਆਂ ਹੋਣ ਤਾਂ ਲੇਡੀ ਅਟੈਡੈਂਟ ਹੋਣਾ ਜ਼ਰੂਰੀ ਹੈ। ਇਸ ਤੋਂ ਇਲਾਵਾ ਸਕੂਲੀ ਵਾਹਨਾਂ ਵਿੱਚ ਅੱਗ ਬੁਝਾਊ ਸਲੰਡਰ, ਸਪੀਡ ਗਵਰਨਰ, ਸਟਾਪ ਸਿਗਨਲ ਆਰਮ ਆਦਿ ਯਕੀਨੀ ਬਣਾਏ ਜਾਣ। ਐਸ.ਡੀ.ਐਮ. ਜਗਰਾਉਂ ਨੇ ਟਰੈਫਿਕ ਪੁਲਸ ਨੂੰ ਵੀ ਸਕੂਲੀ ਵਾਹਨਾਂ ਦੀ ਚੈਕਿੰਗ ਦੀਆਂ ਹਦਾਇਤਾਂ ਜਾਰੀ ਕੀਤੀਆਂ ਤਾਂ ਜੋ ਸਕੂਲੀ ਬੱਚਿਆਂ ਨਾਲ ਕਿਸੇ ਕਿਸਮ ਦੀ ਕੋਈ ਅਣਹੋਣੀ ਨਾ ਵਾਪਰੇ। ਐਸ ਡੀ ਐਮ ਜਗਰਾਉਂ ਨੇ ਸਕੂਲ ਪ੍ਰਬੰਧਕਾਂ ਨੂੰ ਹਦਾਇਤ ਦਿੰਦਿਆਂ ਕਿਹਾ ਕਿ ਜਿਹੜੇ ਸਕੂਲਾਂ ਦੀ ਟਰਾਂਸਪੋਰਟ 'ਸੇਫ ਸਕੂਲ ਵਾਹਨ' ਪਾਲਿਸੀ ਤਹਿਤ ਨਹੀਂ ਹੋਵੇਗੀ, ਉਨ੍ਹਾਂ ਸਕੂਲਾਂ ਤੇ ਐਸ ਡੀ ਐਮ ਜਗਰਾਉਂ ਅਤੇ ਡੀ ਐਸ ਪੀ ਟਰੈਫਿਕ ਜਗਰਾਉਂ ਵਲੋਂ ਸਾਂਝੇ ਤੌਰ 'ਤੇ ਕਾਰਵਾਈ ਕੀਤੀ ਜਾਵੇਗੀ।

## ਬੀ ਸੀ ਏ ਭਾਗ ਦੂਜਾ (ਸਮੈਸਟਰ ਤੀਜਾ) ਦਾ ਨਤੀਜਾ ਸੌ ਫੀਸਦੀ

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)** ਪੰਜਾਬੀ ਯੂਨੀਵਰਸਟੀ ਪਟਿਆਲਾ ਵੱਲੋਂ ਐਲਾਨੇ ਗਏ ਬੀ. ਸੀ. ਏ. ਭਾਗ ਦੂਜਾ (ਸਮੈਸਟਰ ਤੀਜਾ) ਦੇ ਨਤੀਜੇ ਵਿੱਚ ਬਾਬਾ ਮੋਨੀ ਜੀ ਡਿਗਰੀ ਕਾਲਜ ਦਾ ਨਤੀਜਾ ਸੌ ਫੀਸਦੀ ਰਿਹਾ। ਕਾਲਜ 'ਚੋਂ ਰਮਨਦੀਪ ਕੌਰ ਪੁੱਤਰੀ ਜਗਸੀਰ ਸਿੰਘ 'ਢਿਪਾਲੀ' ਨੇ ਪਹਿਲਾ, ਕੋਮਲਪ੍ਰੀਤ ਕੌਰ ਪੁੱਤਰੀ ਕੇਵਲ ਸਿੰਘ 'ਕਲਿਆਣ ਮੱਲ ਕਾ' ਨੇ ਦੂਜਾ ਅਤੇ ਹਰਮਨਪ੍ਰੀਤ ਕੌਰ ਪੁੱਤਰੀ ਮੱਖਣ ਸਿੰਘ 'ਲਹਿਰਾ ਖਾਨਾ' ਨੇ ਤੀਜਾ ਸਥਾਨ ਹਾਸਲ ਕਰਕੇ ਕਾਲਜ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਬਾਕੀ ਸਾਰੀਆਂ ਵਿਦਿਆਰਥਣਾਂ ਨੇ ਪਹਿਲੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ। ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾਂ ਅਤੇ ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ ਨੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ। ਕਾਲਜ ਪ੍ਰਿੰਸੀਪਲ ਪ੍ਰੋ. ਅਮਨਿੰਦਰ ਕੌਰ ਅਤੇ ਐਜੂਕੇਸ਼ਨ ਵਿਭਾਗ ਦੇ ਵਾਈਸ ਪ੍ਰਿੰਸੀਪਲ ਦਿਨੇਸ਼ ਕੁਮਾਰ ਨੇ ਵਧਾਈ ਦਿੰਦਿਆਂ ਵਿਦਿਆਰਥਣਾਂ ਨੂੰ ਹੋਰ ਵੱਧ ਤੋਂ ਵੱਧ ਮਿਹਨਤ ਕਰਕੇ ਤਰੱਕੀਆਂ ਹਾਸਲ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸਟਾਫ ਮੈਂਬਰਜ਼ ਪ੍ਰੋ. ਬਲਜੀਤ ਸਿੰਘ, ਪ੍ਰੋ. ਵਰਦੀਪ ਕੌਰ, ਪ੍ਰੋ. ਰਮਨਦੀਪ ਕੌਰ, ਪ੍ਰੋ. ਵਰਿੰਦਰ ਸਿੰਘ, ਪ੍ਰੋ. ਮੋਨਿਕਾ ਗਰਗ, ਪ੍ਰੋ. ਦਲਜੀਤ ਕੌਰ ਅਤੇ ਪ੍ਰੋ. ਰੁਪਿੰਦਰ ਸਿੰਘ ਆਦਿ ਸ਼ਾਮਲ ਸਨ।

# ਐੱਸ ਡੀ ਐੱਮ ਦਿੜ੍ਹਬਾ ਤੇ ਸ਼ੀਤਲ ਨੇ ਸਹਾਇਤਾ ਸੰਸਥਾ ਦੁਆਰਾ ਅਡਾਪਟ ਬੱਚੀ ਦੀ ਫੀਸ ਦਾ ਚੈੱਕ ਦਿੱਤਾ



**ਦਿੜ੍ਹਬਾ (ਜਸਵੀਰ ਲਾਡੀ)** ਸਮਾਜ ਸੇਵਾ ਅਤੇ ਖਾਸ ਕਰਕੇ ਸਿੱਖਿਆ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾ ਰਹੀ ਸਹਾਇਤਾ ਸੰਸਥਾ ਦੁਆਰਾ ਪੜ੍ਹਾਈ ਪੱਖੋਂ ਅਡਾਪਟ ਕੀਤੀ ਪਿੰਡ ਜਖੇਪਲ ਦੀ ਲੋੜਵੰਦ ਬੱਚੀ ਦੀ ਫੀਸ ਦਾ ਦਸ ਹਜ਼ਾਰ ਰੁਪਏ ਦਾ ਚੈੱਕ ਅੱਜ ਦਿੜ੍ਹਬਾ ਵਿਖੇ ਦਿੜ੍ਹਬਾ ਦੇ ਐਸ.ਡੀ.ਐਮ ਰਜੇਸ਼ ਕੁਮਾਰ ਸ਼ਰਮਾਂ ਅਤੇ ਸਹਾਇਤਾ ਸੰਸਥਾ ਦੇ ਜ਼ਿਲ੍ਹਾ ਕੁਆਰਡੀਨੇਟਰ ਰਣਜੀਤ ਸਿੰਘ ਸ਼ੀਤਲ ਵੱਲੋਂ ਬੱਚੀ ਦੇ ਰਿਸ਼ਤੇਦਾਰਾਂ ਨੂੰ ਦਿੱਤਾ ਗਿਆ। ਇਸ ਮੌਕੇ ਡੀਨਪਾਲ ਸਿੰਘ ਸੈਕਟਰੀ ਮਾਰਕੀਟ ਕਮੇਟੀ ਦਿੜ੍ਹਬਾ, ਰਣਜੀਤ ਸਿੰਘ ਕੈਂਪਰ ਅਤੇ ਹੋਰ ਪ੍ਰਮੁੱਖ ਵਿਅਕਤੀ ਹਾਜ਼ਰ ਸਨ। ਐਸ ਡੀ ਐਮ ਰਜੇਸ ਸ਼ਰਮਾ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਕਰਨ ਦਾ ਮੌਕਾ ਕਿਸੇ ਵਿਰਲੇ ਨੂੰ ਹੀ ਮਿਲਦਾ ਹੈ ਅਤੇ ਇਹ ਸੇਵਾ ਇਲਾਕੇ ਦੇ ਉੱਘੇ ਅਤੇ ਈਮਾਨਦਾਰ ਪੱਤਰਕਾਰ ਰਣਜੀਤ ਸਿੰਘ ਸ਼ੀਤਲ ਦੇ ਹਿੱਸੇ ਆਇਆ ਹੈ ਜੋ ਨਿੱਜ ਤੋਂ ਉੱਪਰ ਉੱਠ ਕੇ ਲੰਮੇ ਸਮੇਂ ਤੋਂ ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਸਮਾਜ ਸੇਵੀ ਸੰਸਥਾਵਾਂ ਰਾਹੀਂ ਮਨੁੱਖਤਾ ਦੀ ਸੇਵਾ ਕਰਦਾ ਆ ਰਿਹਾ ਹੈ, ਜਿਸ ਵਿੱਚੋਂ ਸਹਾਇਤਾ ਸੰਸਥਾ ਅਤੇ ਐਨ ਐਸ ਐਸ ਵਿੱਦਿਅਕ ਟਰੱਸਟ ਦਿੜ੍ਹਬਾ ਪ੍ਰਮੁੱਖ ਹਨ। ਉਹਨਾਂ ਦੱਸਿਆ ਕਿ ਲੋੜਵੰਦ ਪਰਵਾਰਾਂ ਦੇ ਬੱਚਿਆਂ ਦੀ ਫੀਸ ਭਰਨਾ ਸਹਾਇਤਾ ਸੰਸਥਾ ਦਾ ਇੱਕ ਵੱਡਾ ਉਪਰਾਲਾ ਹੈ ਕਿਉਂਕਿ ਪੜ੍ਹਾਈ ਅਜਿਹਾ ਕੀਮਤੀ ਗਹਿਣਾ ਹੈ, ਜਿਸ ਤੋਂ ਬਿਨਾ ਮਨੁੱਖ ਦੀ ਜ਼ਿੰਦਗੀ ਅਧੂਰੀ ਹੈ ਪਰੰਤੂ ਘਰ ਗਰੀਬੀ ਹੋਣ ਕਾਰਨ ਬਹੁਤੇ ਪਰਿਵਾਰਾਂ ਦੇ ਬੱਚੇ ਅਗਲੇਰੀ ਪੜ੍ਹਾਈ ਤੋਂ ਵਾਂਝੇ ਰਹਿ ਜਾਂਦੇ ਹਨ। ਉਹਨਾਂ ਇਸ ਉਪਰਾਲੇ ਲਈ ਸਹਾਇਤਾ ਸੰਸਥਾ ਦੀ ਪੂਰੀ ਟੀਮ ਅਤੇ ਰਣਜੀਤ ਸਿੰਘ ਸ਼ੀਤਲ ਦੀ ਜ਼ੋਰਦਾਰ ਸ਼ਲਾਘਾ ਕੀਤੀ। ਮਾਰਕੀਟ ਕਮੇਟੀ ਦੇ ਸੈਕਟਰੀ ਡੀਨਪਾਲ ਸਿੰਘ ਨੇ ਕਿਹਾ ਕਿ ਰਣਜੀਤ ਸਿੰਘ ਸ਼ੀਤਲ ਨੇ ਜਿੱਥੇ ਪੱਤਰਕਾਰੀ ਦੇ ਖੇਤਰ ਵਿੱਚ ਆਪਣਾ ਚੰਗਾ ਨਾ ਕਮਾਇਆ ਹੈ, ਉੱਥੇ ਦੋ ਦਹਾਕਿਆਂ ਤੋਂ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਰਾਹੀ ਮਨੁੱਖਤਾ ਦੀ ਭਲਾਈ ਦੇ ਕਾਰਜ ਕਰ ਰਿਹਾ ਹੈ। ਇਸ ਤੋਂ ਪਹਿਲਾਂ ਸਹਾਇਤਾ ਸੰਸਥਾ ਦੇ ਜ਼ਿਲ੍ਹਾ ਕੁਆਰਡੀਨੇਟਰ ਰਣਜੀਤ ਸਿੰਘ ਸ਼ੀਤਲ ਨੇ ਦੱਸਿਆ ਕਿ ਸਹਾਇਤਾ ਸੰਸਥਾ ਵੱਲੋਂ ਕਿਸਾਨੀ ਸੰਘਰਸ਼ਾਂ ਵਿੱਚ ਆਪਣੀਆਂ ਜਾਂਨਾ ਗੁਆ ਚੁੱਕੇ, ਆਰਥਿਕ ਤੰਗੀ ਕਾਰਨ ਖੁਦਕੁਸ਼ੀ ਕਰ ਚੁੱਕੇ ਜਾਂ ਬੱਚੇ ਹੁਸ਼ਿਆਰ ਹਨ ਪਰ ਮਾਪਿਆਂ ਕੋਲ ਫੀਸ ਭਰਨ ਲਈ ਪੈਸੇ ਨਹੀਂ, ਉਹਨਾਂ ਦੀ ਫੀਸ ਭਰੀ ਜਾ ਰਹੀ ਹੈ ਅਤੇ ਜ਼ਿਲ੍ਹਾ ਸੰਗਰੂਰ ਦੇ ਦਰਜਨਾਂ ਪਿੰਡਾਂ ਵਿੱਚ 130 ਬੱਚੇ ਸਹਾਇਤਾ ਸੰਸਥਾ ਵੱਲੋਂ ਅਡਾਪਟ ਕੀਤੇ ਗਏ ਹਨ ਜੋ ਵੱਖ ਵੱਖ ਸਰਕਾਰੀ, ਗੈਰ ਸਰਕਾਰੀ ਸੰਸਥਾਵਾਂ ਅਤੇ ਕਾਲਜਾਂ ਵਿੱਚ ਪੜ੍ਹ ਰਹੇ ਹਨ।

# ਚਾਰ ਰੋਜ਼ਾ ਬੈਡਮਿੰਟਨ ਸਟੇਟ ਚੈਂਪੀਅਨਸ਼ਿਪ ਦੇ ਦੂਜੇ ਦਿਨ ਹੋਏ ਜ਼ਬਰਦਸਤ ਮੁਕਾਬਲੇ



**ਸਮਰਾਲਾ, (ਸੁਰਜੀਤ ਸਿੰਘ)** ਸਮਰਾਲਾ ਇਲਾਕੇ 'ਚ ਪਹਿਲੀ ਵਾਰ ਰਿਐਤ ਬੈਡਮਿੰਟਨ ਅਕੈਡਮੀ ਵਿਖੇ ਹੋ ਰਹੀ ਚਾਰ ਰੋਜ਼ਾ ਬੈਡਮਿੰਟਨ ਸਬ ਜੂਨੀਅਰ ਸਟੇਟ ਚੈਂਪੀਅਨਸ਼ਿਪ ਦੇ ਦੂਜੇ ਦਿਨ ਜਬਰਦਸਤ ਮੁਕਾਬਲੇ ਦੇਖਣ ਨੂੰ ਮਿਲੇ, ਇਸ ਸਟੇਟ ਚੈਂਪੀਅਨਸ਼ਿਪ 'ਚ ਸਭਾ ਦੇ ਸੂਬਾ ਪ੍ਰਧਾਨ ਡਾ. ਸੋਹਣ ਲਾਲ ਬਲਗਣ, ਸਾਬਕਾ ਜ਼ਿਲ੍ਹਾ ਸਪੋਰਟਸ ਅਫਸਰ ਗਿਆਨ ਇੰਦਰ ਸਿੰਘ, ਗਿਆਨੀ ਮਹਿੰਦਰ ਸਿੰਘ ਭੰਗਲਾਂ, ਕੌਂਸਲਰ ਸਨੀ ਦੂਆ ਅਤੇ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ। ਅਕੈਡਮੀ ਦੇ ਸੰਸਥਾਪਕ ਅਜੇਪਾਲ ਸਿੰਘ ਰਿਐਤ ਅਤੇ ਕੋਚ ਗੁਰਮੁੱਖ ਸਿੰਘ ਨੇ ਦੱਸਿਆ ਕਿ ਦੂਜੇ ਦਿਨ 25 ਜੁਲਾਈ ਦਿਨ ਮੰਗਲਵਾਰ ਨੂੰ ਸਿੰਗਲ, ਡਬਲ ਤੇ ਮਿਕਸ ਡਬਲ ਦੇ 162 ਮੈਚ ਕਰਵਾਏ। ਉਨ੍ਹਾਂ ਦੱਸਿਆ ਕਿ ਚੈਂਪੀਅਨਸ਼ਿਪ ਦੇ ਤੀਜੇ ਦਿਨ 26 ਜੁਲਾਈ ਨੂੰ ਕੁਲ 10 ਤਰ੍ਹਾਂ ਦੇ 108 ਮੁਕਾਬਲੇ ਕਰਵਾਏ। ਇਸ ਮੌਕੇ ਬਲਜੀਤ ਕੌਰ ਰਿਆਤ, ਰਛਪਾਲ ਸਿੰਘ ਕੰਗ, ਉਪਕਾਰ ਸਿੰਘ ਗਰੇਵਾਲ, ਕਪਿਲ ਖੁੱਲਰ, ਸੰਦੀਪ ਸ਼ਰਮਾ, ਮਦਨ ਗਰਗ, ਪਵਨ ਸ਼ਰਮਾ, ਲੈਕ. ਕੁਲਦੀਪ ਸਿੰਘ, ਲਲਿਤ ਤਿਵਾੜੀ, ਹਰਭਜਨ ਸਿੰਘ, ਹਰਦੀਪ ਸਿੰਘ ਢਿੱਲੋਂ, ਨਰਿੰਦਰ ਸਿੰਘ ਢਿੱਲੋਂ, ਬੌਬੀ ਖੁੱਲਰ, ਇੰਜ. ਜਸਵਿੰਦਰ ਸਿੰਘ, ਡੇਵਿਡ, ਵਿਨੇ ਕੁਮਾਰ, ਰਾਜੀਵ ਵਾਡਲਾ, ਪਿਊਸ ਵਰਮਾ, ਸਤਿੰਦਰ ਸਿੰਘ, ਮੋਹਿਤ ਕਲਿਆਨ, ਗੁਰਮੁੱਖ ਸਿੰਘ, ਅਸ਼ੀਸ਼ ਖਮਾਣੋਂ, ਜਤਿੰਦਰ ਸੱਦੀ ਅਤੇ ਰੁਪਿੰਦਰ ਸਿੰਘ ਗਿੱਲ ਹਾਜ਼ਰ ਸਨ।

## ਫਾਜਿਲਕਾ ਜਿਲ੍ਹੇ ਦੇ 10 ਸਕੂਲ 29 ਤੱਕ ਬੰਦ ਰੱਖਣ ਦੇ ਆਦੇਸ਼

**ਫਾਜਿਲਕਾ, (ਪਰਮਜੀਤ ਢਾਬਾਂ)** ਫਾਜ਼ਿਲਕਾ ਦੇ ਜਿਲ੍ਹਾ ਮੈਜਿਸਟ੍ਰੇਟ ਡਾ: ਸੇਨੂ ਦੁੱਗਲ ਨੇ ਫੌਜਦਾਰੀ ਜਾਬਤਾ ਸੰਘਤਾ ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਫਾਜਿਲਕਾ ਜਿਲ੍ਹੇ ਦੇ ਹੜ੍ਹ ਦੇ ਪਾਣੀ ਤੋਂ ਪ੍ਰਭਾਵਿਤ ਖੇਤਰਾਂ ਦੇ 10 ਸਰਕਾਰੀ ਸਕੂਲਾਂ ਨੂੰ 29 ਜੁਲਾਈ 2023 ਤੱਕ ਬੰਦ ਰੱਖਣ ਦਾ ਹੁਕਮ ਦਿੱਤਾ ਹੈ। ਜਿਲ੍ਹਾ ਮੈਜਿਸਟ੍ਰੇਟ ਡਾ: ਸੇਨੂ ਦੁੱਗਲ ਵੱਲੋਂ ਜਾਰੀ ਹੁਕਮਾਂ ਅਨੁਸਾਰ ਇਹ ਸਕੂਲ ਬਲਾਕ ਫਾਜਿਲਕਾ 2 ਅਤੇ ਗੁਰੂਹਰਸਹਾਏ 3 ਅਧੀਨ ਪੈਂਦੇ ਹਨ। ਜੋ ਸਕੂਲ 29 ਜੁਲਾਈ 2023 ਤੱਕ ਬੰਦ ਰਹਿਣਗੇ ਉਨ੍ਹਾਂ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੰਗੜ ਭੈਣੀ, ਸਰਕਾਰੀ ਪ੍ਰਾਇਮਰੀ ਸਕੂਲ ਗੁਲਾਬਾ ਭੈਣੀ, ਸਰਕਾਰੀ ਪ੍ਰਾਇਮਰੀ ਸਕੂਲ ਢਾਣੀ ਸੱਦਾ ਸਿੰਘ, ਸਰਕਾਰੀ ਪ੍ਰਾਇਮਰੀ ਸਕੂਲ ਦੋਨਾ ਨਾਨਕਾ, ਸਰਕਾਰੀ ਪ੍ਰਾਇਮਰੀ ਸਕੂਲ ਤੇਜਾ ਰੁਹੇਲਾ, ਸਰਕਾਰੀ ਪ੍ਰਾਇਮਰੀ ਸਕੂਲ ਗੱਟੀ ਨੰਬਰ 1, ਸਰਕਾਰੀ ਪ੍ਰਾਇਮਰੀ ਸਕੂਲ ਮੁਹਾਰ ਜਮਸ਼ੇਰ, ਸਰਕਾਰੀ ਪ੍ਰਾਇਮਰੀ ਸਕੂਲ ਮਹਾਤਮ ਨਗਰ, ਸਰਕਾਰੀ ਪ੍ਰਾਇਮਰੀ ਸਕੂਲ ਢਾਣੀ ਨੱਥਾ ਸਿੰਘ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਆਤੂ ਵਾਲਾ ਸ਼ਾਮਲ ਹਨ। ਇਨ੍ਹਾਂ ਸਕੂਲਾਂ ਤੋਂ ਇਲਾਵਾ ਜਿਲ੍ਹੇ ਦੇ ਬਾਕੀ ਸਮੂਹ ਸਕੂਲ ਆਮ ਵਾਂਗ ਖੁੱਲਣਗੇ।

## 3 ਕਿਲੋ ਹੈਰੋਇਨ ਸਮੇਤ 2 ਕਾਬੂ

**ਜਗਰਾਉ (ਅਮਿਤ ਖੰਨਾ)** ਜਗਰਾਉਂ, ਲੁਧਿਆਣਾ ਦਿਹਾਤੀ ਪੁਲਸ ਦੇ ਅਧੀਨ ਪੈਂਦੇ ਸੀ ਆਈ ਏ ਸਟਾਫ ਦੀ ਪੁਲਸ ਨੇ ਨਸ਼ਾ ਤਸਕਰੀ ਪਰਦਾਫਾਸ ਕਰਦਿਆਂ ਪਾਕਿਸਤਾਨ ਤੋਂ ਡਰੋਨ ਰਾਹੀਂ ਆਈ 3 ਕਿਲੋ ਹੈਰੋਇਨ ਸਮੇਤ ਦੋ ਨਸ਼ਾ ਤਸਕਰਾਂ ਨੂੰ ਕਾਬੂ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਪੁਲਸ ਜਿਲ੍ਹਾ ਲੁਧਿਆਣਾ ਦਿਹਾਤੀ ਦੇ ਐਸ ਐਸ ਪੀ ਨਵਨੀਤ ਸਿੰਘ ਬੈਂਸ ਦਫਤਰ ਵਿਖੇ ਪ੍ਰੈਸ ਵਾਰਤਾ ਦੌਰਾ ਜਾਣਕਾਰੀ ਸਾਂਝੀ ਕਰਦਿਆਂ ਆਈ ਜੀ ਲੁਧਿਆਣਾ ਰੇਂਜ ਕੌਸਤਬ ਸ਼ਰਮਾ ਨੇ ਦੱਸਿਆ ਕਿ ਲੁਧਿਆਣਾ ਦਿਹਾਤੀ ਪੁਲਸ ਦੀ ਸੀ ਆਈ ਏ ਸਟਾਫ ਦੀ ਟੀਮ ਨੇ ਮਿਲੀ ਜਾਣਕਾਰੀ ਦੇ ਆਧਾਰ 'ਤੇ ਨਸ਼ਾ ਤਸਕਰੀ ਦੇ ਅੰਤਰਰਾਸ਼ਟਰੀ ਗਿਰੋਹ ਨਾਲ ਜੁੜੇ ਹੋਏ ਦੋ ਨਸ਼ਾ ਤਸਕਰਾਂ ਨੂੰ 3 ਕਿਲੋ ਹੈਰੋਇਨ ਸਮੇਤ ਕਾਬੂ ਕੀਤੇ। ਪੁੱਛ-ਗਿੱਛ ਕਰਨ 'ਤੇ ਇਨ੍ਹਾਂ ਵੱਲੋਂ ਆਪਣਾ ਜੁਰਮ ਕਬੂਲਦਿਆਂ ਮੰਨਿਆ ਕਿ ਇਹਨਾਂ ਪਾਸੋਂ ਬਰਾਮਦ ਕੀਤੀ ਗਈ ਤਿੰਨ ਕਿੱਲੋ ਹੈਰੋਇਨ ਇਹ ਫਿਰੋਜ਼ਪੁਰ ਦੇ ਸਦਰ ਇਲਾਕੇ 'ਚੋਂ ਲੈ ਕੇ ਆਏ ਸਨ ਜੋ ਕਿ ਪਾਕਿਸਤਾਨ ਵਾਲੇ ਪਾਸਿਓਂ ਡਰੋਨ ਦੇ ਰਾਹੀਂ ਭਾਰਤ 'ਚ ਭੇਜੀ ਗਈ ਸੀ। ਉਨ੍ਹਾਂ ਦੱਸਿਆ ਕਿ ਫੜੇ ਗਏ ਇਨ੍ਹਾਂ ਦੋਨਾਂ ਮੁਲਜਮਾਂ ਨੂੰ ਮਾਣਯੋਗ ਅਦਾਲਤ 'ਚ ਪੇਸ਼ ਕਰਕ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕਰੇਗੀ। ਫੜੇ ਗਏ ਦੋਵੇਂ ਮੁਲਜ਼ਮ ਥਾਣਾ ਸਿਧਵਾਂ ਵੇਟ ਦੇ ਇਲਾਕੇ ਦੇ ਰਹਿਣ ਵਾਲੇ ਹਨ, ਜਿਨ੍ਹਾਂ ਦੇ ਨਾਂਅ ਨਾਇਬ ਸਿੰਘ ਅਤੇ ਸੁਰਿੰਦਰ ਸਿੰਘ ਹੈ।

## ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਪ੍ਰਧਾਨ ਮੰਤਰੀ ਦੇ ਨਾਂਅ ਭੇਜੇ ਜਾਣਗੇ ਮੰਗ ਪੱਤਰ

**ਮੱਖੂ, (ਰਛਪਾਲ ਸਿੰਘ ਸੰਧੂ)**: ਮਨੀਪੁਰ 'ਚ ਔਰਤਾਂ ਨਾਲ ਕੀਤੀ ਜਾ ਰਹੀ ਦਰਿੰਦਗੀ ਦੀ ਜੋਰਦਾਰ ਨਿੰਦਾ ਕਰਦਿਆਂ ਆਲ ਪੰਜਾਬ ਆਂਗਣਵਾੜੀ ਮੁਲਾਜਮ ਯੂਨੀਅਨ ਬਲਾਕ ਮੱਖੂ ਦੀ ਪ੍ਰਧਾਨ ਜੀਵਨ ਸ਼ਰਮਾ ਨੇ ਕਿਹਾ ਇਸ ਤਰ੍ਹਾਂ ਦੇ ਸ਼ਰਾਰਤੀ ਅਨਸਰਾਂ ਨੂੰ ਨੱਥ ਪਾਈ ਜਾਵੇ। ਮਨੀਪੁਰ 'ਚ ਲਗਭਗ ਪਿਛਲੇਂ ਤਿੰਨ ਮਹੀਨਿਆਂ ਤੋਂ ਲਗਾਤਾਰ ਹਿੰਸਾ ਅਤੇ ਸਾੜਫੂਕ ਦੀਆਂ ਘਟਨਾਵਾਂ ਹੋ ਰਹੀਆਂ ਹਨ। ਔਰਤਾਂ ਦੇ ਨਾਲ ਬਹੁਤ ਹੀ ਵਹਿਸ਼ੀ ਤਰੀਕੇ ਨਾਲ ਗੈਂਗਰੇਪ ਅਤੇ ਉਹਨਾਂ ਨੂੰ ਨਗਨ ਕਰਕੇ ਘੁਮਾਉਣ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ ਜੋ ਕਿ ਬਹੁਤ ਹੀ ਅਣਮਨੁੱਖੀ ਵਰਤਾਰਾ ਹੈ। ਔਰਤਾਂ 'ਤੇ ਹੋ ਰਹੇ ਇਹ ਜੁਲਮ ਨੂੰ ਕਿਸੇ ਵੀ ਕੀਮਤ 'ਤੇ ਬਰਦਾਸਤ ਨਹੀਂ ਕੀਤਾ ਜਾਵੇਗਾ ਅਤੇ ਜਥੇਬੰਦੀ ਪੀੜਤ ਔਰਤਾਂ ਦੇ ਨਾਲ ਖੜੇਗੀ। ਉਹਨਾਂ ਕਿਹਾ ਕਿ ਔਰਤਾਂ 'ਤੇ ਜ਼ੁਲਮ ਕਰਨ ਵਾਲੇ ਦਰਿੰਦਿਆਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ।

# ਲਿਬਰੇਸ਼ਨ ਵੱਲੋਂ ਮਨੀਪੁਰ ਮਾਮਲੇ 'ਤੇ ਭਾਜਪਾ ਖਿਲਾਫ ਮੁਜ਼ਾਹਰਾ





**ਭੀਖੀ, (ਧਰਮਵੀਰ ਸ਼ਰਮਾ)** ਸੀ ਪੀ ਆਈ ਐਮ ਐੱਲ ਲਿਬਰੇਸ਼ਨ ਅਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਮਨੀਪੁਰ ਕਾਂਡ ਦੇ ਵਿਰੁੱਧ ਭੀਖੀ ਦੇ ਵਾਰਡ ਨੰ. 5 ਵਿਖੇ ਕੇਂਦਰ ਸਰਕਾਰ ਵਿਰੁੱਧ ਰੋਸ਼ ਪ੍ਰਦਰਸ਼ਨ ਕੀਤਾ। ਸੀ ਪੀ ਆਈ ਐਮ ਐੱਲ ਲਿਬਰੇਸ਼ਨ ਦੇ ਬ੍ਰਾਂਚ ਸਕੱਤਰ ਧਰਮ ਪਾਲ ਨੀਟਾ ਅਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਵਿਜੈ ਕੁਮਾਰ ਭੀਖੀ, ਪ੍ਰਗਤੀਸ਼ੀਲ ਇਸਤਰੀ ਸਭਾ ਦੀ ਆਗੂ ਰਾਣੀ ਕੌਰ ਨੇ ਕਿਹਾ ਕਿ ਇਹ ਅਣਮਨੁੱਖੀ ਦਮਨ ਪਿਛਲੇ ਤਕਰੀਬਨ ਢਾਈ ਮਹੀਨਿਆਂ ਤੋਂ ਭਾਜਪਾ ਦੇ ਭੜਕਾਏ ਫਿਰਕੂ ਗਿਰੋਹਾਂ ਵਲੋਂ ਮਨੀਪੁਰ ਵਿੱਚ ਘੱਟ ਗਿਣਤੀ ਲੋਕਾਂ ਦੇ ਹਜੂਮੀ ਕਤਲਾਂ, ਔਰਤਾਂ ਨਾਲ ਬਲਾਤਕਾਰਾਂ ਅਤੇ ਹਜ਼ਾਰਾਂ ਘਰਾਂ ਤੇ ਦੁਕਾਨਾਂ ਸਾੜ ਕੇ ਉਨਾਂ ਨੂੰ ਅਪਣੇ ਹੀ ਦੇਸ਼ ਵਿਚ ਬੇਘਰ ਤੇ ਸ਼ਰਨਾਰਥੀ ਬਣਾ ਦਿੱਤਾ ਹੈ। ਉਹ ਮੌਤ ਦੇ ਸਾਏ ਹੇਠ ਸ਼ਰਨਾਰਥੀ ਕੈਂਪਾਂ ਵਿਚ ਦਿਨ ਕੱਟੀ ਕਰਨ ਲਈ ਮਜਬੂਰ ਹਨ, ਪਰ ਕੇਂਦਰ ਦੀ ਮੋਦੀ ਸਰਕਾਰ ਅਤੇ ਸੂਬੇ ਦੀ ਬੀਜੇਪੀ ਸਰਕਾਰ ਵੱਲੋਂ ਅਪਨਾਈ ਸਿਰੇ ਦੀ ਸੰਵੇਦਨਹੀਣ ਤੇ ਪੱਖਪਾਤੀ ਪਹੁੰਚ ਤੇ ਚੁੱਪ ਅਖਤਿਆਰ ਕੀਤੀ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਪ੍ਰਧਾਨ ਮੰਤਰੀ ਮੋਦੀ ਵੱਲੋਂ ਧਾਰੀ ਹੋਈ ਸਾਜ਼ਿਸ਼ੀ ਚੁੱਪ ਦੀ ਉਹ ਸਖਤ ਨਿੰਦਾ ਕਰਦੇ ਹਨ ਕਿਉਂਕਿ ਇਹ ਮੋਦੀ ਅਤੇ ਅਮਿਤ ਸ਼ਾਹ ਵੱਲੋਂ ਦੇਸ਼ ਵਿੱਚ ਆਰ ਐਸ ਐਸ ਦੇ ਫਾਸੀਵਾਦੀ ਏਜੰਡੇ ਨੂੰ ਲਾਗੂ ਕਰਵਾਉਣ ਲਈ ਮਨੀਪੁਰ ਵਿੱਚ ਫਿਰਕੂ ਫਸਾਦ ਕਰਵਾਏ ਜਾ ਰਹੇ ਹਨ ਅਤੇ ਹੁਣ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਲਈ ਨਵੀਆਂ ਨੀਤੀਆਂ ਘੜ ਕੇ ਆਪਸੀ ਭਾਈਚਾਰਕ ਸਾਂਝ ਨੂੰ ਤੋੜ ਨਫ਼ਰਤੀ ਰਾਜਨੀਤੀ ਤਹਿਤ ਦੰਗੇ ਕਰਵਾਏ ਜਾ ਰਹੇ ਹਨ। ਮਨੀਪੁਰ ਦੇ ਇਸ ਕਤਲੇਆਮ ਅਤੇ ਬੇਪਤੀਆਂ ਗੁਜਰਾਤ ਦੇ ਦੰਗਿਆਂ ਦੀ ਗਵਾਹੀ ਭਰਦੇ ਹਨ ਮਨੀਪੁਰ ਦੇ ਲੋਕ ਸਾਵਧਾਨ ਰਹਿਣ ਅਤੇ ਆਪਸੀ ਭਾਈਚਾਰਕ ਸਾਂਝ ਬਣਾਈ ਰੱਖਣ। ਇਸ ਮੌਕੇ ਯਾਦਵਿੰਦਰ ਸਿੰਘ, ਰਘਵੀਰ ਸਿੰਘ, ਕਿਰਨਾ ਰਾਣੀ, ਗੁਰਮੇਲ ਕੌਰ, ਨਸੀਮ ਬੇਗਮ, ਮਨਦੀਪ ਸਿੰਘ ਵੀ ਹਾਜ਼ਰ ਸਨ।

# ਬਾਬਾ ਸੁੱਧ ਸਿੰਘ ਟੂਸੇ ਵਾਲਿਆਂ ਲੋੜਵੰਦਾਂ ਨੂੰ ਰਾਹਤ ਸਮਗਰੀ ਭੇਜੀ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** - ਧਾਰਮਿਕ ਤੇ ਸਮਾਜ ਸੇਵੀ ਕਾਰਜਾਂ ਵਿਚ ਜੁਟੇ ਬਾਬਾ ਸੁੱਧ ਸਿੰਘ ਟੂੱਸੇ (ਲੰਗਰਾਂ ਵਾਲਿਆਂ) ਵੱਲੋਂ ਅੱਜ ਹੜ੍ਹ ਪੀੜ੍ਹਤਾਂ ਲਈ ਰਾਹਤ ਸਮੱਗਰੀ ਭੇਜੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਾਛੀਵਾੜਾ ਸਾਹਿਬ ਸ਼ੋਸ਼ਲ ਵੈਲਫੇਅਰ ਸੁਸਾਇਟੀ (ਐਨ ਜੀ ਓ) ਦੇ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਦੱਸਿਆ ਕਿ ਪਿਛਲੇ ਦਿਨੀਂ ਪੰਜਾਬ ਵਿਚ ਕੁਦਰਤ ਦਾ ਕਹਿਰ ਬਣ ਕੇ ਵਾਪਰੇ ਹੜ੍ਹ ਦੇ ਪਾਣੀ ਨਾਲ ਵੱਖ ਵੱਖ ਇਲਾਕਿਆਂ ਵਿਚ ਹੋਏ ਨੁਕਸਾਨ ਨੂੰ ਦੇਖਦਿਆ ਬਾਬਾ ਸੁੱਧ ਸਿੰਘ ਟੂੱਸੇ ਵੱਲੋਂ ਆਪਣੀ ਟੀਮ ਨੂੰ ਨਾਲ ਲੈ ਕੇ ਬੇਘਰ ਹੋਏ ਪੀੜ੍ਹਤ ਪਰਿਵਾਰਾਂ ਲਈ ਮੰਜੇ ਅਤੇ ਬਿਸਤਰਿਆਂ ਦੀ ਸੇਵਾ ਨਿਰੰਤਰ ਜਾਰੀ ਰੱਖੀ ਹੈ। ਇਸੇ ਲੜੀ ਨੂੰ ਅੱਗੇ ਵਧਾਉਂਦਿਆਂ ਮਾਛੀਵਾੜਾ ਬੈਂਕ ਕਾਲੋਨੀ ਤੋਂ ਬਾਬਾ ਸੁੱਧ ਸਿੰਘ ਦੀ ਅਗਵਾਈ ਵਿਚ 50 ਮੰਜੇ ਅਤੇ 100 ਬਿਸਤਰੇ ਮੋਰਿੰਡਾ ਸ਼ਹਿਰ ਦੇ ਸੰਤ ਨਗਰ ਕਾਲੋਨੀ ਵਿਖੇ ਭੇਜੇ ਗਏ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਵੀ ਅਜਿਹੇ ਕਾਰਜਾਂ ਵਿਚ ਵੱਧ ਚੜ੍ਹ ਕੇ ਯਤਨ ਕਰੇ ਤਾਂ ਜੋ ਲੋੜਵੰਦ ਲੋਕਾਂ ਦੀ ਮੱਦਦ ਹੋ ਸਕੇ। ਇਸ ਮੌਕੇ ਜਗਦੀਸ਼ ਚਾਨਣਾ, ਮਿੰਕੂ ਹੰਸ, ਪਰਮਦੀਪਪਾਲ ਸਿੰਘ, ਜਗਤਾਰ ਸਿੰਘ ਜੱਸੋਵਾਲ, ਡਾ . ਜਸਵੀਰ ਸਿੰਘ ਰਾਣਾ, ਸਬਜੀਤ ਸਿੰਘ, ਸਤਵੰਤ ਸਿੰਘ, ਅਵਤਾਰ ਸਿੰਘ ਆਦਿ ਹਾਜ਼ਰ ਸਨ।

## ਕਰਮਚਾਰਨ ਨਾਲ ਦੁਰਵਿਵਹਾਰ ਕਰਨ ਵਾਲੇ ਖਿਲਾਫ 15 ਦਿਨ ਬੀਤਣ 'ਤੇ ਪੁਲਸ ਖਾਮੋਸ਼

**ਲੁਧਿਆਣਾ (ਐਮ ਐਸ ਭਾਟੀਆ/ਰੈਕਟਰ ਕਥੂਰੀਆ)** ਬੀਤੀ 10 ਤਰੀਕ ਨੂੰ ਸ਼ਰਾਰਤੀ ਅਨਸਰ ਦੁਆਰਾ ਮੰਡਲ ਦਫਤਰ ਅੱਡਾ ਦਾਖਾ ਵਿਖੇ ਇੱਕ ਮਹਿਲਾ ਕਰਮਚਾਰਣ ਨਾਲ ਦੁਰਵਿਵਹਾਰ ਕਰਕੇ ਹੁਲੜਬਾਜ਼ੀ ਕਰਦਿਆਂ ਧਮਕੀਆਂ ਦਿੱਤੀਆਂ ਗਈਆਂ, ਜਿਸ ਸੰਬੰਧੀ ਮੰਡਲ ਅਧਿਕਾਰੀ ਦੇ ਧਿਆਨ 'ਚ ਲਿਆਉਣ 'ਤੇ ਉਹਨਾਂ ਦੁਆਰਾ ਪੁਲਸ ਪ੍ਰਸ਼ਾਸਨ ਨੂੰ ਸਖਤ ਕਾਰਵਾਈ ਕਰਨ ਲਈ ਲਿਖਿਆ ਗਿਆ ਹੈ, ਪ੍ਰੰਤੂ ਦੋ ਯਾਦ ਪੱਤਰ ਲਿਖਣ ਤੋਂ ਬਾਅਦ ਵੀ ਨਾ ਕੋਈ ਗ੍ਰਿਫਤਾਰੀ ਕੀਤੀ ਗਈ ਹੈ ਤੇ ਨਾ ਡੀ ਡੀ ਆਰ ਦਰਜ ਕੀਤੀ ਹੈ, ਨਾ ਹੀ ਕੋਈ ਐਫ ਆਈ ਆਰ ਦਰਜ ਕੀਤੀ ਹੈ। ਇਸ ਸੰਬੰਧੀ ਪੀ ਐਸ ਈ ਬੀ ਇੰਮ ਫੈਡਰੇਸ਼ਨ ਏਟਕ ਪੰਜਾਬ ਮੰਡਲ ਯੂਨਿਟ ਅੱਡਾ ਦਾਖਾ ਦੇ ਪ੍ਰਧਾਨ ਗੁਰਮੇਲ ਸਿੰਘ ਬਿਰਕ, ਸਕੱਤਰ ਗੁਰਮਿੰਦਰ ਸਿੰਘ ਹਿੱਸੋਵਾਲ, ਜਸਵਿੰਦਰ ਸਿੰਘ ਅਤੇ ਪਾਵਰਕਾਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਮੰਡਲ ਯੂਨਿਟ ਅੱਡਾ ਦਾਖਾ ਦੇ ਪ੍ਰਧਾਨ ਹਰਦਿਆਲ ਸਿੰਘ ਘੁਮਾਣ, ਜਸਮੇਲ ਸਿੰਘ ਮੋਹੀ, ਬਲਵਿੰਦਰ ਸਿੰਘ ਇਯਾਲੀ, ਸੀਨੀਅਰ ਮੀਤ ਪ੍ਰਧਾਨ ਪੰਜਾਬ ਚਮਕੌਰ ਸਿੰਘ ਬਰਮੀ, ਸੂਬਾਈ ਆਗੂ ਬਲਬੀਰ ਸਿੰਘ ਮਾਨ ਨੇ ਕਿਹਾ ਕਿ ਪੁਲਸ ਪ੍ਰਸ਼ਾਸਨ ਦੀ ਢਿੱਲੀ ਕਾਰਗੁਜ਼ਾਰੀ ਕਰਕੇ ਨਿਰਾਸ਼ਾ ਪਾਈ ਜਾ ਰਹੀ ਹੈ, ਪਾਵਰਕਾਮ ਦੇ ਅਧਿਕਾਰੀ ਤੇ ਇਲਾਕੇ ਦੇ ਸਮਾਜ ਸੇਵੀ ਤੇ ਹੋਰ ਵੀ ਖਾਮੋਸ਼ ਨੇ। ਇਸ ਮੌਕੇ ਮੁੱਖ ਮੰਤਰੀ ਪੰਜਾਬ ਤੋਂ ਮੰਗ ਕਰਦਿਆਂ ਕਿਹਾ ਗਿਆ ਕਿ ਦੋਸ਼ੀ ਖਿਲਾਫ ਮੁੱਢਲੀ ਰਿਪੋਰਟ ਦਰਜ ਕਰਕੇ ਸਖਤ ਕਾਰਵਾਈ ਕੀਤੀ ਜਾਵੇ। ਪਾਵਰਕਾਮ ਮਹਿਲਾ ਕਰਮਚਾਰਣ ਨਾਲ ਵਧੀਕੀ ਕਰਨ ਵਾਲੇ ਦੋਸ਼ੀ ਦੀ ਪਿੱਠ 'ਤੇ ਖੜ੍ਹਨ ਵਾਲੇ ਅਖੌਤੀ ਆਗੂਆਂ ਦੀ ਨਿਖੇਧੀ ਕਰਦਿਆਂ ਇਨਸਾਫ ਦੀ ਮੰਗ ਕੀਤੀ ਤਾਂ ਜੋ ਅੱਗੇ ਤੋਂ ਕਿਸੇ ਨਾਲ ਅਜਿਹੀ ਮੰਦਭਾਗੀ ਘਟਨਾ ਨਾ ਵਾਪਰੇ।

## ਹੋਲੀ ਹਾਰਟ ਸਕੂਲ ਵਿਖੇ ਵਿਦਆਰਥੀਆਂ ਨੂੰ ਨੈਤਿਕ ਸਿੱਖਿਆ ਦਿੱਤੀ



**ਅਜੀਤਵਾਲ, (ਨਛੱਤਰ ਸੰਧੂ)**- ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਅਧਿਆਪਕਾਂ ਦੁਆਰਾ ਵਿਦਆਰਥੀਆਂ ਨੂੰ ਨੈਤਿਕ ਸਿੱਖਿਆ ਦਿੱਤੀ ਗਈ। ਹਰ ਰੋਜ਼ ਸਕੂਲ ਦੀ ਸਵੇਰ ਦੀ ਅਸੈਂਬਲੀ ਦੌਰਾਨ ਬੱਚਿਆਂ ਨੂੰ ਅਲੱਗ ਅਲੱਗ ਵਿਸ਼ੇ 'ਤੇ ਨੈਤਿਕ ਸਿੱਖਿਆ ਸੰਬੰਧੀ ਭਾਸ਼ਣ ਆਦਿ ਦਿੱਤੇ ਜਾਂਦੇ ਹਨ ਜਿਵੇਂ ਕਿ ਕਦੇ ਝੂਠ ਨਾ ਬੋਲੋ, ਸਦਾ ਸੱਚ ਬੋਲੋ ਵੱਡਿਆਂ ਦਾ ਆਦਰ ਕਰੋ ਆਪਣਾ ਕੰਮ ਹਰ ਰੋਜ਼ ਆਪ ਕਰੋ।

ਇਸ ਮੌਕੇ ਚੇਅਰਮੈਨ ਸੁਭਾਸ਼ ਪਲਤਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਧਿਆਪਕ ਵਿਦਆਰਥੀਆਂ ਨੂੰ ਦੁਨਿਆਵੀ ਸਿੱਖਿਆ ਦੇ ਨਾਲ ਨਾਲ ਨੈਤਿਕ ਸਿੱਖਿਆ ਵੀ ਦੇਣ ਇਹ ਲਾਜ਼ਮੀ ਹੈ ਤਾਂ ਜੋ ਉਹ ਆਪਣਾ ਭਵਿੱਖ ਸੁਨਿਹਰਾ ਬਣਾ ਸਕਣ। ਉਨ੍ਹਾ ਕਿਹਾ ਕਿ ਕੋਈ ਵੀ ਇਨਸਾਨ ਸੰਪੂਰਨ ਹੋਣ ਲਈ ਗਿਆਨ ਦੀ ਪ੍ਰਾਪਤੀ ਕਰਦਾ ਹੈ। ਉਨ੍ਹਾ ਇਹ ਵੀ ਕਿਹਾ ਕਿ ਅਧਿਆਪਕ ਦਾ ਮੁੱਢਲਾ ਫਰਜ ਹੈ ਕਿ ਉਹ ਜਿਸ ਜਮਾਤ ਨੂੰ ਸਿੱਖਿਆ ਦੇ ਰਹੇ ਹਨ ਉਸ ਦੇ ਨਾਲ ਨਾਲ ਆਪਣੀ ਪ੍ਰਤੀਭਾ ਰਾਹੀਂ ਉਸ ਸਕੂਲ ਦੇ ਸਮੁੱਚੇ ਵਿਦਆਰਥੀਆਂ ਨੂੰ ਜਾਣੂੰ ਕਰਵਾਉਣ ਤਾਂ ਜੋ ਇਹ ਵਿਦਿਆਰਥੀ ਆਪਣੀ ਜ਼ਿੰਦਗੀ 'ਚ ਅਧਿਆਪਕ ਗੁਣ ਨੂੰ ਧਾਰਨ ਕਰਕੇ ਮੰਜ਼ਲਾਂ ਸਰ ਕਰ ਸਕਣ। ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਮੈਡਮ ਪਰਮਜੀਤ ਪਲਤਾ ਅਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਭਾਵੇਂ ਅਸੀਂ ਬੱਚਿਆਂ ਨੂੰ ਕਿਤਾਬੀ ਸਿੱਖਿਆ ਤੋਂ ਜਾਣੂੰ ਕਰਵਾਉਣਾ ਹੈ, ਪਰ ਇਸ ਦੇ ਨਾਲ ਨਾਲ ਉਨ੍ਹਾਂ ਨੂੰ ਨੈਤਿਕ ਸਿੱਖਿਆ ਦੇਣੀ ਵੀ ਲਾਜ਼ਮੀ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਨੈਤਿਕ ਸਿੱਖਿਆ ਦੀ ਲੋੜ ਅਜੋਕੇ ਯੁੱਗ ਵਿੱਚ ਬੱਚੇ ਤੋਂ ਲੈ ਕੇ ਬਜ਼ੁਰਗਾਂ ਵਿੱਚ ਹੋਣੀ ਬਹੁਤ ਜ਼ਰੂਰੀ ਹੈ ਇਸ ਨਾਲ ਹੀ ਅਸੀਂ ਇੱਕ ਚੰਗੇ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ।

# ਪ੍ਰਿੰਸੀਪਲ ਵਿਰੁੱਧ ਸੰਘਰਸ਼ ਵਿੱਢਣ ਲਈ ਡੀ ਟੀ ਐੱਫ ਨੇ ਕੀਤਾ ਵਿਚਾਰ-ਵਟਾਂਦਰਾ

**ਮੋਗਾ (ਅਮਰਜੀਤ ਬੱਬਰੀ)** ਜਿਲ੍ਹਾ ਕਮੇਟੀ ਡੀ ਟੀ ਐਫ ਮੋਗਾ ਦੀ ਮੀਟਿੰਗ ਜਿਲ੍ਹਾ ਪ੍ਰਧਾਨ ਸੁਖਪਾਲਜੀਤ ਸਿੰਘ ਦੀ ਪ੍ਰਧਾਨਗੀ ਹੇਠ ਨੇਚਰ ਪਾਰਕ ਮੋਗਾ ਵਿਖ਼ੇ ਹੋਈ ਜਿਸ 'ਚ ਵਿਸ਼ੇਸ਼ ਤੌਰ 'ਤੇ ਬਲਾਕ ਨਿਹਾਲ ਸਿੰਘ ਵਾਲਾ ਦੇ ਸਰਕਾਰੀ ਮਿਡਲ ਸਕੂਲ ਬੀੜ ਬੱਧਨੀ ਦਾ ਮਸਲਾ ਵਿਚਾਰਿਆ ਗਿਆ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਧਨੀ ਕਲਾਂ (ਕੁੜੀਆਂ) ਦਾ ਕੰਪਲੈਕਸ ਸਕੂਲ ਹੈ ਜਿਸ 'ਚ 4 ਪੋਸਟਾਂ 'ਚੋ 2 ਪੋਸਟਾਂ ਭਰੀਆਂ ਹੋਈਆਂ ਸਨ, ਪਰ ਉੱਥੋਂ ਦੇ ਪ੍ਰਿੰਸੀਪਲ ਵੱਲੋਂ ਵਿਭਾਗੀ ਨਿਯਮਾਂ ਦੇ ਉਲਟ ਜਾ ਕੇ ਉਹਨਾਂ ਦੋਵਾਂ ਅਧਿਆਪਕਾਵਾਂ ਨੂੰ ਰਿਲੀਵ ਕਰ ਕੇ ਉਸ ਸਕੂਲ ਨੂੰ ਖਾਲੀ ਕਰ ਕੇ ਉੱਥੋਂ ਦੇ ਬੱਚਿਆਂ ਨਾਲ ਨਾ ਇਨਸਾਫੀ ਕੀਤੀ ਗਈ ਹੈ। ਹੁਣ ਪ੍ਰਿੰਸੀਪਲ ਵੱਲੋਂ ਆਪਣੀ ਗ਼ਲਤੀ ਨੂੰ ਛੁਪਾਉਣ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਧਨੀ ਕਲਾਂ (ਲੜਕੀਆਂ) 'ਚੋਂ ਅਧਿਆਪਕਾਂ ਦਾ ਜਬਰਦਸਤੀ ਡੈਪੂਟੇਸ਼ਨ ਸਰਕਾਰੀ ਮਿਡਲ ਸਕੂਲ ਬੀੜ ਬੱਧਨੀ 'ਚ ਕੀਤਾ ਜਾ ਰਿਹਾ ਹੈ।

ਇਸ ਸੰਬੰਧੀ ਡੀ ਟੀ ਐਫ ਮੋਗਾ ਦਾ ਵਫਦ ਜਿਲ੍ਹਾ ਪ੍ਰਧਾਨ ਸੁਖਪਾਲਜੀਤ ਸਿੰਘ ਦੀ ਅਗਵਾਈ ਹੇਠ ਇਸ ਮਸਲੇ ਦੇ ਹੱਲ ਸੰਬੰਧੀ ਜਿਲ੍ਹਾ ਸਿੱਖਿਆ ਅਫ਼ਸਰ (ਸੈ. ਸਿ.) ਮਮਤਾ ਬਜਾਜ ਨੂੰ ਵੀ ਮਿਲਿਆ ਸੀ। ਜਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਜਥੇਬੰਦੀ ਦੇ ਵਫਦ ਨੂੰ ਇਹ ਮਸਲ੍ਹਾ ਇੱਕ ਹਫ਼ਤੇ ਅੰਦਰ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਜਿਲ੍ਹਾ ਆਗੂਆਂ ਨੇ ਕਿਹਾ ਕਿ ਜੇਕਰ ਇੱਕ ਹਫ਼ਤੇ ਦੇ ਅੰਦਰ ਇਹ ਮਸਲ੍ਹਾ ਹੱਲ ਨਾ ਹੋਇਆ ਤਾਂ ਜਥੇਬੰਦੀ ਪ੍ਰਿੰਸੀਪਲ ਅਤੇ ਜਿਲ੍ਹਾ ਸਿੱਖਿਆ ਅਫ਼ਸਰ (ਸੈ. ਸਿੱ ) ਦੇ ਵਿਰੁੱਧ ਸੰਘਰਸ਼ ਵਿੱਢੇਗੀ। ਇਸ ਮੌਕੇ ਜਿਲ੍ਹਾ ਸਕੱਤਰ ਜਗਵੀਰਨ ਕੌਰ, ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ, ਜਿਲ੍ਹਾ ਮੀਤ ਪ੍ਰਧਾਨ ਸਵਰਨਦਾਸ, ਜਿਲ੍ਹਾ ਜਥੇਬੰਦਕ ਸਕੱਤਰ ਅਮਨਦੀਪ ਮਾਛੀਕੇ, ਜਿਲ੍ਹਾ ਪ੍ਰੈੱਸ ਸਕੱਤਰ ਗੁਰਮੀਤ ਝੋਰੜਾਂ, ਜਿਲ੍ਹਾ ਵਿੱਤ ਸਕੱਤਰ ਗੁਰਸ਼ਰਨ ਸਿੰਘ ਦੀਪਕ ਮਿੱਤਲ, ਹਰਪ੍ਰੀਤ ਰਾਮਾ, ਜਗਜੀਤ ਸਿੰਘ, ਪਵਨਦੀਪ ਸਿੰਘ, ਸੁਖਮੰਦਰ ਰਣਸੀਂਹ, ਸੁਨੀਲ ਕੁਮਾਰ, ਨਵਦੀਪ ਧੂੜਕੋਟ, ਮੈਡਮ ਮਧੂ ਅਤੇ ਸਰਕਾਰੀ ਸੀਨੀਅਰ ਸਕੂਲ ਬੱਧਨੀ ਕਲਾਂ (ਲੜਕੀਆਂ) ਦਾ ਸਟਾਫ਼ ਹਾਜ਼ਰ ਸੀ।

# ਮਨੀਪੁਰ ਘਟਨਾ ਦੇ ਰੋਸ ਵਜੋਂ ਕੁੱਲ ਹਿੰਦ ਕਿਸਾਨ ਸਭਾ ਨੇ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ





**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** - ਕੁੱਲ ਹਿੰਦ ਕਿਸਾਨ ਸਭਾ ਤਹਿਸੀਲ ਸਮਰਾਲਾ ਨੇ ਪਿੰਡ ਝੜੌਦੀ ਵਿਖੇ ਮਨੀਪੁਰ ਵਿਖੇ ਵਾਪਰ ਰਹੀਆਂ ਘਟਨਾਵਾਂ ਖਿਲਾਫ਼ ਭਰਪੂਰ ਮੁਜਾਹਰਾ ਕਰਨ ਉਪਰੰਤ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ। ਇਸ ਮੌਕੇ ਪ੍ਰਧਾਨ ਨਿੱਕਾ ਸਿੰਘ ਖੇੜਾ ਨੇ ਸੰਬੋਧਨ ਵਿਚ ਕਿਹਾ ਕਿ ਪਿਛਲੇ 90 ਦਿਨਾਂ ਤੋਂ ਮਨੀਪੁਰ 'ਚ 2 ਕਬਾਇਲੀ ਫਿਰਕਿਆਂ ਵਿਚ ਤਣਾਅ ਕੇਂਦਰ ਤੇ ਰਾਜ ਸਰਕਾਰ ਦੀਆਂ ਗੈਰ-ਜਿੰਮੇਵਾਰਨਾ ਕਾਰਵਾਈਆਂ ਕਾਰਨ ਇਸ ਕਾਗਾਰ 'ਤੇ ਪਹੁੰਚ ਗਿਆ ਕਿ ਔਰਤਾਂ ਨੂੰ ਨਿਰਵਸਤਰ ਕਰਕੇ ਘੁਮਾਇਆ ਗਿਆ ਅਤੇ ਬਿਨ੍ਹਾਂ ਕਿਸੇ ਡਰ ਤੋਂ ਵੀਡੀਓ ਬਣਾ ਕੇ ਵਾਈਰਲ ਕੀਤੀ ਗਈ।

ਉਨ੍ਹਾਂ ਕਿਹਾ ਕਿ 4 ਮਈ ਨੂੰ ਵਾਪਰੀ ਘਟਨਾ 'ਤੇ ਪੁਲਸ ਵਲੋਂ ਕੇਸ ਵੀ ਦਰਜ ਕੀਤਾ ਗਿਆ ਪਰ ਪੁਲਸ ਵਲੋਂ ਕੋਈ ਕਾਰਵਾਈ ਨਾ ਕਰਨਾ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵਲੋਂ ਅਜਿਹੀਆਂ ਅਨੇਕਾਂ ਘਟਨਾਵਾਂ ਦੇ ਹੋਣ ਨੂੰ ਮੰਨਣਾ ਸੂਬੇ ਦੇ ਲੋਕਾਂ 'ਤੇ ਹੋਏ ਅੰਤਾਂ ਦੇ ਅਣਮਨੁੱਖੀ ਕਹਿਰ, ਤਸ਼ੱਦਦ 'ਤੇ ਮੋਹਰ ਲਗਾਉਂਦਾ ਹੈ। ਪ੍ਰਧਾਨ ਖੇੜਾ ਨੇ ਕਿਹਾ ਕਿ ਬੇਪਤ ਹੋਈਆਂ ਔਰਤ 'ਚੋਂ ਇੱਕ ਦੇ ਪਤੀ ਸਾਬਕਾ ਫੌਜੀ ਜੋ ਅਸਾਮ ਵਲੋਂ ਕਾਰਗਿਲ ਦੀ ਲੜਾਈ ਲੜਿਆ ਨੇ ਕਿਹਾ ਕਿ 'ਉਨ੍ਹਾਂ ਦੇਸ਼ ਨੂੰ ਤਾਂ ਬਚਾਅ ਲਿਆ ਪਰ ਆਪਣੇ ਪਿੰਡ ਤੇ ਪਤਨੀ ਦੀ ਬੇਪਤੀ ਨਹੀਂ ਬਚਾ ਸਕਿਆ' ਜਿਸ ਨੇ ਹਰੇਕ ਭਾਰਤੀ ਨਾਗਰਿਕ ਦੇ ਹਿਰਦੇ ਨੂੰ ਵਲੂੰਧਰ ਕੇ ਰੱਖ ਦਿੱਤਾ। ਇਸ ਮੌਕੇ ਪ੍ਰਕਾਸ਼ ਸਿੰਘ ਉਦੇਵਾਲ, ਬਲਕਾਰ ਸਿੰਘ ਜੁਲਫ਼ਗੜ੍ਹ, ਚੰਦਰ ਮੋਹਨ ਮਾਛੀਵਾੜਾ, ਮਸਤਾ ਸਿੰਘ ਜੱਸੋਵਾਲ, ਸ਼ਾਮ ਸਿੰਘ ਰੂੜੇਵਾਲ, ਜਸਪਾਲ ਸਿੰਘ ਲੁਬਾਣਗੜ੍ਹ, ਨਾਯਰ ਸਿੰਘ ਮੁਗਲਵਾਲ, ਚਤਰ ਸਿੰਘ, ਲਲਨ ਪਾਸਵਾਨ, ਵਰਿੰਦਰ ਸਿੰਘ, ਟਾਂਡਾ ਕੁਸ਼ਲ ਸਿੰਘ, ਜਗਦੀਪ ਲੱਖੋਵਾਲ, ਛਿੰਦਰਪਾਲ ਝੜੌਦੀ, ਸਾਹਿਲ ਜਾਤੀਵਾਲ, ਮੰਗਤ ਸਿੰਘ ਮਾਛੀਵਾੜਾ, ਜੱਸੀ ਟਾਂਡਾ ਅਤੇ ਪ੍ਰਿੰਸ ਖੇੜਾ ਆਦਿ ਹਾਜ਼ਰ ਸਨ।

# ਸਵਾਮੀ ਰਜਨੀਸ਼ਾਨਦ ਦਾ ਗਊ ਹਸਪਤਾਲ ਪਹੁੰਚਣ 'ਤੇ ਸਵਾਗਤ

**ਬਾਘਾ ਪੁਰਾਣਾ, (ਮਨੀ ਸਿਗਲਾ)** ਸਵਾਮੀ ਰਜਨੀਸ਼ਾਨਦ ਦਾ ਬਾਘਾ ਪੁਰਾਣਾ ਗਊ ਹਸਪਤਾਲ ਪਹੁੰਚਣ 'ਤੇ ਗਊ ਭਗਤਾਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ। ਇਸ ਮੌਕੇ ਗਊ ਹਸਪਤਾਲ ਨੂੰ ਹੋਰ ਵੱਡਾ ਕਰਨ ਲਈ ਜਗ੍ਹਾ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਉਪਰੰਤ ਅਗਰਵਾਲ ਸਭਾ ਦੇ ਪ੍ਰਧਾਨ ਵਿਜੇ ਬਾਂਸਲ, ਯੂਥ ਅਗਰਵਾਲ ਸਭਾ ਦੇ ਪ੍ਰਧਾਨ ਪਵਨ ਗੋਇਲ, ਤੀਰਥ ਬਾਂਸਲ, ਸੁਖਦਰਸ਼ਨ ਸਿੰਗਲਾ, ਲਾਈਫ ਲਾਈਨ ਵੈਲਫੇਅਰ ਕਲੱਬ ਦੇ ਮੈਬਰ ਦਵਿੰਦਰ ਬੱਲੂ, ਬਾਬਾ ਬਰਫਾਨੀ ਸੇਵਾ ਮੰਡਲ ਦੇ ਪ੍ਰਧਾਨ ਪ੍ਰਵੀਨ ਗੋਇਲ, ਮਿਲਨਣ ਗਰਗ ਆੜਤੀ, ਸ਼੍ਰੀ ਗਣਪਤੀ ਸੇਵਾ ਮੰਡਲ ਦੇ ਪ੍ਰਧਾਨ ਰਿੰਪੀ ਬਾਂਸਲ, ਖੁੱਲੀ ਗਊਸ਼ਾਲਾ ਦੇ ਪ੍ਰਧਾਨ ਲਵਲੀ, ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਅਸ਼ਵਨੀ ਮਿੱਤਲ, ਸੋਮਨਾਥ ਸੋਮਾ, ਦਵਿੰਦਰ ਚੀਕਾ, ਸੋਨੂੰ ਸਿੰਗਲਾ ਅਤੇ ਹੋਰ ਹਾਜ਼ਰ ਸਨ। ਇਸ ਮੌਕੇ ਗਊ ਹਸਤਪਾਲ ਦੇ ਮੈਂਬਰ ਸੁਨੀਲ ਕੁਮਾਰ ਨੇ ਦੱਸਿਆ ਕਿ ਸੜਕਾਂ 'ਤੇ ਜੋ ਗਊਆਂ ਜ਼ਖਮੀ ਹੋ ਜਾਂਦੀਆਂ ਹਨ ਉਨ੍ਹਾਂ ਨੂੰ ਚੁੱਕ ਕੇ ਗਊ ਹਸਪਤਾਲ ਲਿਆਇਆ ਜਾਂਦਾ ਹੈ ਅਤੇ ਤੁਰੰਤ ਇਲਾਜ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀ ਪੂਰੀ ਤਰ੍ਹਾਂ ਨਾਲ ਸਹਿਯੋਗ ਕਰ ਰਹੇ ਹਨ, ਜਿੰਨ੍ਹਾਂ ਕਰ ਕੇ ਗਊ ਹਸਪਤਾਲ ਚੱਲ ਰਿਹਾ ਹੈ। ਇਸ ਮੌਕੇ ਗਊ ਭਗਤਾਂ ਨੇ ਸਵਾਮੀ ਨੂੰ ਲੋਈ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰਾਮ ਬਾਂਸਲ, ਜੁਗਿੰਦਰ ਪਾਲ ਸਿੰਘ, ਪ੍ਰਦੀਪ ਗੋਇਲ, ਵਿਵੇਕ ਨੋਹਰੀਆ, ਲਵਪ੍ਰੀਤ, ਅਕਸ਼ੈ ਗੋਇਲ, ਜਤਿਨ ਗੋਇਲ, ਮਨੋਜ ਕੁਮਾਰ, ਰਾਕੇਸ਼ ਕੁਮਾਰ ਨੇ ਸਵਾਮੀ ਦਾ ਗਊ ਹਸਪਤਾਲ ਪਹੁੰਚਣ 'ਤੇ ਧੰਨਵਾਦ ਕੀਤਾ।

G20 ਭਾਰਤੀਯ ਰੇਲ ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਸਾਰਵਜਨਿਕ ਅਧਿਸੂਚਨਾ**

ਉਤਰ ਰੇਲਵੇ ਦੇ ਹੇਠਾਂ ਲਿਖਤ ਸੈਕਸ਼ਨ ਦੇ ਪੂਰੇ ਸੇਕਸ਼ਨ ਤੇ ਸਥਿਤ ਰੇਲਵੇ ਲਾਈਨਾਂ ਅਤੇ ਪਰਿਸਰ ਦੇ ਸਾਰੇ ਉਪਯੋਗਕਰਤਾਵਾਂ ਨੂੰ ਇਸ ਦੁਆਰਾ ਸੂਚਨਾ ਦਿਤੀ ਜਾਂਦੀ ਹੈ ਕਿ ਉਤਰ ਰੇਲਵੇ ਦੇ ਹੇਠਾਂ ਲਿਖਤ ਸੈਕਸ਼ਨ ਤੇ 25 ਕੇ.ਵੀ. 50 ਹਰਟਜ ਏ.ਸੀ. ਓਵਰਹੇਡ ਟ੍ਰੈਕਸ਼ਨ ਤਾਰਾਂ ਨੂੰ ਸੈਕਸ਼ਨ ਦੇ ਸਾਹਮਣੇ ਦਰਸਾਈ ਮਿਤੀ ਨੂੰ ਜਾਂ ਬਾਅਦ ਬਿਜਲੀਕ੍ਰਿਤ ਕੀਤਾ ਜਾਏਗਾ। ਉਸ ਮਿਤੀ ਅਤੇ ਉਸੇ ਮਿਤੀ ਤੋਂ ਓਵਰਹੇਡ ਟ੍ਰੈਕਸ਼ਨ ਤਾਰਾਂ ਨੂੰ ਹਰ ਸਮੇਂ ਲਾਈਵ ਮੰਨਿਆ ਜਾਏਗਾ ਅਤੇ ਕੋਈ ਵੀ ਅਣਅਧਿਕ੍ਰਿਤ ਵਿਅਕਤੀ ਉਕਤ ਸ਼ਿਰੋਪਰੀ ਕਰਸ਼ਨ ਤਾਰਾਂ ਦੇ ਕੋਲ ਪਹੁੰਚੇਗਾ ਅਤੇ ਨਾ ਹੀ ਕੰਮ ਕਰੇਗਾ।

| ਡਵੀਜਨ | ਸੈਕਸ਼ਨ | ਕਿਲੋਮੀਟਰ ਤੋਂ | ਕਿਲੋਮੀਟਰ ਤਕ | ਬਿਜਲੀਕਰਨ ਦੀ ਮਿਤੀ |
|---|---|---|---|---|
| ਫਿਰੋਜ਼ਪੁਰ | ਉਤਰ ਰੇਲਵੇ ਦੇ ਫਿਰੋਜ਼ਪੁਰ ਮੰਡਲ ਦੇ ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ (ਐਸਵੀਡੀਕੇ) ਸਟੇਸ਼ਨ ਤੇ ਲਾਈਨ ਨੰਬਰ 15 ਅਤੇ 16 ਦੇ ਵਿਸਤਾਰ ਅਤੇ ਨਵੀਂ ਸੈਲੂਨ ਸਾਈਡਿੰਗ ਲਾਈਨ ਨੰਬਰ 13 ਅਤੇ 14 ਦੇ ਪ੍ਰਾਵਧਾਨ ਤੇ 25 ਕੇਵੀ ਏਸੀ ਸਿੰਗਲ ਪੜਾਅ 50 ਹਰਟਜ ਸਪਲਾਈ 'ਤੇ ਓਐਚਈ ਦਾ ਬਿਜਲੀਕਰਨ। | ਓ.ਐਚ.ਈ. ਕਿ.ਮੀ. 77/15A, ਚੇਨੇਜ ਕਿ.ਮੀ. 77/469.50 | ਓ.ਐਚ.ਈ. ਕਿ.ਮੀ. 78/17A, ਚੇਨੇਜ ਕਿ.ਮੀ. 78/674.50 | 28.07.2023 |

ਸੀਨੀਅਰ ਮੰਡਲ ਬਿਜਲੀ ਇੰਜੀਨੀਅਰ
ਕਰਸ਼ਨ ਵੰਡ ਅਤੇ ਰੋਲਿੰਗ ਸਟਾਕ ਉਤਰ ਰੇਲਵੇ,
ਡੀਆਰਐਮ ਦਫਤਰ, ਫਿਰੋਜ਼ਪੁਰ, ਪੰਜਾਬ

2314/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

G20 ਉਤਰ ਰੇਲਵੇ ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਉਪ ਮੁੱਖ ਬਿਜਲੀ ਇੰਜੀਨੀਅਰ/ਜੀਐਸਯੂ ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਨਿਵਿਦਾਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜਨ ਲਾਗਤ (ਰੁ.) | ਬਿਆਨਾ ਰਾਸ਼ੀ (ਰੁ.) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬ ਸਾਈਟ |
|---|---|---|---|---|---|---|
| 27-ਬਿਜਲੀ/ਜੀਐਸਯੂ-T-15-2023-24 | ਡਿਜਾਈਨ, ਨਿਰਮਾਣ, ਪ੍ਰਦਰਸ਼ਨ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਤਹਿਤ ਵਾਲ ਹੈਂਗਿੰਗ/ਫਲੋਰ ਮਾਊਂਟਿੰਗ ਟਾਈਪ ਐਲਈਡੀ ਇਲਯੂਮਿਨੇਟੇਡ ਸਾਈਨੇਜ/ਦਿਸ਼ਾ ਅੰਡਾਕਾਰ ਆਕਾਰ ਵਿਚ ਬੋਰਡ ਦੇ ਸਥਾਪਨਾ ਦੇ ਲਈ ਬਿਜਲੀ ਕੰਮ ਲਈ। ਬਡਗਾਮ, ਢੰਡਾਰੀ ਕਲਾਂ, ਫਗਵਾੜਾ, ਹੁਸ਼ਿਆਰਪੁਰ, ਫਿਲੌਰ, ਕਪੂਰਥਲਾ, ਫਾਜਿਲਕਾ, ਬੈਜਨਾਥ ਪਪਰੋਲਾ, ਉਧਮਪੁਰ, ਫਿਰੋਜ਼ਪੁਰ ਕੈਂਟ, ਕੋਟਕਪੂਰਾ, ਮੁਕਤਸਰ, ਮੋਗਾ, ਗੁਰਦਾਸਪੁਰ ਅਤੇ ਪਠਾਨਕੋਟ ਰੇਲਵੇ ਸਟੇਸ਼ਨਾਂ ਤੇ ਸਾਈਨੇਜ/ਦਿਸ਼ਾ ਅੰਡਾਕਾਰ ਵਿਚ ਬੋਰਡ ਦੇ ਸਥਾਪਨਾ ਦੇ ਕੰਮ ਲਈ। | 14136635.10 | 220700.00 | 06 Months | 16.08.2023 after 15:00 Hrs. | www.ireps.gov.in |

ਖੁਲ੍ਹੀ ਨਿਵਿਦਾ ਸੂਚਨਾ ਸੰਖਿਆ: ਐਨਆਈਟੀ-15/2023-24 ਮਿਤੀ: 25.07.2023 2283/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

27-July-PAGE-8.qxd 7/26/2023 11:06 PM Page 1



## ਸਿਹਤ ਮੰਤਰੀ ਵੱਲੋਂ ਮੁੱਖ ਮੰਤਰੀ ਰਾਹਤ ਫੰਡ 'ਚ ਇੱਕ ਮਹੀਨੇ ਦੀ ਤਨਖਾਹ, ਆਈ ਐਮ ਏ ਪੰਜਾਬ ਨੇ ਵੀ 35 ਲੱਖ ਦਾ ਪਾਇਆ ਯੋਗਦਾਨ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਦੇ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪੰਜਾਬ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਤੋਂ ਬਾਅਦ ਹੜ੍ਹ ਰਾਹਤ ਪ੍ਰਬੰਧ ਅਤੇ ਮੁੜ ਵਸੇਬੇ ਦੇ ਯਤਨਾਂ ਲਈ ਮੁੱਖ ਮੰਤਰੀ ਰਾਹਤ ਫੰਡ ਵਿੱਚ ਅੱਜ ਆਪਣੀ ਇੱਕ ਮਹੀਨੇ ਦੀ ਤਨਖਾਹ ਦਾ ਯੋਗਦਾਨ ਪਾਇਆ। ਸਿਹਤ ਮੰਤਰੀ ਦਾ ਸਾਥ ਦਿੰਦਿਆਂ ਪੰਜਾਬ ਦੀ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ ਐਮ ਏ) ਨੇ ਵੀ ਮੁੱਖ ਮੰਤਰੀ ਰਾਹਤ ਫੰਡ ਵਿੱਚ 35 ਲੱਖ ਰੁਪਏ ਦਾ ਯੋਗਦਾਨ ਪਾਇਆ। ਡਾ. ਬਲਬੀਰ ਸਿੰਘ ਨੇ ਆਈ ਐਮ ਏ ਪੰਜਾਬ ਦੇ ਪ੍ਰਧਾਨ ਡਾ. ਭਗਵੰਤ ਸਿੰਘ ਨਾਲ ਮੁੱਖ ਮੰਤਰੀ ਭਗਵੰਤ ਮਾਨ ਨੂੰ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਮੀਟਿੰਗ ਦੌਰਾਨ 35 ਲੱਖ ਰੁਪਏ ਦਾ ਚੈੱਕ ਸੌਂਪਿਆ। ਇਸ ਮੌਕੇ ਆਈ ਐਮ ਏ ਪੰਜਾਬ ਦੇ ਸਕੱਤਰ ਡਾ. ਸੰਜੀਵ ਮਿੱਤਲ, ਖਜ਼ਾਨਚੀ ਡਾ. ਆਰ.ਐਸ. ਬਲ, ਮੀਤ ਪ੍ਰਧਾਨ ਡਾ. ਸੰਜੀਵ ਗੋਇਲ, ਡਾ. ਜਤਿੰਦਰ ਕਾਂਸਲ, ਡਾ. ਐਸ.ਪੀ.ਐਸ ਸੂਚ, ਡਾ. ਰਾਕੇਸ਼ ਵਿਗ, ਡਾ. ਪਰਮਜੀਤ ਮਾਨ, ਡਾ. ਮਨੋਜ ਸੋਬਤੀ, ਡਾ. ਜੇ.ਪੀ. ਸਿੰਘ ਅਤੇ ਡਾ. ਕੁਲਵਿੰਦਰ ਮਾਨ ਵੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਹੜ੍ਹਾਂ ਨੇ ਵੱਡੇ ਪੱਧਰ 'ਤੇ ਤਬਾਹੀ ਮਚਾਈ ਹੈ ਅਤੇ ਪੂਰੇ ਪੰਜਾਬ ਵਿੱਚ ਲੋਕ ਪ੍ਰਭਾਵਿਤ ਹੋਏ ਹਨ। ਉਨ੍ਹਾਂ ਅੱਗੇ ਕਿਹਾ ਕਿ ਹੁਣ ਸਭ ਤੋਂ ਵੱਡੀ ਚੁਣੌਤੀ ਲੋਕਾਂ ਨੂੰ ਪਾਣੀ ਤੋਂ ਪੈਦਾ ਹੋਣ ਵਾਲੀਆਂ ਅਤੇ ਵੈਕਟਰ-ਬੋਰਨ ਬਿਮਾਰੀਆਂ ਤੋਂ ਬਚਾਉਣਾ ਹੈ। ਸਾਡੀਆਂ ਸਿਹਤ ਟੀਮਾਂ ਲੋਕਾਂ ਨੂੰ ਅਜਿਹੀਆਂ ਬਿਮਾਰੀਆਂ ਤੋਂ ਬਚਾਉਣ ਲਈ ਦਿਨ-ਰਾਤ ਕੰਮ ਕਰ ਰਹੀਆਂ ਹਨ। ਪੰਜਾਬ ਸਰਕਾਰ ਇਸ ਮੁਸ਼ਕਲ ਸਮੇਂ ਆਪਣੇ ਲੋਕਾਂ ਦੇ ਨਾਲ ਖੜ੍ਹੀ ਹੈ ਅਤੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜਾਂ ਲਈ ਜੰਗੀ ਪੱਧਰ 'ਤੇ ਕੰਮ ਕਰਨ ਦੇ ਨਾਲ-ਨਾਲ ਕੀਮਤੀ ਮਨੁੱਖੀ ਜਾਨਾਂ ਅਤੇ ਜਾਇਦਾਦ ਨੂੰ ਬਚਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਉਨ੍ਹਾਂ ਸੂਬੇ ਦੇ ਲੋਕਾਂ ਨੂੰ ਹੜ੍ਹ ਪ੍ਰਭਾਵਿਤ ਪਰਵਾਰਾਂ ਦੀ ਮਦਦ ਲਈ ਮੁੱਖ ਮੰਤਰੀ ਰਾਹਤ ਫੰਡ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ ਦੀ ਅਪੀਲ ਵੀ ਕੀਤੀ।

## ਪੰਜਾਬ ਰੋਡਵੇਜ਼ ਜਲੰਧਰ ਏਟਕ ਵੱਲੋਂ ਮਨੀਪੁਰ ਘਟਨਾਵਾਂ ਦੇ ਦੋਸ਼ੀਆਂ 'ਤੇ ਸਖਤ ਕਾਰਵਾਈ ਦੀ ਮੰਗ



**ਜਲੰਧਰ (ਰਾਜੇਸ਼ ਥਾਪਾ)**

ਪੰਜਾਬ ਰੋਡਵੇਜ ਜਲੰਧਰ ਏਟਕ ਨੇ ਮਨੀਪੁਰ ਵਿੱਚ ਔਰਤਾਂ ਤੇ ਜਿਨਸੀ ਸ਼ੋਸ਼ਣ ਅਤੇ ਹਿੰਸਾ ਦੇ ਦੋਸ਼ੀਆਂ 'ਤੇ ਸਖਤ ਕਾਰਵਾਈ ਦੀ ਮੰਗ ਕੀਤੀ। ਏਟਕ ਇਸ ਘਿਨੌਣੇ ਅਪਰਾਧ ਅਤੇ ਖਬਰਾਂ ਨੂੰ ਦਬਾਉਣ ਅਤੇ ਇਸ ਮਾਮਲੇ ਵਿੱਚ ਚੁੱਪ ਰਹਿਣ ਲਈ ਮਨੀਪੁਰ ਸਰਕਾਰ ਦੀ ਘੋਰ ਨਿੰਦਾ ਕਰਦਾ ਹੈ। ਚਿੰਤਾ ਅਤੇ ਦੁੱਖ ਦੀ ਗੱਲ ਹੈ ਕਿ ਔਰਤਾਂ 'ਤੇ ਹਮਲੇ ਦੀ ਵੀਡੀਓ ਵਾਇਰਲ ਹੋਣ 'ਤੇ ਹੀ ਪ੍ਰਧਾਨ ਮੰਤਰੀ ਨੇ ਆਪਣੀ ਚੁੱਪੀ ਤੋੜੀ। ਪੰਜਾਬ ਰੋਡਵੇਜ ਜਲੰਧਰ ਏਟਕ ਆਪਣੀਆਂ ਜ਼ਿਲ੍ਹਾ ਇਕਾਈਆਂ ਨੂੰ ਸਮਾਨ ਸੋਚ ਵਾਲੀਆਂ ਸਮਾਜਿਕ ਅਤੇ ਸੱਭਿਆਚਾਰਕ ਜਥੇਬੰਦੀਆਂ ਦੇ ਸਹਿਯੋਗ ਨਾਲ ਸਮੂਹਿਕ ਵਿਰੋਧ ਅਤੇ ਏਕਤਾ ਦੀਆਂ ਕਾਰਵਾਈ ਕਰਨ ਦੀ ਅਪੀਲ ਕਰਦਾ ਹੈ ਤੇ ਮਨੀਪੁਰ ਵਿੱਚ ਸ਼ਾਂਤੀ ਅਤੇ ਹਿੰਸਾ ਦੇ ਖਾਤਮੇ ਲਈ ਆਵਾਜ ਉਠਾਉਣ ਦੀ ਅਪੀਲ ਕਰਦਾ ਹੈ। ਇਸ ਮੌਕੇ 'ਤੇ ਜਗੀਰ ਸਿੰਘ, ਅਵਤਾਰ ਸਿੰਘ ਤਾਰੀ,ਗੁਰਜੀਤ ਸਿੰਘ, ਹਰੀਸ਼ ਕੁਮਾਰ, ਦਵਿੰਦਰਪਾਲ ਸਿੰਘ, ਬਲਵਿੰਦਰ ਸਿੰਘ, ਸੰਤੋਖ ਸਿੰਘ,ਹਰਇੰਦਰ ਚੀਮਾ, ਕਸ਼ਮੀਰ ਚੰਦ, ਸੰਦੀਪ, ਪਰਮਜੀਤ ਸਿੰਘ ਆਦਿ ਹਾਜਰ ਸਨ।

## ਸਰਫੇਸ ਵਾਟਰ ਟਰੀਟਮੈਂਟ ਦੇ ਪਾਈਪ ਵਿਛਾਉਣ ਲਈ ਪੁੱਟੀਆਂ ਸੜਕਾਂ ਕਾਰਨ ਵਾਪਰ ਸਕਦੈ ਵੱਡਾ ਹਾਦਸਾ

**ਅਲਾਵਲਪੁਰ (ਮਦਨ ਬੰਗੜ)**

ਸਰਫੇਸ ਵਾਟਰ ਟ੍ਰੀਟਮੈਂਟ ਪਲਾਂਟ ਦੇ ਪਾਇਪ ਵਿਛਾਉਣ ਦਾ ਕਾਰਜ ਅਲਾਵਲਪੁਰ ਵਿਖੇ ਚੱਲ ਰਿਹਾ ਹੈ ਜੋ ਲਗਭਗ ਆਖਰੀ ਪੜਾਅ ਉੱਪਰ ਹੈ। ਮੇਨ ਸੜਕ ਉੱਪਰ ਚੱਲ ਰਹੇ ਕੰਮ ਕਾਰਨ ਅਲਾਵਲਪੁਰ ਦਾ ਟ੍ਰੈਫਿਕ ਰੂਟ ਸ਼ਹਿਰ ਦੇ ਬਾਹਰੋਂ ਕੱਢਿਆ ਗਿਆ ਹੈ ਜੋ ਇੱਕ ਸਿੰਗਲ ਅਤੇ ਟੁੱਟੀ ਭੱਜੀ ਸੜਕ ਹੈ ਜੋ ਬਾਰਿਸ਼ ਦੇ ਦਿਨਾਂ ਵਿੱਚ ਬੇਹੱਦ ਖਤਰਨਾਕ ਰੂਪ ਧਾਰਨ ਕਰ ਲੈਂਦੀ ਹੈ। ਵੱਖ-ਵੱਖ ਥਾਵਾਂ 'ਤੇ ਟੋਏ ਪਏ ਹੋਏ ਹਨ। ਇਸ ਰੂਟ ਵਿਚਕਾਰ ਗੰਦੇ ਨਾਲੇ ਦੇ ਉੱਪਰ ਇੱਕ ਖਾਨਾਪੂਰਤੀ ਦੇ ਵਜੋਂ ਵਰਤੋਂ ਲਈ ਛੋਟੀ ਜਿਹੀ ਪੁਲੀ ਹੈ ਜੋ ਕਿਸੇ ਵੇਲੇ ਵੀ ਟੁੱਟ ਸਕਦੀ ਹੈ। ਵੱਡੇ ਵਾਹਨ ਉਸ ਉਪਰ ਦੀ ਰੋਜ ਲੰਘਦੇ ਹਨ। ਇਸ ਟ੍ਰੈਫਿਕ ਰੂਟ ਉੱਪਰ ਸਰਫੇਸ ਵਾਟਰ ਟਰੀਟਮੈਂਟ ਦੇ ਪਾਇਪ ਵੀ ਪਾਏ ਹੋਏ ਹਨ ਜਿਥੇ ਰਸਤਾ ਬਿਲਕੁਲ ਕੱਚਾ ਹੈ ਬਾਰਿਸ਼ ਦੇ ਦਿਨਾਂ ਵਿਚ ਇਸ ਵਿਚ ਪਾਣੀ ਭਰ ਜਾਂਦਾ ਹੈ ਜਿੱਥੇ ਭਾਰੀ ਵਾਹਨ ਫਸੇ ਰਹਿੰਦੇ ਹਨ ਜਿਸ ਕਾਰਨ ਸਿੰਗਲ ਰਸਤਾ ਹੋਣ ਕਾਰਨ ਵਾਹਨਾਂ ਦੀ ਆਵਾਜਾਈ ਰੁਕ ਜਾਂਦੀ ਹੈ ਅਤੇ ਟਰੈਫਿਕ ਸਮੱਸਿਆ ਖੜੀ ਹੋ ਜਾਂਦੀ ਹੈ। ਇਸੇ ਤਰ੍ਹਾਂ ਹੀ ਅਲਾਵਲਪੁਰ ਮਾਰਗ ਤੇ ਕਈ ਵਾਹਨ ਫਸਣ ਕਾਰਨ ਲਗਭਗ ਇਕ ਘੰਟਾ ਜਿੱਥੇ ਸਵਾਰੀਆਂ ਨਾਲ ਭਰੀਆਂ ਹੋਈਆਂ ਬੱਸਾਂ ਅਤੇ ਹੋਰ ਦਰਜਨਾਂ ਵਾਹਨ ਲੰਬੀਆਂ ਕਤਾਰਾਂ ਵਿੱਚ ਲੱਗੇ ਰਹੇ। ਦੂਜੇ ਪਾਸੇ



ਪਿੰਡ ਸਿਕੰਦਰਪੁਰ ਨੂੰ ਜਾਂਦੇ ਰਸਤੇ ਉਪਰ ਦੁਪਹਿਰ ਸਮੇ ਸਕੂਲਾਂ ਦੀਆਂ ਬੱਸਾਂ ਜੋ ਬੱਚਿਆਂ ਸਮੇਤ ਚਿਕੜ ਗਾਰੇ 'ਚ ਫਸ ਗਈਆਂ, ਜਿਨ੍ਹਾਂ ਨੂੰ ਟਰੈਕਟਰ ਨਾਲ ਬਾਹਰ ਕੱਢਿਆ ਗਿਆ।

## ਕਲਮ ਛੋੜ ਹੜਤਾਲ ਕਾਰਨ ਦਫਤਰਾਂ 'ਚ ਕੁਰਸੀਆਂ ਖਾਲੀ ਰਹੀਆਂ

**ਰੋਪੜ (ਬਿੰਦਰਾ)**- ਰੋਪੜ ਹਲਕੇ ਦੇ ਵਿਧਾਇਕ ਦਿਨੇਸ਼ ਚੱਢਾ ਵਲੋਂ ਤਹਿਸੀਲ ਕਰਮਚਾਰੀਆਂ ਨੂੰ ਪ੍ਰੇਸ਼ਾਨ ਅਤੇ ਦੁਰਵਿਹਾਰ ਕਰਨ ਵਿਰੁੱਧ ਡੀ ਸੀ ਦਫਤਰ ਕਰਮਚਾਰੀ ਯੂਨੀਅਨ, ਕਾਨੂੰਗੋ ਐਸੋਸੀਏਸ਼ਨ,ਰੈਵਨੀਊ ਪਟਵਾਰ ਯੂਨੀਅਨ, ਤਹਿ ਸੀਲਦਾਰ ਦਫਤਰ ਦੇ ਕਰਮਚਾਰੀਆਂ ਵਲੋਂ ਕੀਤੀ ਕਲਮ ਛੋੜ ਹੜਤਾਲ ਕਾਰਨ ਦਫਤਰਾਂ ਵਿੱਚ ਕੁਰਸੀਆਂ ਖਾਲੀ ਰਹੀਆਂ। ਕਈ ਦਫਤਰਾਂ ਨੂੰ ਤਾਲੇ ਲੱਗੇ ਰਹੇ। ਡਿਪਟੀ ਕਮਿਸ਼ਨਰ ਦਫਤਰ ਦੇ 150, ਪਟਵਾਰ ਯੂਨੀਅਨ ਦੇ 65, ਐਕਸਾਈਜ ਵਿਭਾਗ ਦੇ 40, ਪਬਲਿਕ ਹੈਲਥ ਦੇ 80, ਹੜਤਾਲ ਕਾਰਨ ਰਜਿਸਟ੍ਰੇਸ਼ਨ, ਇੰਤਕਾਲ, ਕੋਰਟ ਕੇਸ,ਆਰ ਸੀ ਬਣਾਉਣ ਐਨ ਓ ਸੀ ਆਦਿ ਕੰਮ ਨਹੀਂ ਹੋ ਰਿਹਾ। ਹੜਤਾਲ ਕਾਰਨ ਲੱਗਭਗ 400 ਰਜਿਸਟਰੀਆਂ ਨਹੀਂ ਹੋਈਆਂ ਜਿਸ ਨਾਲ ਸਰਕਾਰੀ ਖਜਾਨੇ ਨੂੰ 3 ਕਰੋੜ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਤਹਿਸੀਲ ਨੰਗਲ ਵਿੱਚ 50/55, ਸ੍ਰੀ ਅਨੰਦਪੁਰ ਸਾਹਿਬ ਵਿਚ 70/75, ਸ੍ਰੀ ਚਮਕੌਰ ਸਾਹਿਬ ਵਿੱਚ 60/65, ਮੋਰਿੰਡਾ ਵਿੱਚ 50/60, ਰੋਪੜ ਵਿੱਚ 120/130, ਨੂਰਪੁਰ ਬੇਦੀ ਸਬਤਹਿਸੀਲ 20/25 ਰਜਿਸਟਰੀਆਂ ਰੁਕੀਆਂ ਹੋਈਆਂ ਹਨ। ਇਸੇ ਸਮੇਂ ਦੌਰਾਨ ਜਸਵੀਰ ਸਿੰਘ ਪ੍ਰਧਾਨ,ਹਰਪਾਲ ਕੌਰ ਚੇਅਰਮੈਨ,, ਵਿਨੋਦ ਧਵਨ ਜਨਰਲ ਸਕੱਤਰ ਮਲਕੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਰੁਪਿੰਦਰ ਕੌਰ,ਵਾਇਸ ਪ੍ਰਧਾਨ ਕਰਮਵੀਰ ਸਿੰਘ,। ਪਟਵਾਰ ਯੂਨੀਅਨ ਦੇ ਜਗਤਾਰ ਸਿੰਘ, ਸੰਦੀਪ ਸਿੰਘ, ਗੁਰਵਿੰਦਰ ਸਿੰਘ, ਅਤੇ ਦੂਜੇ ਕਰਮਚਾਰੀ ਆਗੂਆਂ ਗੁਰਿੰਦਰ ਕੌਰ, ਜਸਵਿੰਦਰ ਕੌਰ, ਮਮਤਾ, ਰਾਜੀਵ ਕੁਮਾਰ, ਦਿਨੇਸ਼ ਜੈਨ ਨੇ ਕਿਹਾ ਹੈ ਕਿ ਵਿਧਾਇਕ ਦਿਨੇਸ਼ ਚੱਢਾ ਦਫਤਰਾਂ ਵਿਚ ਜਾ ਕੇ ਕੰਮ ਵਿਚ ਵਿਘਨ ਪਾਉਂਦੇ ਹਨ, ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਹਨ, ਜਦ ਤੱਕ ਉਹ ਮਾਫੀ ਨਹੀਂ ਮੰਗਦੇ ਹੜਤਾਲ ਜਾਰੀ ਰਹੇਗੀ। ਇਸੇ ਸਮੇਂ ਭ੍ਰਿਸ਼ਟਾਚਾਰ ਵਿਰੋਧੀ ਸੰਗਠਨ ਵੱਲੋਂ ਵਿਧਾਇਕ ਵਲੋਂ ਦਫਤਰਾਂ ਦੇ ਚੈਕਿੰਗ ਕਰਨ ਦੀ ਹਮਾਇਤ ਕੀਤੀ ਹੈ ਤੇ ਕਿਹਾ ਹੈ ਕਿ ਭ੍ਰਿਸ਼ਟਾਚਾਰੀ ਕਰਮਚਾਰੀ ਘਬਰਾ ਗਏ ਹਨ।

## ਮਨੀਪੁਰ ਸ਼ਰਮਨਾਕ ਤੇ ਵਹਿਸ਼ੀਆਨਾ ਘਟਨਾ ਨੂੰ ਲੈ ਕੇ ਮਸੀਹ ਭਾਈਚਾਰੇ ਵੱਲੋਂ ਰੋਸ ਪ੍ਰਦਰਸ਼ਨ



**ਜਲੰਧਰ (ਸ਼ੈਲੀ ਐਲਬਰਟ)**

ਗੁਡ ਸ਼ੇਫਰਡ ਚਰਚ, ਸੁਰਾਨੁੱਸੀ ਅਤੇ ਕੈਥੋਲਿਕ ਚਰਚ ਜਲੰਧਰ ਦੇ ਲੋਕਾਂ ਨੇ ਮਨੀਪੁਰ ਵਿੱਚ ਸ਼ਰਮਸਾਰ ਵਾਪਰੀ ਘਟਨਾ ਦੇ ਵਿਰੋਧ ਵਿੱਚ ਜਲੰਧਰ ਦੇ ਮਕਸੂਦਾਂ ਚੌਂਕ ਵਿਖੇ ਕੇਂਦਰ ਦੀ ਭਾਜਪਾ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ।ਮਨੀਪੁਰ ਵਿਖੇ ਜੋ ਕੁਝ ਹੁਣ ਤਕ ਹੋਇਆ ਅਤੇ ਹੋ ਰਿਹਾ ਹੈ ਇਸ ਘਟਨਾ ਨੇ ਜਿਥੇ ਇਨਸਾਨੀਅਤ ਨੂੰ ਸ਼ਰਮਸਾਰ ਕੀਤਾ ਹੈ। ਉਥੇ ਭਾਰਤੀ ਜਨਤਾ ਪਾਰਟੀ ਦਾ ਘੱਟ ਗਿਣਤੀ ਇਸਾਈਆਂ ਪ੍ਰਤੀ ਫਿਰਕੂ ਸੋਚ ਦਾ ਅਸਲੀ ਚਿਹਰਾ ਨੰਗਾ ਹੋਇਆ ਹੈ, ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਮੋਦੀ ਨੇ ਮਨੀਪੁਰ ਦੀਆਂ ਘਟਨਾਵਾਂ ਨੂੰ ਸੰਜੀਦਗੀ ਨਾਲ ਨਹੀਂ ਲਿਆ। ਜਿਸ ਦੀ ਵਜਾਹ ਕਰਕੇ ਇਸਾਈ ਔਰਤਾਂ ਨਾਲ ਦਰਿੰਦਗੀ ਦੀਆਂ ਸਾਰੀਆਂ ਹੱਦਾਂ ਨੂੰ ਮਤੋਈ ਲੋਕਾਂ ਨੇ ਪਾਰ ਕਰ ਦਿੱਤਾ। ਔਰਤਾਂ ਨਾਲ ਹੈਵਾਨੀਅਤ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬਿਸ਼ਪ ਡੇਨਜ਼ਲ ਪੀਪਲ (ਚੰਡੀਗੜ੍ਹ ਡਾਇਸਿਸ), ਯੂਨਾਈਟਿਡ ਪੀਪਲਜ਼ ਲੀਗ ਦੇ ਪ੍ਰਧਾਨ ਸਨਾਵਰ ਭੱਟੀ, ਫਾਦਰ ਗਿਰੀਸ਼ ਕਰਤਾਰਪੁਰ ਨੇ ਕਿਹਾ ਕਿ ਕੇਂਦਰ ਅਤੇ ਮਨੀਪੁਰ ਦੀ ਭਾਜਪਾ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਇਸ ਘਟਨਾ ਲਈ ਪ੍ਰਧਾਨ ਮੰਤਰੀ ਮੋਦੀ ਅਤੇ ਮਨੀਪੁਰ ਦੇ ਮੁੱਖ ਮੰਤਰੀ ਐਮ.ਬੀਰੇਨ ਸਿੰਘ ਨੂੰ ਜ਼ਿੰਮੇਵਾਰ ਠਹਿਰਾਇਆ। ਬੀਰੇਨ ਸਿੰਘ ਸਰਕਾਰ ਨੂੰ ਤੁਰੰਤ ਬਰਖਾਸਤ ਕਰਨ ਅਤੇ ਉੱਥੇ ਰਾਸ਼ਟਰਪਤੀ ਸ਼ਾਸਨ ਲਾਗੂ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਔਰਤਾਂ ਪ੍ਰਤੀ ਭਾਜਪਾ ਦੀ ਸੋਚ ਮਾੜੀ ਹੈ, ਬੇਟੀ ਪੜ੍ਹਾਓ ਬੇਟੀ ਬਚਾਓ ਦੀ ਸਰਕਾਰ ਵਿੱਚ ਦੇਸ਼ ਦੀਆਂ ਧੀਆਂ ਨਾਲ ਜੋ ਜ਼ੁਲਮ ਕੀਤਾ ਜਾ ਰਿਹਾ ਹੈ, ਉਨ੍ਹਾਂ ਦੋਸ਼ੀਆਂ ਨੂੰ ਵੀ ਸਜ਼ਾਵਾਂ ਦੇਣ ਦੀ ਮੰਗ ਕੀਤੀ।ਇਸ ਮੌਕੇ ਪਾਸਟਰ ਜੌਨ ਪੀਟਰ, ਪਾਸਟਰ ਰਾਜੇਸ਼ ਮਸੀਹ, ਫਾਦਰ ਐਂਥਨੀ, ਪਾਸਟਰ ਫਿਲਿਪ ਰਾਕੇਸ਼, ਪਾਸਟਰ ਸਵੈਨ ਮਸੀਹ, ਪਾਸਟਰ ਨਿਸ਼ਾਨ ਮਸੀਹ, ਪਾਸਟਰ ਮਲਿਕ ਆਦਿ ਨੇ ਸੰਬੋਧਨ ਕੀਤਾ।

## ਮੋਟਰ ਸਾਈਕਲ ਤੇ ਛੋਟੇ ਹਾਥੀ ਦੀ ਟੱਕਰ 'ਚ ਦੋ ਜ਼ਖਮੀ, ਇੱਕ ਦੀ ਮੌਤ

**ਅਲਾਵਲਪੁਰ, (ਮਦਨ ਬੰਗੜ)**



ਰਾਸ਼ਟਰੀ ਰਾਜਮਾਰਗ 'ਤੇ ਸਥਿਤ ਅੱਡਾ ਬਿਆਸ ਪਿੰਡ 'ਚ ਮੋਟਰਸਾਈਕਲ ਅਤੇ ਦੋ ਛੋਟੇ ਹਾਥੀ ਵਾਹਨਾਂ ਵਿਚਕਾਰ ਹੋਈ ਟੱਕਰ ਦੌਰਾਨ ਦੋ ਵਿਅਕਤੀ ਜਖਮੀ ਅਤੇ ਇੱਕ ਔਰਤ ਦੀ ਮੌਤ ਹੋ ਗਈ। ਅਲਾਵਲਪੁਰ ਪੁਲਸ ਚੌਂਕੀ ਦੇ ਏ ਐਸ ਆਈ ਜੰਗ ਬਹਾਦਰ ਸਿੰਘ ਨੇ ਦੱਸਿਆ ਕਿ ਮੋਟਰਸਾਈਕਲ ਚਾਲਕ ਲੇਖ ਰਾਜ ਵਾਸੀ ਪਿੰਡ ਕਿੰਗਰਾ ਚੋਅ ਵਾਲਾ ਨੇੜੇ ਭੋਗਪੁਰ ਆਪਣੀ ਪਤਨੀ ਨਾਲ ਜਲੰਧਰ ਵੱਲੋਂ ਆ ਰਿਹਾ ਸੀ ਜਦੋਂ ਉਹ ਅੱਡਾ ਬਿਆਸ ਪਿੰਡ ਪੁੱਜਾ ਤਾਂ ਉਸ ਨੇ ਮੋਟਰਸਾਈਕਲ ਕਰਾੜੀ ਵੱਲ ਨੂੰ ਜਾਣ ਲਈ ਮੋੜ ਲਿਆ। ਉਧਰੋ ਆ ਰਹੇ ਤੇਜ ਰਫਤਾਰ ਛੋਟੇ ਹਾਥੀ ਵੱਲੋਂ ਉਸ ਨੂੰ ਟੱਕਰ ਮਾਰ ਦਿੱਤੀ ਅਤੇ ਛੋਟਾ ਹਾਥੀ ਅੱਗੇ ਇਕ ਹੋਰ ਭੋਗਪੁਰ ਵਲੋਂ ਆ ਰਹੇ ਛੋਟੇ ਹਾਥੀ ਨਾਲ ਜਾ ਟਕਰਾਇਆ। ਇਸ ਦੌਰਾਨ ਮੋਟਰਸਾਈਕਲ ਤੇ ਸਵਾਰ ਲੇਖ ਰਾਜ ਅਤੇ ਉਸ ਦੀ ਪਤਨੀ ਗੰਭੀਰ ਰੂਪ ਵਿਚ ਜਖਮੀ ਹੋ ਗਏ। ਸਥਾਨਕ ਲੋਕਾਂ ਵੱਲੋਂ ਕਾਲਾ ਬੱਕਰਾ ਦੇ ਹਾਸਪਤਾਲ ਵਿੱਚ ਦਾਖਲ ਕਰਵਾਇਆ ਜਿੱਥੇ ਸੰਤੋਸ਼ ਕੁਮਾਰੀ ਨੂੰ ਡਾਕਟਰਾਂ ਵੱਲੋਂ ਮ੍ਰਿਤਕ ਕਰਾਰ ਦਿੱਤਾ ਗਿਆ। ਭੋਗਪੁਰ ਵਲੋਂ ਆਉਣ ਵਾਲਾ ਛੋਟਾ ਹਾਥੀ ਦਾ ਚਾਲਕ ਵੀ ਜਖਮੀ ਹੋਇਆ ਜੋ ਜਲੰਧਰ ਦੇ ਹਸਪਤਾਲ ਵਿੱਚ ਦਾਖਲ ਹੈ। ਮੋਟਰ ਸਾਈਕਲ ਸਵਾਰ ਨੂੰ ਟੱਕਰ ਮਾਰਨ ਵਾਲਾ ਛੋਟਾ ਹਾਥੀ ਦਾ ਚਾਲਕ ਮੌਕੇ ਤੋਂ ਫਰਾਰ ਦੱਸਿਆ ਜਾ ਰਿਹਾ ਹੈ। ਪੁਲਸ ਵਲੋਂ ਉਸਦੇ ਵਾਹਨ ਨੂੰ ਕਬਜੇ ਵਿਚ ਲੈ ਲਿਆ ਗਿਆ ਹੈ। ਮ੍ਰਿਤਕਾ ਦੇ ਪਤੀ ਲੇਖ ਰਾਜ ਦੇ ਬਿਆਨਾਂ 'ਤੇ ਪੁਲਸ ਵੱਲੋਂ ਮਾਮਲਾ ਦਰਜ ਕੀਤਾ ਗਿਆ ਹੈ।

## ਅਟਵਾਲ ਦੇ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਸ਼ਾਹਕੋਟ (ਗਿਆਨ ਸੈਦਪੁਰੀ)** ਪੰਜਾਬ ਮੰਡੀ ਬੋਰਡ ਦੇ ਸਾਬਕਾ ਚੇਅਰਮੈਨ ਗੁਰਬਿੰਦਰ ਸਿੰਘ ਅਟਵਾਲ ਦੇ ਸਦੀਵੀ ਵਿਛੋੜੇ 'ਤੇ ਮਾਰਕੀਟ ਕਮੇਟੀ ਸ਼ਾਹਕੋਟ ਦੇ ਸਾਬਕਾ ਚੇਅਰਮੈਨ ਸੁਰਿੰਦਰਜੀਤ ਸਿੰਘ ਚੱਠਾ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਲੰਬਾ ਸਮਾਂ ਕਾਂਗਰਸ ਪਾਰਟੀ ਦੀ ਸੇਵਾ ਕੀਤੀ। ਉਨ੍ਹਾਂ ਦੇ ਤੁਰ ਜਾਣ ਨਾਲ ਪਾਰਟੀ ਨੂੰ ਵੱਡਾ ਘਾਟਾ ਪਿਆ ਹੈ। ਇਸੇ ਤਰ੍ਹਾਂ ਸੋਸ਼ਲ ਇੰਪਾਵਰਮੈਂਟ ਐਂਡ ਵੈਲਫੇਅਰ ਅਲਾਇੰਸ ਦੇ ਚੇਅਰਮੈਨ ਦਵਿੰਦਰ ਸਿੰਘ ਆਹਲੂਵਾਲੀਆ ਨੇ ਅਟਵਾਲ ਦੇ ਪਰਵਾਰ ਨਾਲ ਆਪਣੀਆਂ ਸੰਵੇਦਨਾਵਾਂ ਸਾਂਝੀਆਂ ਕਰਦਿਆਂ ਕਿਹਾ ਕਿ ਸਿਆਸਤ ਵਿੱਚ ਉਹ ਧੜੱਲੇਦਾਰ ਆਗੂ ਵਜੋਂ ਜਾਣ ਜਾਂਦੇ ਸਨ। ਸਮਾਜਕ ਤੇ ਪਰਵਾਰਕ ਤੌਰ 'ਤੇ ਉਹ ਬੇਹੱਦ ਮਿਲਣਸਾਰ ਤੇ ਮਦਦਗਾਰ ਵਿਅਕਤੀ ਸਨ।

## ਖਨੌੜਾ ਵਿਖੇ ਪੀਰ ਬਾਬਾ ਲਾਂਬੇ ਸ਼ਾਹ ਦੀ ਯਾਦ 'ਚ ਸਾਲਾਨਾ ਤਿੰਨ ਰੋਜ਼ਾ ਜੋੜ ਮੇਲਾ ਕਰਵਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਦੋਆਬੇ ਇਲਾਕੇ ਦਾ ਪ੍ਰਸਿੱਧ ਮੇਲਾ ਪਿੰਡ ਖੰਨੌੜਾ ਵਿਖੇ ਦਰਬਾਰ ਪੀਰ ਬਾਬਾ ਲਾਂਬੇ ਸ਼ਾਹ ਜੀ ਈਦਗਾਹ ਦੇ ਅਸਥਾਨ 'ਤੇ ਸਾਲਾਨਾ ਤਿੰਨ ਰੋਜ਼ਾ ਜੋੜ ਮੇਲਾ ਕਰਵਾਇਆ ਗਿਆ। ਡੇਰੇ ਦੇ ਮੁੱਖ ਸੇਵਾਦਾਰ ਜਸਵੰਤ ਸਿੰਘ ਜੱਸਾ ਖੰਨੌੜਾ ਨੇ ਦੱਸਿਆ ਕਿ ਰਸਮੇ ਏ ਮਹਿੰਦੀ ਸੰਗਤਾਂ ਵੱਲੋਂ ਅਦਾ ਕੀਤੀ ਗਈ। ਚਿਰਾਗ, ਚਾਦਰ ਅਤੇ ਝੰਡੇ ਦੀ ਰਸਮ ਅਦਾ ਕੀਤੀ ਗਈ। ਪੰਜਾਬ ਦੇ ਨਾਮਵਰ ਕਲਾਕਾਰਾਂ ਪੰਮਾ ਡੂੰਮੇਵਾਲੀਆ ਇੰਟਰਨੈਸਨਲ ਕਲਾਕਾਰ, ਕੁਲਦੀਪ ਰੂਹਾਨੀ ਕਵਾਲ ਭੁੱਲਾਰਾਈ, ਸਾਈਂ ਮੰਗੇ ਸ਼ਾਹ ਪੰਡੋਰੀ ਮੁਸਾਰਕਤੀ, ਬਾਬਾ ਬੂਟੀ ਸ਼ਾਹ ਖੰਨੌੜਾ,ਸਾਈਂ ਬਿੱਟਾ ਖੰਨੌੜਾ, ਬੀਬੀ ਜਸਵੀਰ ਕੌਰ ਜਗਪਾਲ ਪੁਰ, ਸਾਈਂ ਮੋਹਣ ਲਾਲ, ਸਾਈਂ ਪੰਮੀ, ਬਾਬਾ ਗੋਨੀ ਸਾਹ ਫੁਗਲਾਣਾ, ਬਾਬਾ ਮੁਲਖ ਰਾਜ ਕੰਦੋਲਾ, ਬਾਬਾ ਦੀਸ਼ੇ ਸ਼ਾਹ ਮੋਨਾ ਕਲਾਂ, ਬਾਬਾ ਜੋਗਿੰਦਰ ਸਿੰਘ ਮੋਨਾ ਕਲਾਂ, ਬਾਬਾ ਰੰਗੀ ਰਾਮ ਮੋਨਾ ਕਲਾਂ, ਬਾਬਾ ਰਵਿੰਦਰ ਸਿੰਘ ਹੈਪੀ ਪਧਿਆਣਾ, ਬਾਬਾ ਅਮਰਜੀਤ ਸਿੰਘ ਪਧਿਆਣਾ, ਰਮਿੰਦਰ ਸਿੰਘ ਬੱਬੂ ਮੇਹਟੀਆਣਾ, ਸੋਢੀ ਮੇਹਟੀਆਣਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ। ਉਮਜੀਤ ਜਲੰਧਰ, ਕੇ ਐਸ ਸੰਧੂ ਚੱਬੇਵਾਲ, ਗੁਰਸ਼ਾਨ ਉਂਕਾਰ ਐਂਡ ਪਾਰਟੀ ਬੰਗਾ ਆਦਿ ਪੀਰਾਂ ਦੀ ਮਹਿਫਲ ਸਜਾਈ ਗਈ। ਬਾਬਾ ਪ੍ਰਗਟ ਸ਼ਾਹ, ਬਾਬਾ ਸੋਨੂੰ ਖੰਨੌੜਾ, ਬਾਬਾ ਸ਼ਿੰਦੀ ਸ਼ਾਹ ਕੰਦੋਲਾ, ਸਾਈਂ ਕਮਲਜੀਤ ਕੁਮਾਰੀ ਮੇਹਟੀਆਣਾ, ਡਾਕਟਰ ਮਹਿੰਦਰ ਪਾਲ ਮੇਹਟੀਆਣਾ,

## ਔਰਤਾਂ ਨੂੰ ਨਗਨ ਅਵਸਥਾ 'ਚ ਘੁਮਾਉਣਾ ਦੇਸ਼ ਨੂੰ ਕਲੰਕਿਤ ਕਰਾਉਣ ਵਾਲੀ ਗੱਲ : ਨਿਰਮਲ ਰਾਣੀ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਮਨੀਪੁਰ ਵਿਚ ਔਰਤਾਂ ਨੂੰ ਨਗਨ ਅਵਸਥਾ 'ਚ ਘੁਮਾਉਣਾ ਦੇਸ਼ ਨੂੰ ਕਲੰਕਿਤ ਕਰਾਉਣ ਵਾਲੀ ਗੱਲ ਹੈ। ਆਂਗਣਵਾੜੀ ਮੁਲਾਜਮ ਯੂਨੀਅਨ ਸੀਟੂ ਜ਼ਿਲ੍ਹਾ ਜਲੰਧਰ ਦੀ ਬਲਾਕ ਪ੍ਰਧਾਨ ਨਿਰਮਲ ਰਾਣੀ , ਜਨਰਲ ਸਕੱਤਰ ਅਮਰਜੀਤ ਕੌਰ ਨੇ ਰੂਹ ਕੰਬਾਉਣ ਵਾਲੀ ਘਟਨਾ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਇਸ ਮੰਦਭਾਗੀ ਘਟਨਾ ਦੀ ਦੋਸ਼ੀ ਮੋਦੀ ਸਰਕਾਰ ਹੈ। ਜਿਸ ਦੇਸ਼ ਵਿਚ ਔਰਤਾਂ ਸੁਰੱਖਿਅਤ ਨਹੀਂ ਹਨ ਉਸ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਤੁਰੰਤ ਅਸਤੀਫਾ ਦੇ ਦੇਣਾ ਚਾਹੀਦਾ ਹੈ। ਨਾਰੀ ਸਸ਼ਕਤੀਕਰਨ ਦੀਆ ਫੋਕੀਆਂ ਗੱਲਾਂ ਕਰਨ ਵਾਲੀ ਸਰਕਾਰ ਇਕ ਪਾਸੇ ਬੇਟੀ ਬਚਾਓ ਬੇਟੀ ਪੜ੍ਹਾਓ ਦੀਆਂ ਗੱਲਾਂ ਕਰਦੀ, ਕੰਜਕ ਪੂਜਾ ਕੀਤੀ ਜਾਂਦੀ ਹੈ ਤੇ ਦੂਜੇ ਪਾਸੇ ਉਸੇ ਨੂੰ ਨਗਨ ਅਵਸਥਾ ਵਿੱਚ ਘੁਮਾ ਕੇ ਉਸਦਾ ਬਲਾਤਕਾਰ ਕੀਤਾ ਜਾਂਦਾ ਹੈ। ਔਰਤ ਜਨਮ ਦਾਤੀ ਹੈ ਤੇ ਸਾਨੂੰ ਸਭ ਔਰਤਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਪਰ ਸਾਡੀਆਂ ਸਰਕਾਰਾਂ ਔਰਤਾਂ ਨੂੰ ਬਣਦਾ ਮਾਣ ਸਤਿਕਾਰ ਦੇਣ ਦੀ ਬਜਾਏ ਉਸ ਦੀ ਸੁਰੱਖਿਆ ਨੂੰ ਵੀ ਯਕੀਨੀ ਬਣਾਉਣ 'ਚ ਅਸਮਰਥ ਹਨ। ਬਲਾਕ ਕੈਸ਼ੀਅਰ ਰਜਿੰਦਰ ਕੌਰ ਨੇ ਵੀ ਕਿਹਾ ਕਿ ਮੋਦੀ ਸਰਕਾਰ ਚਾਹੁੰਦੀ ਤਾਂ ਇਸ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਨੂੰ ਉਸੇ ਸਮੇਂ ਸਲਾਖਾਂ ਪਿੱਛੇ ਸੁੱਟਦੀ। ਆਂਗਨਵਾੜੀ




ਮੁਲਾਜਮ ਯੂਨੀਅਨ ਸੀਟੂ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਦੋਸ਼ੀਆਂ ਨੂੰ ਸਜਾਵਾਂ ਨਾ ਦਿੱਤੀਆਂ ਗਈਆਂ ਤਾਂ ਪੂਰੇ ਦੇਸ਼ ਦੀਆਂ ਔਰਤਾਂ ਨੂੰ ਲਾਮਬੰਦ ਕਰਕੇ ਆਉਣ ਵਾਲੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਸਰਕਾਰ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ । ਰੋਸ ਪ੍ਰਦਰਸ਼ਨ ਨੂੰ ਸੁਰਜੀਤ,ਗੀਤਾ, ਊਸ਼ਾ,ਕੁਲਵਿੰਦਰ,ਰਾਮ ਲੁਭਾਈ, ਰਾਜਵਿੰਦਰ, ਰੇਸ਼ਮਾ,ਦੀਪੋ ਨੇ ਸੰਬੋਧਨ ਕੀਤਾ।

## ਔਰਤ ਕੋਲੋਂ ਬੈਗ ਖੋਹ ਕੇ ਫਰਾਰ

**ਫਿਲੌਰ (ਨਿਰਮਲ)**- ਇੱਕ ਔਰਤ ਫਿਲੌਰ ਦੀ ਬੈਂਕ 'ਚੋਂ ਪੈਸੇ ਕੱਢਵਾ ਕੇ ਆਪਣੇ ਕਿਸੇ ਰਿਸ਼ਤੇਦਾਰੀ ਵਿੱਚ ਪਿੰਡ ਨੰਗਲ (ਫਿਲੌਰ) ਵੱਲ ਪੈਦਲ ਜਾ ਰਹੀ ਸੀ ਤਾਂ ਪਿੱਛੋਂ ਇੱਕ ਬੁਲੇਟ ਮੋਟਰਸਾਈਕਲ ਸਵਾਰ ਲੁਟੇਰੇ ਨੇ ਉਸ ਔਰਤ ਦੇ ਹੱਥ ਵਿੱਚ ਫੜਿਆ ਬੈਗ ਖੋਹ ਲਿਆ ਤੇ ਭੱਜ ਗਿਆ। ਲੋਕਾਂ ਨੇ ਪਿੱਛਾ ਵੀ ਕੀਤਾ ਪਰ ਉਹ ਹੱਥ ਨਾ ਆਇਆ। ਪੀੜਤ ਔਰਤ ਨੇ ਦੱਸਿਆ ਕੀ ਬੈਗ ਵਿੱਚ 3700 ਰੁਪਏ ਸਨ। ਉਹ ਪਿੰਡ ਬੇਗਮਪੁਰ ਫਿਲੌਰ ਦੀ ਰਹਿਣ ਵਾਲੀ ਹੈ। ਥਾਣਾ ਫਿਲੌਰ ਵਿਖੇ ਔਰਤ ਵੱਲੋਂ ਦਰਖਾਸਤ ਦਿੱਤੀ ਗਈ ਹੈ।

## 120 ਗ੍ਰਾਮ ਹੈਰੋਇਨ ਸਮੇਤ ਕਾਬੂ

**ਗੁਰਾਇਆ,(ਬਿੰਦਰ ਸੁਮਨ)**- ਗੁਰਾਇਆ ਪੁਲਸ ਨੇ ਇੱਕ ਵਿਅਕਤੀ ਨੂੰ 120 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਜਗਦੀਸ਼ ਰਾਜ ਡੀ.ਐਸ.ਪੀ.ਫਿਲੌਰ ਨੇ ਦੱਸਿਆ ਕਿ ਥਾਣਾ ਮੁਖੀ ਇੰਸਪੈਕਟਰ ਸੁਰਿੰਦਰ ਕੁਮਾਰ ਦੀ ਅਗਵਾਈ ਹੇਠ ਚੌਂਕੀ ਦੁਸਾਂਝ ਕਲਾਂ ਦੇ ਇੰਚਾਰਜ ਸਬ ਇੰਸਪੈਕਟਰ ਗੁਰਸ਼ਰਨ ਸਿੰਘ ਨੇ ਪੁਲਸ ਪਾਰਟੀ ਸਮੇਤ ਪਿੰਡ ਦੁਸਾਂਝ ਕਲਾਂ ਤੋਂ ਵਿਸ਼ਾਲ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਮੂਲੇ ਚੱਕ ਜ਼ਿਲ੍ਹਾ ਅੰਮ੍ਰਿਤਸਰ ਨੂੰ 120 ਗ੍ਰਾਮ ਹੈਰੋਇਨ ਸਮੇਤ ਕਾਬੂ ਕਰ ਲਿਆ ਹੈ। ਉਸ ਖ਼ਿਲਾਫ਼ ਮੁਕੱਦਮਾ ਨੰਬਰ 95, ਜੁਰਮ 21(ਬੀ )61-85 ਐਨ.ਡੀ.ਪੀ.ਐਸ. ਐਕਟ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਵਿਜੀਲੈਂਸ ਨੇ ਸਿਵਲ ਹਸਪਤਾਲ 'ਚ ਮਾਰਿਆ ਛਾਪਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸਿਵਲ ਹਸਪਤਾਲ ਹੁਸ਼ਿਆਰਪੁਰ ਵਿਚ ਵਿਜੀਲੈਂਸ ਵਿਭਾਗ ਵੱਲੋਂ ਅਚਾਨਕ ਛਾਪਾ ਮਾਰੇ ਜਾਣ ਕਾਰਨ ਡਾਕਟਰਾਂ ਵਿੱਚ ਹੜਕੰਪ ਪੈਦਾ ਹੋ ਗਿਆ। ਮਿਲੀ ਜਾਣਕਾਰੀ ਅਨੁਸਾਰ ਡੀਐਸਪੀ ਮੁਨੀਸ਼ ਸ਼ਰਮਾ ਦੀ ਅਗਵਾਈ ਹੇਠ ਵਿਜੀਲੈਂਸ ਅਧਿਕਾਰੀ ਇੰਚਾਰਜ ਐਸਐਮਓ ਡਾ ਸਵਿਤਾ ਸ਼ੀਹਮਾਰ ਦੇ ਕਮਰੇ ਵਿੱਚ ਚਲੇ ਗਏ ਅਤੇ ਕਰੀਬ ਇੱਕ ਘੰਟੇ ਦਾ ਸਮਾਂ ਕਮਰੇ ਵਿੱਚ ਬਿਤਾਇਆ। ਡੀਐਸਪੀ ਨੇ ਦੱਸਿਆ ਕਿ ਇਹ ਮੁੱਖ ਮੰਤਰੀ ਦੀਆਂ ਹਦਾਇਤਾਂ 'ਤੇ ਵਿਜੀਲੇਂਸ ਵਿਭਾਗ ਦੀ ਰੂਟੀਨ ਚੈਕਿੰਗ ਸੀ। ਇਸ ਛਾਪੇ ਨਾਲ ਸਿਵਲ ਹਸਪਤਾਲ ਵਿੱਚ ਬੀਤੇ ਸਮੇਂ ਤੋਂ ਹੋਏ ਘਪਲਿਆਂ ਅਤੇ ਕੋਤਾਹੀਆਂ ਦੀਆਂ ਚਰਚਾਵਾਂ ਦਾ ਬਾਜ਼ਾਰ ਗਰਮ ਹੋ ਗਿਆ ਹੈ।

## ਡਾ. ਜਤਿੰਦਰਪਾਲ ਸਿੰਘ ਨਨੂੰਆ ਭਾਜਪਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਨਿਯੁਕਤ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)** -ਡਾ.ਜਤਿੰਦਰਪਾਲ ਸਿੰਘ ਨਨੂੰਆ ਨੂੰ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਵੱਲੋਂ ਭਾਜਪਾ ਦਾ ਜ਼ਿਲ੍ਹਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਨੇ ਨਵੇਂ ਜੁੜੇ ਸਾਥੀਆਂ ਨੂੰ ਪਾਰਟੀ ਅਨੁਸ਼ਾਸਨ ਬਾਬਤ ਜਾਣੂ ਕਰਵਾਇਆ ਤੇ ਪਾਰਟੀ ਨਿਯਮਾਂ ਅਨੁਸਾਰ ਗਤੀਵਿਧੀਆਂ ਅਮਲ ਵਿਚ ਲਿਆਉਣ ਦੀ ਤਾਕੀਦ ਕੀਤੀ। ਇਸ ਮੌਕੇ ਡਾ. ਜਤਿੰਦਰਪਾਲ ਸਿੰਘ ਨਨੂੰਆਂ ਨੇ ਵੱਡੀ ਜ਼ਿੰਮੇਵਾਰੀ ਦੇਣ ਲਈ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਪਾਰਟੀ ਲਈ ਆਪਣੇ ਸਾਥੀਆਂ ਸਮੇਤ ਦਿਨ ਦੂਣੀ ਤੇ ਰਾਤ ਚੌਗੁਣੀ ਮਿਹਨਤ ਕਰਨਗੇ ਤੇ ਪਾਰਟੀ ਦਾ ਕਾਡਰ ਹੋਰ ਮਜ਼ਬੂਤ ਕਰਨਗੇ। ਉਨ੍ਹਾਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਦੀਆਂ ਜਨ ਕਲਿਆਣਕਾਰੀ ਨੀਤੀਆਂ ਨੂੰ ਵੀ ਘਰ-ਘਰ ਪਹੁੰਚਾਉਣਗੇ ਅਤੇ ਕੇਂਦਰ ਸਰਕਾਰ ਦੀਆਂ ਸਕੀਮਾਂ ਤੋਂ ਵਾਂਝੇ ਲੋਕਾਂ ਨੂੰ ਇਨ੍ਹਾਂ ਦਾ ਲਾਭ ਦੁਆਉਣ ਲਈ ਜਾਗਰੂਕ ਕਰਨਗੇ।



## ਬੇਗਮਪੁਰਾ ਟਾਈਗਰ ਫੋਰਸ ਨੇ ਭੱਦੀ ਸ਼ਬਦਾਵਲੀ ਬੋਲਣ ਵਾਲੇ ਖਿਲਾਫ ਦਿੱਤੀ ਦਰਖਾਸਤ

**ਹੁਸਿਆਰਪੁਰ, (ਬਲਵੀਰ ਸਿੰਘ ਸੈਣੀ)**

ਬੇਗਮਪੁਰਾ ਟਾਈਗਰ ਫੋਰਸ ਦਾ ਇਕ ਵਫਦ ਫੋਰਸ ਦੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਅਗਵਾਈ ਵਿੱਚ ਐਸ ਐਸ ਪੀ ਹੁਸ਼ਿਆਰਪੁਰ ਦੀ ਗੈਰ-ਮੌਜੂਦਗੀ ਵਿੱਚ ਐਸ ਪੀ ਹੈਡਕੁਆਰਟਰ ਮੈਡਮ ਮਨਦੀਪ ਕੌਰ ਮਿਲਿਆ ਅਤੇ ਇਸਟਾਗ੍ਰਾਮ ਤੇ ਐਸ ਸੀ ਸਮਾਜ ਦੀ ਇੱਕ ਲੜਕੀ ਅਤੇ ਸਮਾਜ ਦੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਬਾਰੇ ਭੱਦੀ ਸ਼ਬਦਾਵਲੀ ਬੋਲਣ ਵਾਲੇ ਦੇ ਖਿਲਾਫ ਐਫ ਆਈ ਆਰ ਕਰਨ ਲਈ ਇੱਕ ਦਰਖਾਸਤ ਦਿੱਤੀ ਗਈ । ਜਿਸ ਵਿੱਚ ਉਨ੍ਹਾਂ ਨੇ ਐਸ ਸੀ ਸਮਾਜ ਦੇ ਵਿਰੁੱਧ ਮਾੜੀ ਸ਼ਬਦਾਵਲੀ ਵਰਤਣ ਵਾਲੇ ਵਿਅਤਕੀ ਵਿਰੁੱਧ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ। ਇਸ ਸਬੰਧੀ ਕੌਮੀ ਆਗੂਆਂ ਨੇ ਦੱਸਿਆ ਕਿ ਐਸ ਸੀ ਸਮਾਜ ਦੀ ਲੜਕੀ ਮਨਜੀਤ ਕੌਰ ਪੁੱਤਰੀ ਨਰਿੰਦਰ ਕੌਰ ਵਾਸੀ ਪਿੰਡ ਉਦਨਵਾਲ ਤਹਿਸੀਲ ਬਲਾਚੌਰ ਜ਼ਿਲ੍ਹਾ ਭਗਤ ਸ਼ਹੀਦ ਸਿੰਘ ਨਗਰ, ਜਿਸ ਦੀ ਇੰਸਟਾ ਆਈ ਡੀ ਗੁਰਮਨ-834 ਜਿਸ 'ਤੇ ਲਗਭਗ 22 ਹਜਾਰ ਤੋਂ ਜਿਆਦਾ ਫੋਲੋਵਰ ਹਨ। ਇਸ 'ਤੇ ਸਿਰਫ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਨਾਲ ਸਬੰਧਿਤ ਹੀ ਪੋਸਟਾਂ ਪਾਈਆਂ ਜਾਂਦੀਆਂ ਹਨ ਅਤੇ ਪਈਆਂ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਕੁਝ ਦਿਨਾ ਤੋਂ ਇੰਨਸਟਾ ਆਈ ਡੀ ਭਿੰਦਾ ਨਿੱਝਰ ਅਤੇ ਭਿੰਦਾ 7071 ਤੋਂ ਉਕਤ ਮਨਜੀਤ ਕੌਰ ਦੀ ਇਨਸਟਾ ਆਈ ਡੀ 'ਤੇ ਜਾਤੀ ਸੂਚਕ ਸ਼ਬਦ ਪੂਰੇ ਸਮਾਜ ਦੇ ਪ੍ਰਤੀ ਅਤੇ ਸ਼ਹੀਦ ਸੰਤ ਰਾਮਾ ਨੰਦ ਜੀ ਨੂੰ ਮਾਰਨ



ਵਿੱਚ ਆਪਣਾ ਅਤੇ ਆਪਣੀ ਮਾਸੀ ਦੇ ਲੜਕੇ ਦਾ ਹੱਥ ਦੱਸਦਾ ਹੈ ਅਤੇ ਨਾਲ ਹੀ ਗਾਲੀ-ਗਲੋਚ ਵੀ ਕਰਦਾ ਹੈ। ਜੋ ਨੰਬਰ ਇਸ ਨੇ ਇੰਨਸਟਾ ਚੈਟ ਵਿੱਚ ਮਨਜੀਤ ਕੌਰ ਨੂੰ ਦਿੱਤਾ ਹੈ, ਉਸ ਉਪਰ ਬੇਗਮਪੁਰਾ ਟਾਇਗਰ ਫੋਰਸ ਦੇ ਹਲਕਾ ਚੱਬੇਵਾਲ ਤੋ ਸਕੱਤਰ ਰਾਕੇਸ਼ ਕੁਮਾਰ ਪਿੰਡ ਜੱਲੋਵਾਲ ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ ਵਲੋਂ ਜਦੋਂ ਸੰਪਰਕ ਕੀਤਾ ਗਿਆ ਤਾਂ ਉਸਨੇ ਜਾਤੀ ਸੂਚਕ ਸ਼ਬਦ ਬੋਲੇ ਅਤੇ ਸਮੁੱਚੇ ਐਸ ਸੀ ਸਮਾਜ ਬਾਰੇ ਭੱਦੀ ਸ਼ਬਦਾਵਲੀ ਬੋਲੀ ਅਤੇ ਗਾਲੀ-ਗਲੋਚ ਕੀਤਾ। ਉਨ੍ਹਾਂ ਮੰਗ ਕੀਤੀ ਕਿ ਉਕਤ ਵਿਅਕਤੀ ਵਿਰੁੱਧ ਕਾਨੂੰਨੀ ਕਾਰਵਾਈ ਕਰਕੇ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ। ਇਸ ਮੌਕੇ ਮੀਡੀਆ ਇੰਚਾਰਜ ਚੰਦਰ ਪਾਲ ਹੈਪੀ, ਮਨਪ੍ਰੀਤ ਕੋਹਲੀ, ਅਜੈ ਕੁਮਾਰ, ਵਿੱਕੀ ਸਿੰਘ ਪੁਰਹੀਰਾ, ਗੁਰਪ੍ਰੀਤ ਕੁਮਾਰ, ਸਨੀ ਸੀਣਾ, ਭਿੰਦਾ ਸੀਣਾ, ਅਮਨਦੀਪ, ਦੋਆਬਾ ਇੰਚਾਰਜ ਜੱਸਾ ਸਿੰਘ ਨੰਦਨ, ਸਤੀਸ਼ ਕੁਮਾਰ ਸ਼ੇਰਗੜ, ਚਰਨਜੀਤ ਸਿੰਘ, ਰਾਮ ਜੀ, ਬਲਵਿੰਦਰ ਸ਼ੇਰਗੜੀਆ, ਗਗਨਦੀਪ ਸ਼ੇਰਗੜੀਆ, ਅਮਰੀਕ ਸ਼ੇਰਗੜੀਆ, ਭੁਪਿੰਦਰ ਮਾਨਾ, ਅਵਤਾਰ ਤਾਰੀ ਮਾਨਾ, ਵਿਜੈ ਕੁਮਾਰ ਸ਼ੀਹਮਾਰ, ਪੰਮਾ ਡਾਡਾ, ਜਸਵੀਰ ਸ਼ੇਰਗੜੀਆ, ਅਮਰੀਕ ਸਿੰਘ ਸ਼ੇਰਗੜੀਆ, ਗੋਗਾ ਮਾਂਝੀ, ਰਾਜ ਕੁਮਾਰ ਬੱਧਣ, ਅਸ਼ੋਕ ਕੁਮਾਰ, ਡਿੰਪੀ, ਅਵਿਨਾਸ਼ ਸਿੰਘ, ਅਮਨਦੀਪ ਸਿੰਘ, ਚਰਨਜੀਤ ਸਿੰਘ, ਇੰਦਰਪਾਲ ਸਿੰਘ, ਵਿਸ਼ਾਲ ਬਸੀ ਬਾਹੀਆ, ਬਿੱਟੂ ਵਿਰਦੀ ਪੰਚ ਸ਼ੇਰਗੜ, ਕਮਲਜੀਤ ਸਿੰਘ, ਗਿਆਨ ਚੰਦ, ਮੁਸਾਫਰ ਸਿੰਘ, ਸ਼ੇਰਾ ਸਿੰਘ, ਮਨੀਸ਼ ਕੁਮਾਰ, ਦਵਿੰਦਰ ਕੁਮਾਰ , ਚਰਨਜੀਤ ਡਾਡਾ, ਨਰੇਸ਼ ਕੁਮਾਰ ਸਹਿਰੀ ਪ੍ਰਧਾਨ, ਬਾਲੀ, ਗੁਰਪ੍ਰੀਤ ਗੋਪਾ, ਨਿੰਕਾ ਬਸੀ ਕਿੱਕਰਾ, ਰਵੀ, ਦੀਪੂ ਨਲੋਈਆ, ਭੁਪਿੰਦਰ ਕੁਮਾਰ ਬੱਧਣ, ਅਵਤਾਰ ਡਿੰਪੀ, ਚਰਨਜੀਤ ਡਾਡਾ, ਕਮਲਜੀਤ ਡਾਡਾ ਸਮੇਤ ਫੋਰਸ ਦੇ ਹੋਰ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।

## ਖੇਡ ਪ੍ਰਮੋਟਰ ਵੱਲੋਂ ਵੇਟ ਲਿਫਟਿੰਗ ਸੈਂਟਰ ਲਈ ਵਿੱਤੀ ਮਦਦ ਭੇਟ




**ਅੱਡਾ ਸਰਾਂ, (ਕਾਜਲ)**

ਸਰਕਾਰੀ ਹਾਈ ਸਕੂਲ ਪਿੰਡ ਦੇਹਰੀਵਾਲ ਵਿਚ ਚਲਾਏ ਜਾ ਰਹੇ ਵੇਟਲਿਫਟਿੰਗ ਸੈਂਟਰ ਵਿਚ ਹੋਏ ਸਮਾਗਮ ਦੌਰਾਨ ਖੇਡ ਪ੍ਰਮੋਟਰ ਗੁਰਜੀਤ ਸਿੰਘ ਪੁੱਤਰ ਬਹਾਦਰ ਸਿੰਘ ਨੇ ਖੇਡ ਅਤੇ ਖਿਡਾਰੀਆਂ ਨੂੰ ਉਤਸ਼ਹਿਤ ਕਰਨ ਲਈ ਵਿੱਤੀ ਮਦਦ ਭੇਟ ਕੀਤੀ। ਰਦੀਪ ਸਿੰਘ ਬੀਰਮਪੁਰ ਅਤੇ ਅਵਤਾਰ ਸਿੰਘ ਵਿਰਕ ਦੀ ਸਰਪ੍ਰਸਤੀ ਵਿਚ ਚਲਾਏ ਜਾ ਰਹੇ ਇਸ ਸੈਂਟਰ ਲਈ ਵਿੱਤੀ ਭੇਟ ਕਰਦੇ ਹੋਏ ਗੁਰਜੀਤ ਸਿੰਘ ਨੇ ਸੈਂਟਰ ਵੱਲੋਂ ਖਿਡਾਰੀਆਂ ਨੂੰ ਉਤਸ਼ਹਿਤ ਕਰਨ ਦੇ ਉਪਰਾਲਿਆਂ ਦੀ ਸ਼ਾਘਾ ਕਰਦੇ ਹੋਏ ਆਖਿਆ ਕਿ ਉਹ ਭਵਿੱਖ ਵਿਚ ਮਦਦ ਕਰਨਗੇ। ਸੂਲ ਮੁਖੀ ਜਤਿੰਦਰਪਾਲ ਸਿੰਘ ਅਤੇ ਕੋਚ ਬਲਜਿੰਦਰ ਸਿੰਘ ਭਿੰਡਰ ਨੇ ਗੁਰਜੀਤ ਸਿੰਘ ਨੂੰ ਸਨਮਾਨਿਤ ਕਰਦੇ ਹੋਏ ਸੈਂਟਰ ਦੀਆਂ ਪ੍ਰਾਪਤੀਆਂ ਤੇ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸਰਪੰਚ ਹਰਦਿਆਲ ਸਿੰਘ, ਕੁਲਵਿੰਦਰ ਸਿੰਘ, ਜਤਿੰਦਰ ਸਿੰਘ, ਉਂਕਾਰ ਸਿੰਘ, ਮਨਦੀਪ ਸਿੰਘ ਮਨੀ,ਪਰਮਿੰਦਰ ਸਿੰਘ, ਮਨਦੀਪ ਲਿੱਤਰ, ਬੰਟੂ ਦੇਹਰੀਵਾਲ, ਅਮ੍ਰਿਤਪਾਲ ਸਿੰਘ, ਸਰਬਜੋਤ ਸਿੰਘ ਸੰਧੂ, ਨੰਬਰਦਾਰ ਮਨਪ੍ਰੀਤ ਸਿੰਘ ਆਦਿ ਮੌਜੂਦ ਸਨ।

## ਮਨੀਪੁਰ ਘਟਨਾਵਾਂ ਵਿਰੁੱਧ 'ਔਰਤ ਮੁਕਤੀ ਮੋਰਚਾ ਪੰਜਾਬ' ਵੱਲੋਂ ਰੋਹ ਭਰਿਆ ਮਾਰਚ




**ਜਲੰਧਰ (ਰਾਜੇਸ਼ ਥਾਪਾ)**

'ਔਰਤ ਮੁਕਤੀ ਮੋਰਚਾ ਪੰਜਾਬ' ਵਲੋਂ, ਉਤਰ-ਪੂਰਬੀ ਸੂਬੇ ਮਨੀਪੁਰ ਵਿਖੇ ਦੋ ਔਰਤਾਂ ਦਾ ਵਹਿਸ਼ੀਆਨਾ ਸਮੂਹਿਕ ਬਲਾਤਕਾਰ ਕਰਨ ਉਪਰੰਤ ਉਨ੍ਹਾਂ ਨੂੰ ਸਰੇਆਮ ਨਿਰਵਸਤਰ ਕਰਕੇ ਘਮਾਉਣ ਅਤੇ ਸੂਬੇ ਅੰਦਰ ਅਣਗਿਣਤ ਇਸਤਰੀਆਂ ਨਾਲ ਅਜਿਹਾ ਹੀ ਅਮਾਨਵੀ ਜਬਰ ਕਰਨ ਵਿਰੁੱਧ ਗੜ੍ਹਾ ਜਲੰਧਰ ਵਿਖੇ ਰੋਹ ਭਰਿਆ ਮਾਰਚ ਕੀਤਾ ਗਿਆ। ਇਕੱਤਰ ਹੋਈਆਂ ਔਰਤਾਂ ਨੂੰ ਸੰਬੋਧਨ ਕਰਦਿਆਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਮਨੀਪੁਰ ਵਿੱਚ ਦੋ ਮਹੀਨਿਆਂ ਤੋਂ ਹਜੂਮੀ ਹਿੰਸਾ, ਸਾੜ ਫੂਕ, ਕਤਲੇਆਮ, ਔਰਤਾਂ ਦੀ ਨਗਨ ਪਰੇਡ ਅਤੇ ਜਬਰ ਜਨਾਹ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਪਰ ਕੇਂਦਰ ਅਤੇ ਸੂਬਾ ਸਰਕਾਰਾਂ ਉਕਤ ਮਨੁੱਖੀ ਘਾਣ ਨੂੰ ਤਮਾਸ਼ਬੀਨਾਂ ਬਣ ਕੇ ਦੇਖ ਰਹੀਆਂ ਹਨ। ਉਨ੍ਹਾਂ ਕਿਹਾ ਕਿ ਲੰਘੀ 3 ਮਈ ਤੋਂ ਜਾਰੀ ਇਨ੍ਹਾਂ ਦਿਲ ਹਿਲਾਊ ਵਾਰਦਾਤਾਂ ਬਾਰੇ ਦੇਸ਼ ਦੇ ਪ੍ਰਧਾਨ ਮੰਤਰੀ ਨੇ ਪੂਰੇ 79 ਦਿਨ ਆਪਣਾ ਮੂੰਹ ਨਹੀਂ ਖੋਲ੍ਹਿਆ। ਇੰਨਾ ਹੀ ਨਹੀਂ ਹਜਾਰਾਂ ਲੋਕਾਂ ਵੱਲੋਂ ਆਪਣੇ ਘਰ-ਘਾਟ ਛੱਡ ਕੇ ਆਪਣੇ ਹੀ ਦੇਸ਼ ਵਿਚ ਸ਼ਰਨਾਰਥੀ ਬਣ ਕੇ ਰਿਲੀਫ ਕੈਂਪਾਂ ਵਿੱਚ ਰਹਿਣ ਦੀਆਂ ਖਬਰਾਂ ਨਾਲ ਵੀ ਭਾਜਪਾ ਸਰਕਾਰ ਦੇ ਚਾਲਕਾਂ ਦਾ ਮਨ ਨਹੀਂ ਪਸੀਜਿਆ। ਉੱਤੋਂ ਹੱਦ ਇਹ ਕਿ ਸੰਸਦ ਦੇ ਮੌਜੂਦਾ ਮੌਨਸੂਨ ਸੈਸ਼ਨ ਵਿੱਚ ਵਿਰੋਧੀ ਧਿਰ ਵਲੋਂ ਮਨੀਪੁਰ ਦੇ ਹਾਲਾਤ 'ਤੇ ਚਰਚਾ ਕਰਨ ਅਤੇ ਪ੍ਰਧਾਨ ਮੰਤਰੀ ਦੇ ਬਿਆਨ ਦੀ ਮੰਗ ਕਰਨ 'ਤੇ ਸੈਸ਼ਨ ਮੁਲਤਵੀ ਕਰ ਦਿੱਤਾ ਗਿਆ ਅਤੇ ਇਸ ਕੁਕਰਮ ਵਿਰੁੱਧ ਆਵਾਜ ਉਠਾਉਣ ਵਾਲੇ ਮੈਂਬਰਾਂ ਨੂੰ ਬਰਖ਼ਾਸਤ ਕਰ ਦਿੱਤਾ ਗਿਆ। ਪਾਸਲਾ ਨੇ ਮੰਗ ਕੀਤੀ ਕਿ ਇਨ੍ਹਾਂ ਹਾਲਾਤਾਂ ਨੂੰ ਕਾਬੂ ਕਰਨੋਂ ਅਸਫਲ ਰਹਿਣ ਕਰਕੇ ਸੂਬੇ ਦੇ ਮੁੱਖ ਮੰਤਰੀ ਨੂੰ ਫੌਰੀ ਬਰਖਾਸਤ ਕੀਤਾ ਜਾਣਾ ਚਾਹੀਦਾ ਹੈ ਅਤੇ ਫਿਰਕੂ ਤੇ ਨਸਲੀ ਹਿੰਸਾ ਨੂੰ ਸਹਿ ਦੇਣ ਵਾਲੇ ਅਧਿਕਾਰੀਆਂ ਤੇ ਸਿਆਸਤਦਾਨਾਂ ਖਿਲਾਫ ਵੀ ਅਜਿਹੀ ਹੀ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਮੋਰਚੇ ਦੀਆਂ ਸੂਬਾਈ ਆਗੂਆਂ ਪ੍ਰੋ ਰਘਬੀਰ ਕੌਰ ਤੇ ਸੁਨੀਤਾ ਨੂਰਪੁਰੀ ਨੇ ਕਿਹਾ ਕਿ ਮਨੀਪੁਰ ਵਿੱਚ ਔਰਤਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਅਤੇ ਇਸਾਈ ਮਤ ਨੂੰ ਮੰਨਣ ਵਾਲੇ ਅਨੁਸੂਚਿਤ ਕਬੀਲੇ, ਕੁੱਕੀ ਦੇ ਲੋਕਾਂ 'ਤੇ ਨਸਲਕੁਸ਼ੀ ਕਰਨ ਦੇ ਇਰਾਦੇ ਨਾਲ ਕੀਤੇ ਜਾ ਰਹੇ ਭਿਆਨਕ ਹਮਲੇ ਬੰਦ ਕੀਤੇ ਜਾਣ। ਅਮਨਦੀਪ ਕੌਰ ਗੜ੍ਹਾ, ਊਸ਼ਾ ਪਾਸਲਾ, ਨਿਰਮਲਾ, ਕਾਂਤਾ ਰਾਣੀ, ਦਿਹਾਤੀ ਮਜਦੂਰਾਂ ਦੇ ਸੂਬਾਈ ਆਗੂ ਬਲਦੇਵ ਨੂਰਪੁਰੀ, ਸੀਟੀਯੂ ਪੰਜਾਬ ਦੇ ਆਗੂਆਂ ਰਾਮ ਕਿਸ਼ਨ ਤੇ ਡਾ. ਬਲਵਿੰਦਰ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸਤਰੀਆਂ ਦੇ ਇਸ ਪ੍ਰਭਾਵਸ਼ਾਲੀ ਰੋਸ ਐਕਸ਼ਨ ਦਾ ਸਮਰਥਨ ਕਰਨ ਲਈ ਗੁਰਨਾਮ ਸਿੰਘ ਦਾਊਦ ਅਤੇ ਗੁਰਦਰਸ਼ਨ ਬੀਕਾ ਵੀ ਪੁੱਜੇ।

## ਰਸੂਲਪੁਰ ਦੇ ਪਾਣੀ ਦੇ ਨਿਕਾਸ ਲਈ ਵਫਦ ਡੀ ਸੀ ਨੂੰ ਮਿਲਿਆ



**ਨਵਾਂਸ਼ਹਿਰ (ਮਨੋਜ ਲਾਡੀ)**-ਐਸ.ਸੀ/ਬੀ.ਸੀ ਵੈਲਫੇਅਰ ਫਰੰਟ ਪੰਜਾਬ, ਜਮਹੂਰੀ ਅਧਿਕਾਰ ਸਭਾ ਅਤੇ ਪਿੰਡ ਰਸੂਲਪੁਰ ਦੇ ਪੀੜਤਾਂ ਦਾ ਵਫਦ ਡਿਪਟੀ ਕਮਿਸ਼ਨਰ ਨੂੰ ਮਿਲਿਆ ਜਿਸ ਵਿੱਚ ਤੀਰਥ ਰਸੂਲਪੁਰੀ, ਬਲਵਿੰਦਰ ਮੰਗੂਵਾਲ, ਗੁਰਨਾਮ ਬੰਗਾ ਜ਼ਿਲ੍ਹਾ ਪ੍ਰਧਾਨ, ਰਣਜੀਤ ਸਿੰਘ ਰਾਣਾ ਹਲਕਾ ਪ੍ਰਧਾਨ, ਖੁਸ਼ੀ ਰਾਮ, ਦੇਵ ਰਾਜ, ਅਵਤਾਰ ਸਿੰਘ (ਦਰਖਾਸਤ ਕਰਤਾ), ਕਸ਼ਮੀਰ ਸਿੰਘ, ਬਲਜਿੰਦਰ ਕੁਮਾਰ ਸ਼ਾਮਲ ਸਨ। ਵਫਦ ਨੇ ਦੱਸਿਆ ਕਿ ਪਿੰਡ ਰਸੂਲਪੁਰ ਦੇ ਕਾਫੀ ਸਮੇਂ ਤੋਂ ਕੁਝ ਘਰਾਂ ਦੇ ਮਕਾਨਾਂ ਹੇਠੋਂ ਨਾਲੀਆਂ ਬਣਾ ਕੇ ਦੂਸਰਿਆਂ ਦੇ ਘਰਾਂ ਦਾ ਪਾਣੀ ਲੰਘਾਇਆ ਜਾ ਰਿਹਾ ਹੈ ਜਿਸ ਨਾਲ ਉਨ੍ਹਾਂ ਦੇ ਮਕਾਨਾਂ ਦਾ ਨੁਕਸਾਨ ਹੋ ਰਿਹਾ ਹੈ। ਹੁਣ ਜਦੋਂ ਪਾਣੀ ਦੇ ਨਿਕਾਸ ਲਈ ਪਿੰਡ ਵਿੱਚ ਸੀਵਰੇਜ ਪੈ ਗਿਆ ਹੈ ਤਾਂ ਪਾਣੀ ਸੀਵਰ ਵਿੱਚ ਪਾਉਣਾ ਚਾਹੀਦਾ ਹੈ। ਵਫਦ ਨੇ ਇਸ ਸਮੱਸਿਆ ਦਾ ਫੌਰੀ ਹੱਲ ਕਰਨ ਦੀ ਮੰਗ ਕੀਤੀ। ਵਫਦ ਵਿੱਚ ਸ਼ਾਮਲ ਆਗੂਆਂ ਨੇ ਦੱਸਿਆ ਕਿ ਡੀ ਸੀ ਨੇ ਇਨਸਾਫ਼ ਦਾ ਭਰੋਸਾ ਦਿਵਾਇਆ ਹੈ।

## ਸੈਣੀਮਾਜਰਾ 'ਚ ਪੀਣ ਵਾਲੇ ਪਾਣੀ ਦੇ ਬੋਰ ਦਾ ਕੰਮ ਸ਼ੁਰੂ

**ਨੂਰਪੁਰ ਬੇਦੀ, (ਸੁਰਜੀਤ ਸਿੰਘ ਕਾਹਲੋਂ)**

ਸਰਕਾਰ ਵੱਲੋਂ ਪਿੰਡਾਂ 'ਚ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਆਰੰਭ ਕੀਤੀ ਗਈ ਯੋਜਨਾ ਤਹਿਤ ਅੱਜ ਪਿੰਡ ਸੈਣੀਮਾਜਰਾ ਵਿਖੇ ਵਿਭਾਗ ਵੱਲੋਂ 18 ਲੱਖ 38 ਹਜ਼ਾਰ ਦੀ ਲਾਗਤ ਨਾਲ ਹੋਣ ਵਾਲੇ ਡੂੰਘੇ ਪੀਣ ਵਾਲੇ ਪਾਣੀ ਦੇ ਬੋਰ ਦਾ ਕੰਮ ਆਰੰਭ ਕਰਵਾਇਆ ਗਿਆ। ਪਿੰਡ ਵਾਸੀਆਂ ਨੇ ਪਾਣੀ ਦੀ ਸਮੱਸਿਆ ਨੂੰ ਲੈ ਕੇ ਹਲਕਾ ਰੂਪਨਗਰ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਦੇ ਧਿਆਨ 'ਚ ਲਿਆਂਦਾ ਸੀ। ਜਿਸ ਤੋਂ ਬਾਅਦ ਅੱਜ ਪਿੰਡ ਵਾਸੀਆਂ ਨੇ ਸਭ ਤੋਂ ਪਹਿਲਾਂ ਪੂਜਾ ਅਰਚਨਾ ਕੀਤੀ ਉਪਰੰਤ ਬੋਰ ਦਾ ਕੰਮ ਸ਼ੁਰੂ ਕਰਵਾਇਆ। ਇਸ ਮੌਕੇ ਹਾਜ਼ਰ ਪਿੰਡ ਵਾਸੀਆਂ ਨੇ ਦੱਸਿਆ ਕਿ ਭਾਵੇਂ ਪਿੰਡ 'ਚ ਬੋਰ ਤਾਂ ਹੈ ਮਗਰ ਉਸ ਦੇ ਪਾਣੀ ਦਾ ਸੈਂਪਲ ਫੇਲ੍ਹ ਹੋ ਚੁੱਕਾ ਹੈ ਜਿਸ ਤੋਂ ਬਾਅਦ ਵਿਧਾਇਕ ਚੱਢਾ ਦੇ ਯਤਨਾਂ ਸਦਕਾ ਕੈਨਾਲ ਵਾਟਰ ਪ੍ਰਾਜੈਕਟ ਤੋਂ ਪਿੰਡ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਪਹੁੰਚ ਰਹੀ ਹੈ। ਇਸ ਦੇ ਬਾਵਜੂਦ ਪਿੰਡ 'ਚ ਪਾਣੀ ਦੀ ਕਮੀ ਦੇ ਚੱਲਦਿਆਂ ਨਵੇਂ ਬੋਰ ਦੀ ਜ਼ਰੂਰਤ ਸੀ। ਉਨ੍ਹਾਂ ਆਖਿਆ ਕਿ ਉਕਤ ਬੋਰ ਦੇ ਚਾਲੂ ਹੋਣ ਨਾਲ ਪਿੰਡ ਵਾਸੀਆਂ ਦੀ ਪਾਣੀ ਨਾਲ ਸੰਬੰਧਤ ਹਰ ਜ਼ਰੂਰਤ ਪੂਰੀ ਹੋ ਜਾਵੇਗੀ ਜਿਸ ਲਈ ਉਹ ਵਿਧਾਇਕ ਚੱਢਾ ਦੇ ਧੰਨਵਾਦੀ ਹਨ। ਉਕਤ ਬੋਰ ਸੰਬੰਧੀ ਜਾਣਕਾਰੀ ਦਿੰਦਿਆਂ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੂਰਪੁਰਬੇਦੀ ਦੇ ਐੱਸ.ਡੀ.ਓ. ਜਸਵੀਰ ਸਿੰਘ ਨੇ ਦੱਸਿਆ ਕਿ ਉਕਤ ਬੋਰ ਕਰੀਬ 650 ਤੋਂ 700 ਫੁੱਟ ਦਰਮਿਆਨ ਡੂੰਘਾ ਹੋਵੇਗੀ ਜਿਸ ਰਾਹੀਂ ਪਿੰਡ ਵਾਸੀ ਸ਼ੁੱਧ ਪੀਣ ਵਾਲਾ ਪਾਣੀ ਹਾਸਲ ਕਰ ਸਕਣਗੇ।



ਉਨ੍ਹਾਂ ਦੱਸਿਆ ਕਿ ਬੋਰ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ ਅਤੇ ਜਿਸ ਨੂੰ 1 ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਕਰਕੇ ਪਿੰਡ ਵਾਸੀਆਂ ਨੂੰ ਸਮਰਪਿਤ ਕਰ ਦਿੱਤਾ ਜਾਵੇਗਾ। ਇਸ ਮੌਕੇ ਗ੍ਰਾਮ ਪੰਚਾਇਤ ਮੈਂਬਰਾਂ ਅਤੇ ਪਿੰਡ ਦੇ ਪਤਵੰਤੇ ਸੱਜਣਾਂ ਤੋਂ ਇਲਾਵਾ ਮਾ. ਰਾਮਜੀ ਦਾਸ, ਲਖਵਿੰਦਰ ਸਿੰਘ, ਦੇਸਰਾਜ ਸੈਣੀ, ਹਰਪਾਲ ਸਿੰਘ, ਸੁਰਿੰਦਰਪਾਲ,ਸ਼ਨ ਲਾਲ, ਮਹਿੰਦਰ ਕੁਮਾਰ, ਰਾਮ ਸਰੂਪ, ਭਗਵੰਤ ਮੈਹਿਰ, ਭਜਨ ਲਾਲ, ਦੇਵਰਾਜ, ਲੇਖਰਾਜ, ਹਰਵਿੰਦਰ, ਸੁਖਦੇਵ ਲਾਂਬਾ, ਕਰਮ ਚੰਦ, ਕਮਲ, ਮੁਨੀਸ਼, ਮਨਜੀਤ ਸਿੰਘ, ਧਰਮਪਾਲ, ਧੰਨਰਾਜ ਅਤੇ ਬਲਵਿੰਦਰ ਸਿੰਘ ਸਹਿਤ ਹੋਰ ਪਿੰਡ ਵਾਸੀ ਵੀ ਹਾਜ਼ਰ ਸਨ।

27-July-PAGE-9.qxd 7/26/2023 11:05 PM Page 1



# ਮਨੀਪੁਰ ਸਰਕਾਰ ਨੂੰ ਬਰਖਾਸਤ ਕਰਕੇ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ : ਖੋਸਲਾ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਦਿ ਗੋਸਪਲ ਡੇ ਚਰਚ ਅੱਡਾ ਸਰਾਂ ਵਿਖੇ ਡੈਮੋਕ੍ਰੇਟਿਕ ਭਾਰਤੀ ਲੋਕ ਦਲ ਦੀ ਇੱਕ ਅਹਿਮ ਮੀਟਿੰਗ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਗੁਰਮੁਖ ਸਿੰਘ ਖੋਸਲਾ ਦੀ ਅਗਵਾਈ ਹੇਠ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਗੁਰਮੁਖ ਸਿੰਘ ਖੋਸਲਾ ਨੇ ਕਿਹਾ ਕਿ ਮਨੀਪੁਰ 'ਚ ਹਿੰਸਾ ਰੁਕਣ ਦਾ ਨਾਂ ਨਹੀਂ ਲੈ ਰਹੀ। ਦੇਸ਼ ਦਾ ਪ੍ਰਧਾਨ ਮੰਤਰੀ ਇਸ 'ਤੇ ਕੁਝ ਵੀ ਬੋਲਣ ਲਈ ਤਿਆਰ ਨਹੀਂ। ਜਦੋਂ ਦੀ ਮੁਨੀਪੁਰ ਵਿੱਚ ਹਿੰਸਾ ਸ਼ੁਰੂ ਹੋਈ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਪ੍ਰਧਾਨ ਮੰਤਰੀ ਜੀ ਚੁੱਪੀ ਧਾਰਨ ਕਰੀ ਬੈਠੇ ਹੈ। ਉਨ੍ਹਾਂ ਕਿਹਾ ਕਿ ਮਨੀਪੁਰ ਵਿੱਚ ਔਰਤਾਂ ਦੇ ਕੱਪੜੇ ਉਤਾਰ ਕੇ ਉਨ੍ਹਾਂ ਨੂੰ ਨੰਗਾ ਕਰ ਘੁਮਾਇਆ ਗਿਆ ਜੋ ਬਹੁਤ ਹੀ ਸ਼ਰਮਨਾਕ ਘਟਨਾ ਸੀ। ਖੋਸਲਾ ਨੇ ਕਿਹਾ ਕਿ ਆਰਮੀ ਦੇ ਜਵਾਨ ਦੀ ਪਤਨੀ ਨੂੰ ਨੰਗਾ ਕਰ ਉਸ ਤੋਂ ਪ੍ਰੇਡ ਕਰਾਈ ਗਈ। ਜਿਸ ਨਾਲ ਭਾਰਤੀ ਸੈਨਾ ਅਤੇ ਭਾਰਤ ਦੇਸ਼ ਦੇ 140 ਕਰੋੜ ਲੋਕਾਂ ਦਾ ਸਿਰ ਸ਼ਰਮ ਨਾਲ ਝੁਕ ਗਿਆ। ਇਸ ਤੇ ਭਾਰਤ ਦੇਸ਼ ਦਾ ਪ੍ਰਧਾਨ ਮੰਤਰੀ ਕੋਈ ਵੀ ਜਵਾਬ ਦੇਣ ਨੂੰ ਤਿਆਰ ਨਹੀਂ। ਇਸ ਮੌਕੇ ਡੈਮੋਕ੍ਰੇਟਿਕ ਭਾਰਤੀ ਲੋਕ ਦਲ ਵੱਲੋਂ ਭਾਰਤ ਦੇ ਰਾਸ਼ਟਰਪਤੀ ਦੇ ਨਾਂਅ ਇੱਕ ਮੰਗ ਪੱਤਰ ਸੌਂਪਦੇ ਹੋਏ ਮੰਗ ਕੀਤੀ ਹੈ ਕਿ ਮਨੀਪੁਰ ਸਰਕਾਰ ਨੂੰ ਤੁਰੰਤ ਬਰਖਾਸਤ ਕਰਕੇ ਰਾਸ਼ਟਰਪਤੀ ਸ਼ਾਸਨ ਲਾਗੂ ਕੀਤਾ ਜਾਵੇ ਕਿਉਂਕਿ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਮਨੀਪੁਰ ਵਿੱਚ ਹੋ ਰਹੀ ਹਿੰਸਾ ਨੂੰ ਰੋਕਣ ਲਈ ਨਾਕਾਮ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਮਨੀਪੁਰ ਦੇ ਮੁੱਖ ਮੰਤਰੀ ਨੂੰ ਤਤਕਾਲ ਹੀ ਅਸਤੀਫ਼ਾ ਦੇ ਦੇਣਾ ਚਾਹੀਦਾ ਸੀ। ਦੇਸ਼ ਦੀ ਸਰਬਉੱਚ ਅਦਾਲਤ ਨੇ ਵੀ ਇਸ ਮੁੱਦੇ 'ਤੇ ਕੇਂਦਰ ਸਰਕਾਰ ਨੂੰ ਫਟਕਾਰ



ਲਗਾਈ ਹੈ। ਇਸ ਘਟਨਾ ਨੇ ਪੂਰੇ ਦੇਸ਼ ਨੂੰ ਸ਼ਰਮਸਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੂੰ ਬਦਲਣ ਲਈ ਭਾਰਤ ਦੇਸ਼ ਦੇ ਲੋਕ ਬੇਸਬਰੀ ਨਾਲ ਲੋਕ ਸਭਾ ਚੋਣਾਂ ਦਾ ਇੰਤਜ਼ਾਰ ਕਰ ਰਹੇ ਹਨ। ਇਸ ਮੌਕੇ ਡੈਮੋਕ੍ਰੇਟਿਕ ਭਾਰਤੀ ਲੋਕ ਦਲ ਵਿੱਚ ਨਵੀਆਂ ਨਿਯੁਕਤੀਆਂ ਕਰਦੇ ਹੋਏ ਸੁਨੀਲ ਮਸੀਹ (ਕਾਕਾ) ਨੂੰ ਪ੍ਰਧਾਨ ਦੁਆਬਾ ਯੋਨ ਨਿਯੁਕਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰੂੜਾ ਰਾਮ ਗਿੱਲ ਰਾਸ਼ਟਰੀ ਸਕੱਤਰ, ਗੁਰਦੇਵ ਮਾਲੜੀ ਰਾਸ਼ਟਰੀ ਸਕੱਤਰ, ਪ੍ਰੇਮ ਮਸੀਹ ਪ੍ਰਧਾਨ ਪੰਜਾਬ, ਰੇਸ਼ਮ ਸਿੰਘ ਭੱਟੀ ਚੇਅਰਮੈਨ ਕ੍ਰਿਸ਼ਚੀਅਨ ਵਿੰਗ ਪੰਜਾਬ, ਪਾਸਟਰ ਸੰਦੀਪ ਅਦਮਪੁਰ, ਪਾਸਟਰ ਦਵਿੰਦਰ ਮਸੀਹ ਕੁਲੀਆ, ਪਾਸਟਰ ਮੁਲਖ ਰਾਜ ਜੰਡੂਸਿੰਘਾ, ਪਾਸਟਰ ਜਤਿੰਦਰ ਜੜਿਆਲਾ, ਪਾਸਟਰ ਰਾਮ ਚੋਟਾਲਾ, ਪਾਸਟਰ ਸਤਵੀਰ ਕਾਲਾ ਬੱਕਰਾ, ਕੁਲਜੀਤ ਪੰਡੋਰੀ, ਰਾਜ ਕੁਮਾਰ ਕਸਬਾ, ਸ਼ੈਰੀ ਟਾਂਡਾ, ਮੰਗੀ ਸੱਗਰਾਂ ਵਾਲੀ, ਰਾਜੂ ਕੋਟਲਾ, ਅਸ਼ੋਕ ਕੋਟਲੀ, ਅਮਰਜੀਤ ਝਾਵਾਂ, ਦਲੇਰ ਮਿਰਜ਼ਾਪੁਰ, ਚਰਨਜੀਤ ਕਸਬਾ ਅਦਿ ਮੌਜੂਦ ਸਨ।

# ਸੀਟੂ, ਖੇਤ ਮਜ਼ਦੂਰ ਯੂਨੀਅਨ ਤੇ ਕਿਸਾਨ ਸਭਾ ਨੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਇੱਥੇ ਮਨੀਪੁਰ ਦੀਆਂ ਸ਼ਰਮਨਾਕ ਘਟਨਾ ਵਿਰੁੱਧ ਸੀਟੂ, ਖੇਤ ਮਜ਼ਦੂਰ ਯੂਨੀਅਨ ਅਤੇ ਕਿਸਾਨ ਸਭਾ ਵੱਲੋਂ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਸੀਟੂ ਵੱਲੋਂ ਪੰਜਾਬ ਸੀਟੂ ਦੇ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਮਹਿੰਦਰ ਕੁਮਾਰ ਬੱਡੋਆਨ, ਜ਼ਿਲ੍ਹਾ ਪ੍ਰਧਾਨ ਕਮਲਜੀਤ ਸਿੰਘ ਰਾਜਪੁਰ ਭਾਈਆਂ, ਖੇਤ ਮਜ਼ਦੂਰ ਯੂਨੀਅਨ ਦੇ ਪੰਜਾਬ ਦੇ ਜਨਰਲ ਸਕੱਤਰ ਗੁਰਮੇਸ਼ ਸਿੰਘ, ਜ਼ਿਲ੍ਹਾ ਪ੍ਰਧਾਨ ਮਹਿੰਦਰ ਸਿੰਘ ਭੀਲੋਵਾਲ, ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਆਸ਼ਾ ਨੰਦ, ਕਿਸਾਨ ਆਗੂ ਸਤੋਖ ਸਿੰਘ ਭੀਲੋਵਾਲ, ਇਸਤਰੀ ਸਭਾ ਦੀ ਜ਼ਿਲ੍ਹਾ ਪ੍ਰਧਾਨ ਨੀਲਮ ਬੱਡੋਆਨ, ਮੀਤ ਪ੍ਰਧਾਨ ਪ੍ਰੇਮ ਲਤਾ, ਜ਼ਿਲ੍ਹਾ ਆਗੂ ਸੁਰਿੰਦਰ ਕੌਰ ਨੇ ਸਬੋਧਨ ਕਰਦੇ ਹੋਏ ਕਿਹਾ ਕਿ ਮਨੀਪੁਰ ਦੇ ਜੋ ਹਲਾਤ ਭੈੜੇ ਬਣੇ ਹਨ ਉਸ ਲਈ ਬਰੇਨ ਸਿੰਘ ਸਰਕਾਰ ਮੁੱਖ ਦੋਸ਼ੀ ਹੈ। ਇਸ ਨੂੰ ਤੁਰੰਤ ਚਲਦਾ ਕੀਤਾ ਜਾਵੇ, ਜਿਨ੍ਹਾਂ ਦੋਸ਼ੀਆਂ ਨੇ ਔਰਤਾਂ ਨੂੰ ਨਗਨ ਕਰਕੇ ਸਰੇਆਮ ਘੁਮਾਇਆ ਹੀ ਨਹੀਂ ਸਗੋਂ ਉਨ੍ਹਾਂ ਦੇ ਸਰੀਰ ਨਾਲ ਖਿਲਵਾੜ ਵੀ ਕੀਤਾ ਹੈ, ਉਨ੍ਹਾਂ ਨੂੰ ਫਾਂਸੀ ਤੋਂ ਘੱਟ ਸਜ਼ਾ ਨਹੀ ਮਿਲਨੀ ਚਾਹੀਦੀ। ਦੁੱਖ ਦੀ ਗੱਲ ਹੈ ਅਨੇਕਾਂ ਲੋਕਾਂ ਦੇ ਕਤਲ ਪੁਲਸ ਦੀ ਹਾਜ਼ਰੀ ਵਿੱਚ ਕੀਤੇ ਗਏ, ਪੁਲਸ ਮੂਕ ਦਰਸ਼ਕ ਬਣ ਕੇ ਦੇਖਦੀ ਰਹੀ। ਆਗੂਆਂ ਨੇ ਅੱਗੇ ਕਿਹਾ ਕਿ ਮਨੀਪੁਰ ਦੀਆਂ ਘਟਨਾਵਾਂ ਉਪਰ ਓਪਰੀ ਝਾਤ ਮਾਰਦਿਆਂ ਹੀ ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਦੇਸ਼ ਦਾ ਗ੍ਰਹਿ ਮੰਤਰੀ ਅਮਿਤ ਸ਼ਾਹ ਦੋਸ਼ੀਆਂ ਦੀ ਕਤਾਰ ਵਿੱਚ ਖੜ੍ਹੇ ਸਪੱਸ਼ਟ ਦਿਖਾਈ ਦੇ ਰਹੇ ਹਨ। ਉਨ੍ਹਾਂ ਦੇਸ਼ ਦੀ ਰਾਸ਼ਟਰਪਤੀ ਪਾਸੋਂ ਮੰਗ ਕੀਤੀ ਕਿ ਉਹ ਆਪਣੀ ਸੰਵਿਧਾਨਕ ਸ਼ਕਤੀ ਵਰਤਦਿਆਂ ਮਨੀਪੁਰ ਦੀ ਸਰਕਾਰ ਨੂੰ ਤੁਰੰਤ ਬਰਖਾਸਤ ਕਰਨ ਅਤੇ ਕੇਂਦਰ ਸਰਕਾਰ ਨੂੰ ਹਦਾਇਤ ਕਰਨ ਦੀ ਉਹ ਬਿਨਾਂ ਕਿਸੇ ਵਿਤਕਰੇ ਦੇ ਸਮੂਹ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਸਖਤ ਤੋਂ ਸਖਤ ਸਜ਼ਾਵਾਂ ਦੁਆਉਣ, ਇਨ੍ਹਾਂ ਘਟਨਾਵਾਂ ਦੌਰਾਨ ਉਜੜੇ ਅਤੇ ਬੇਘਰ ਹੋਏ ਲੋਕਾ ਦੇ ਮੁੜ ਵਸੇਬੇ ਦਾ ਪ੍ਰਬੰਧ ਕਰਨ, ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ, ਉਨ੍ਹਾਂ ਦੇ ਇੱਕ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਇਸ ਮੌਕੇ ਗੁਰਬਖਸ਼ ਸਿੰਘ ਸੂਸ, ਭਜਨ ਕੌਰ, ਨਿਰਮਲਾ ਦੇਵੀ, ਧਰਮਪਾਲ, ਇੰਦਰਪਾਲ ਸਿੰਘ, ਪਰਵਿੰਦਰ ਸਿੰਘ ਵਿਰਦੀ, ਰਾਮ ਨਿਵਾਸ, ਬਲਵਿੰਦਰ ਸਿੰਘ, ਅਮਰਜੀਤ ਸਿੰਘ, ਸੁਰਿੰਦਰ ਸਿੰਘ, ਹਰਮੇਸ਼ ਲਾਲ ਆਦਿ ਸਾਥੀ ਹਾਜ਼ਰ ਸਨ।

# ਭਾਰਤੀ ਕਿਸਾਨ ਯੂਨੀਅਨ ਵਲੋਂ ਹੜ੍ਹ ਪੀੜ੍ਹਤਾਂ ਲਈ ਰਾਹਤ ਸਮੱਗਰੀ ਦੀ ਰਵਾਨਾਗੀ ਭਲਕੇ

**ਫਗਵਾੜਾ (ਡਾ. ਰਮਨ, ਢੱਡਾ)**- ਭਾਰਤੀ ਕਿਸਾਨ ਯੂਨੀਅਨ (ਦੋਆਬਾ) ਸਰਕਲ ਫਗਵਾੜਾ ਦੇ ਆਗੂਆਂ ਸਤਨਾਮ ਸਿੰਘ ਸਾਹਨੀ ਜਨਰਲ ਸਕੱਤਰ, ਗੁਰਪਾਲ ਸਿੰਘ ਪਾਲਾ ਮੌਲੀ ਪ੍ਰੈੱਸ ਸਕੱਤਰ ਅਤੇ ਕੁਲਵਿੰਦਰ ਸਿੰਘ ਕਾਲਾ ਸਰਕਲ ਪ੍ਰਧਾਨ ਫਗਵਾੜਾ ਨੇ ਪੰਜਾਬ 'ਚ ਹੜ੍ਹ ਪੀੜ੍ਹਤ ਕਿਸਾਨਾਂ ਅਤੇ ਪਿੰਡਾਂ ਦੇ ਵਸਨੀਕਾਂ ਦੀ ਸਹਾਇਤਾ ਲਈ ਸਮੂਹ ਜੱਥੇਬੰਦੀਆਂ ਅਤੇ ਐਨ.ਆਰ.ਆਈ. ਵੀਰਾਂ ਨੂੰ ਮੱਦਦ ਲਈ ਅੱਗੇ ਆਉਣ ਦੀ ਅਪੀਲ ਕੀਤੀ ਹੈ। ਉਕਤ ਆਗੂਆਂ ਨੇ ਦੱਸਿਆ ਕਿ ਉਹਨਾਂ ਨੇ ਜ਼ਿਲ੍ਹਾ ਕਪੂਰਥਲਾ ਤੋਂ ਇਲਾਵਾ ਪਟਿਆਲਾ, ਘਨੌਰ ਤੇ ਅੰਬਾਲਾ ਵਿਖੇ ਹੜਾਂ ਦੇ ਰੂਪ 'ਚ ਆਈ ਕੁਦਰਤੀ ਕਰੋਪੀ ਦਾ ਜਾਇਜ਼ਾ ਲਿਆ ਹੈ। ਕਿਸਾਨਾਂ ਦੀਆਂ ਹਜਾਰਾਂ ਏਕੜ ਜ਼ਮੀਨਾਂ 'ਤੇ ਬੀਜੀ ਫਸਲ ਤਬਾਹ ਹੋ ਗਈ ਹੈ। ਲੋਕ ਖੁੱਲ੍ਹੇ ਅਸਮਾਨ ਹੇਠਾਂ ਧੁੱਪ ਤੇ ਬਰਸਾਤ ਨਾਲ ਸੰਘਰਸ਼ ਕਰਨ ਨੂੰ ਮਜਬੂਰ ਹਨ। ਉਹਨਾਂ ਕਿਹਾ ਕਿ ਪੰਜਾਬ ਗੁਰੂਆਂ, ਪੀਰਾਂ ਦੀ ਧਰਤੀ ਹੈ। ਇੱਥੋਂ ਦੇ ਲੋਕ ਹਮੇਸ਼ਾ ਹਰ ਆਫਤ 'ਚ ਮੋਹਰੀ ਹੋ ਕੇ ਸਹਾਇਤਾ ਕਰਦੇ ਹਨ ਅਤੇ ਇਕ ਵਾਰ ਫਿਰ ਸਮੇਂ ਦੀ ਮੰਗ ਹੈ ਕਿ ਹੜ ਪੀੜ੍ਹਤਾਂ ਦੀ ਹਰ ਸੰਭਵ ਮੱਦਦ ਕੀਤੀ ਜਾਵੇ। ਉਹਨਾਂ ਬੀ.ਡੀ.ਪੀ.ਓ. ਫਗਵਾੜਾ ਦੇ ਪੰਚਾਇਤ ਸਕੱਤਰ ਮਲਕੀਤ ਚੰਦ ਵਲੋਂ ਹੜ੍ਹ ਪੀੜ੍ਹਤਾਂ ਦੀ ਮੱਦਦ ਲਈ ਕੀਤੇ ਜਾ ਰਹੇ ਉਪਰਾਲੇ ਦੀ ਖਾਸ ਤੌਰ 'ਤੇ ਸ਼ਲਾਘਾ ਕੀਤੀ। ਉਹਨਾਂ ਦੱਸਿਆ ਕਿ 28 ਜੁਲਾਈ ਨੂੰ ਫਗਵਾੜਾ ਦੀ ਨਵੀਂ ਦਾਣਾ ਮੰਡੀ ਤੋਂ ਹੜ ਪੀੜ੍ਹਤਾਂ ਲਈ ਰਾਹਤ ਸਮੱਗਰੀ ਰਵਾਨਾ ਕੀਤੀ ਜਾਵੇਗੀ।

# ਰਘਬੋਤਰਾ ਪਰਵਾਰ ਨੂੰ ਸਦਮਾ, ਮਾਤਾ ਜਸਵੰਤ ਕੌਰ ਦਾ ਦੇਹਾਂਤ



**ਫਗਵਾੜਾ (ਡਾ. ਰਮਨ, ਢੱਡਾ)**- ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਮਾਤਾ ਬੀਬੀ ਜਸਵੰਤ ਕੌਰ (85) ਦਾ ਦਿਹਾਂਤ ਹੋ ਗਿਆ ਹੈ। ਉਹ ਉਦਯੋਗਪਤੀ ਗੋਪਾਲ ਸਿੰਘ ਦੀ ਪਤਨੀ ਸਨ। ਉਹ ਆਪਣੇ ਪਿੱਛੇ ਸਪੁੱਤਰ ਮਲਕੀਅਤ ਸਿੰਘ ਰਘਬੋਤਰਾ, ਤਲਜੀਤ ਸਿੰਘ ਰਘਬੋਤਰਾ, ਕੁਲਦੀਪ ਸਿੰਘ ਰਘਬੋਤਰਾ ਅਤੇ ਧੀਆਂ, ਨੂੰਹਾਂ, ਪੋਤਰੀਆਂ, ਦੋਹਤਰੀਆਂ ਵਾਲਾ ਪਰਵਾਰ ਛੱਡ ਗਏ ਹਨ। ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਮਾਤਾ ਜਸਵੰਤ ਕੌਰ ਦਾ ਅੰਤਿਮ ਸੰਸਕਾਰ 27 ਜੁਲਾਈ ਨੂੰ ਸਵੇਰੇ 11 ਵਜੇ ਬੰਗਾ ਰੋਡ ਸ਼ਮਸ਼ਾਨ ਘਾਟ ਫਗਵਾੜਾ ਵਿਖੇ ਹੋਵੇਗਾ। ਜਦਕਿ ਵਿਛੜੀ ਰੂਹ ਦੇ ਨਮਿਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ 30 ਜੁਲਾਈ ਨੂੰ ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਫਗਵਾੜਾ ਵਿਖੇ ਦੁਪਿਹਰ 12 ਵਜੇ ਤੋਂ 2 ਵਜੇ ਤੱਕ ਹੋਵੇਗੀ।

# ਇਸ਼ਮੀਤ ਕੌਰ ਨੇ ਅਰਥ ਸ਼ਾਸ਼ਤਰ ਵਿਸ਼ੇ 'ਚੋਂ ਸੌ ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ



ਸ੍ਰੀ ਅਨੰਦਪੁਰ ਸਾਹਿਬ ਦੀ ਵਿਦਿਆਰਥਣ ਇਸ਼ਮੀਤ ਕੌਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰ੍ਹਵੀਂ ਜਮਾਤ ਦੀ ਪ੍ਰੀਖਿਆ ਵਿੱਚ ਅਰਥ ਸ਼ਾਸ਼ਤਰ ਵਿਸ਼ੇ ਵਿਚੋਂ 100 ਅੰਕਾਂ ਵਿੱਚੋਂ 100 ਅੰਕ ਪ੍ਰਾਪਤ ਕੀਤੇ ਹਨ। ਇਸ ਵੱਡੀ ਪ੍ਰਾਪਤੀ ਉੱਤੇ ਪ੍ਰਿੰਸੀਪਲ ਨੀਰਜ ਕੁਮਾਰ ਵਰਮਾ ਅਤੇ ਸਮੂਹ ਸਟਾਫ ਨੇ ਲੈਕਚਰਾਰ ਅਰਥ ਸ਼ਾਸ਼ਤਰ ਦਇਆ ਸਿੰਘ, ਇਸ਼ਮੀਤ ਕੌਰ ਅਤੇ ਉਸ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ ਹਨ। ਸਕੂਲ ਵਲੋਂ ਇਸ਼ਮੀਤ ਕੌਰ ਨੂੰ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉੱਤੇ ਪਿਤਾ ਗੁਰਪ੍ਰੀਤ ਸਿੰਘ, ਲੈਕ.ਸੰਗੀਤਾ ਗੇਰਾ, ਲੈਕ.ਨਰੇਸ਼ ਰਾਣੀ, ਲੈਕ.ਸੀਮਾ ਜੱਸਲ, ਲੈਕ.ਜਵਨੀਤ ਅੰਮ੍ਰਿਤ, ਲੈਕ.ਇਕਬਾਲ ਸਿੰਘ, ਲੈਕ.ਅਰੁਣ ਕੁਮਾਰ, ਲੈਕ.ਜੀਵਨ ਜਯੋਤੀ, ਸੁਨੀਤਾ ਧਰਮਾਨੀ, ਮਨਦੀਪ ਕੌਰ ਮਿਨਹਾਸ, ਗੁਰਦੀਪ ਕੌਰ,ਸੀਮਾ ਰਠੌਰ, ਕਵਿਤਾ ਬੇਦੀ, ਅਸ਼ੋਕ ਕੁਮਾਰ, ਲੈਕ.ਕਰਮਜੀਤ ਕੌਰ, ਲੈਕ.ਪ੍ਰਤਿਭਾ,ਲੈਕ.ਪਰਵਿੰਦਰ ਕੌਰ,ਅਨਾਮਿਕਾ ਸ਼ਰਮਾ, ਜਸਵਿੰਦਰ ਕੌਰ, ਪੁਨੀਤਾ ਸ਼ਰਮਾ, ਪੁਸ਼ਪਾ ਦੇਵੀ, ਮਨਜਿੰਦਰ ਕੌਰ, ਸੁਨੀਤਾ ਦੇਵੀ, ਗੁਰਪ੍ਰੀਤ ਕੌਰ ਚਾਨਾ, ਸੁਮਨ ਚਾਂਦਲਾ, ਸੁਖਜੀਤ ਕੌਰ, ਬਲਜੀਤ ਕੌਰ, ਦਲਜੀਤ ਕੌਰ, ਰੇਨੂੰ ਬਾਲਾ, ਪੁਸ਼ਪਾ ਦੇਵੀ, ਸੁਨੀਤਾ ਦੇਵੀ, ਮੀਨਾ ਦੇਵੀ, ਤਰਨਜੀਤ ਸਿੰਘ, ਸੁਮਿਤ ਕੁਮਾਰ, ਨਵੀਨ ਸ਼ਰਮਾ ਆਦਿ ਹਾਜਰ ਸਨ ।

# ਗਰਭਵਤੀ ਮਹਿਲਾਵਾਂ ਲਈ ਮੁਫ਼ਤ ਮੈਡੀਕਲ ਚੈਕਅੱਪ ਕੈਂਪ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**

ਡਾ. ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਇੰ: ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸੀ.ਐਚ.ਸੀ ਚਮਕੌਰ ਸਾਹਿਬ ਵਿਖੇ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਅਭਿਆਨ ਤਹਿਤ ਗਰਭਵਤੀ ਔਰਤਾਂ ਲਈ ਮੁਫ਼ਤ ਹੈਲਥ ਚੈਕਅਪ ਕੈਂਪ ਲਗਾਇਆ ਗਿਆ। ਇਸ ਮੌਕੇ ਡਾ. ਸ਼ਲਾਖਾ ਧੀਰ ਮੈਡੀਕਲ ਅਫਸਰ ਨੇ ਗਰਭਵਤੀ ਮਹਿਲਾਵਾਂ ਦੀ ਮੁਫ਼ਤ ਜਾਂਚ ਕੀਤੀ ਅਤੇ ਉਨ੍ਹਾਂ ਕਿਹਾ ਕਿ ਨੈਸ਼ਨਲ ਹੈਲਥ ਮਿਸ਼ਨ ਅਧੀਨ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਅਭਿਆਨ ਤਹਿਤ ਗਰਭਵਤੀ ਔਰਤਾਂ ਨੂੰ ਮੁਫ਼ਤ ਸਿਹਤ ਸੇਵਾਵਾਂ ਦਿੱਤਿਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕੋਈ ਵੀ ਹਾਈ ਰਿਸਕ ਮਹਿਲਾ ਜਿਸ ਦਾ ਖੂਨ ਘੱਟ ਹੋਵੇ, ਪਹਿਲਾ ਬੱਚਾ ਸਜੇਰੀਅਨ ਨਾਲ ਪੈਦਾ ਹੋਇਆ ਹੋਵੇ, ਹਾਈ ਬਲੱਡ ਪ੍ਰੈਸ਼ਰ ਰਹਿੰਦਾ ਹੋਵੇ, ਸ਼ੂਗਰ ਦੀ ਬਿਮਾਰੀ ਹੋਵੇ ਜਾਂ ਕੋਈ ਹੋਰ ਬਿਮਾਰੀ ਤੋਂ ਪੀੜਤ ਹੋਵੇ, ਨੂੰ ਆਪਣਾ ਚੈਕਅਪ ਲਗਾਤਾਰ ਸਰਕਾਰੀ ਸਿਹਤ ਸੰਸਥਾ ਤੋਂ ਕਰਵਾਉਣਾ ਚਾਹੀਦਾ ਹੈ ਅਤੇ ਆਪਣੀ ਸਿਹਤ ਨੂੰ ਤੰਦਰੁਸਤ ਰੱਖਣ ਲਈ ਆਪਣੇ ਖਾਣੇ ਵਿੱਚ ਪੋਸ਼ਟਿਕ ਆਹਾਰ ਦਾ ਸੇਵਨ ਕਰਨਾ ਚਾਹੀਦਾ ਹੈ। ਇਸ ਮੌਕੇ ਹਰਵਿੰਦਰ ਸਿੰਘ ਸੈਣੀ ਬਲਾਕ ਐਕਸਟੈਨਸ਼ਨ ਐਜੂਕੇਟਰ ਨੇ ਗਰਭਵਤੀ ਔਰਤਾਂ ਨੂੰ ਸੰਤੁਲਿਤ ਖੁਰਾਕ ਹਰੀਆਂ ਸਬਜ਼ੀਆਂ, ਤਾਜ਼ਾ ਫਲ, ਸਮੇਂ ਅਨੁਸਾਰ ਖਾਣਾ ਖਾਣ, ਆਇਓਡੀਨ ਯੁਕਤ ਨਮਕ ਦੀ ਵਰਤੋਂ ਕਰਨ, ਖੂਨ ਦੀ ਕਮੀ ਨੂੰ ਪੂਰਾ ਕਰਨ ਲਈ ਆਇਰਨ ਫੋਲਿਕ ਐਸਿਡ ਖਾਣ, ਆਇਰਨ ਯੁਕਤ ਭੋਜਨ ਤੇ ਫਲ ਖਾਣ ਅਤੇ ਆਲੇ-ਦੁਆਲੇ ਸਾਫ ਸਫਾਈ ਰੱਖਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਤੇ ਡਾ.ਗੋਬਿੰਦ ਟੰਡਨ ਐਸ.ਐਮ.ਓ ਵੱਲੋਂ ਕੈਂਪ ਵਿੱਚ ਹਾਜ਼ਰ ਗਰਭਵਤੀ ਮਹਿਲਾਵਾਂ ਲਈ ਰਿਫਰੈਸ਼ਮੈਂਟ ਤੌਰ 'ਤੇ ਦੁੱਧ ਦਾ ਪ੍ਰਬੰਧ ਕੀਤਾ ਗਿਆ ਤੇ ਉਨ੍ਹਾਂ ਗਰਭਵਤੀ ਮਹਿਲਾਵਾਂ ਨੂੰ ਸਮੇਂ ਸਿਰ ਆਪਣਾ ਚੈੱਕਅਪ ਕਰਨ ਲਈ ਪ੍ਰੇਰਿਆ ਤੇ ਕਿਸੇ ਵੀ ਤਰ੍ਹਾਂ ਦੀ ਸਿਹਤ ਸਮੱਸਿਆ ਹੋਣ 'ਤੇ ਡਾਕਟਰੀ ਸਲਾਹ ਲੈਣ ਲਈ ਕਿਹਾ। ਉਨ੍ਹਾਂ ਦੱਸਿਆ ਕਿ ਅੱਜ ਦੇ ਕੈਂਪ ਵਿੱਚ 63 ਗਰਭਵਤੀ ਮਹਿਲਾਵਾਂ ਦਾ ਮੁਫ਼ਤ ਚੈੱਕਅਪ ਕੀਤਾ ਗਿਆ ਤੇ ਮੁਫ਼ਤ ਦਵਾਈ ਵੰਡੀ ਗਈ।

# ਸਿੱਖਿਆ ਬੋਰਡ ਸੇਵਾ ਮੁਕਤ ਆਫੀਸਰ ਐਸੋਸੀਏਸ਼ਨ ਦੀ ਮੀਟਿੰਗ 'ਚ ਪੈਨਸ਼ਨ ਸੰਬੰਧੀ ਚਰਚਾ

**ਮੋਹਾਲੀ (ਗੁਰਜੀਤ ਬਿੱਲਾ)**

ਪੰਜਾਬ ਸਕੂਲ ਸਿੱਖਿਆ ਬੋਰਡ ਰਿਟਾਇਰਡ ਆਫੀਸਰ ਐਸੋਸੀਏਸ਼ਨ ਦੀ ਮੀਟਿੰਗ ਰਣਜੀਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਸਿੱਖਿਆ ਬੋਰਡ ਦੇ ਗੈਸਟ ਹਾਊਸ ਦੇ ਮੀਟਿੰਗ ਹਾਲ ਵਿੱਚ ਹੋਈ। ਐਸੋਸੀਏਸ਼ਨ ਦੇ ਜਨਰਲ ਸਕੱਤਰ ਹਰਬੰਸ ਸਿੰਘ ਢੋਲੇਵਾਲ ਨੇ ਦੱਸਿਆ ਕਿ ਮੀਟਿੰਗ ਅਧਿਕਾਰੀਆਂ ਨੂੰ ਪੈਨਸ਼ਨ ਦੀ ਅਦਾਇਗੀ ਸਮੇਂ ਸਿਰ ਹੋਣੀ ਯਕੀਨੀ ਬਣਾਉਣ ਲਈ ਵਿਚਾਰ ਚਰਚਾ ਕੀਤੀ ਗਈ। ਢੋਲੇਵਾਲ ਨੇ ਬੀਤੇ ਦਿਨੀਂ ਸਿੱਖਿਆ ਬੋਰਡ ਦੀ ਚੇਅਰਪਰਸਨ ਡਾ. ਸਤਬੀਰ ਬੇਦੀ ਨਾਲ ਹੋਈ ਗੱਲਬਾਤ ਦੀ ਜਾਣਕਾਰੀ ਵਿਸਥਾਰ ਨਾਲ ਦੱਸੀ ਗਈ। ਇਸ ਮੌਕੇ ਆਫੀਸਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਰਿਟਾਇਰਡ ਉਪ ਸਕੱਤਰ ਰੌਣਕ ਲਾਲ ਅਰੋੜਾ ਨੇ ਕਿਹਾ ਕਿ ਰਿਟਾਇਰਡ ਅਧਿਕਾਰੀਆਂ ਨੇ ਸਿੱਖਿਆ ਬੋਰਡ ਨੂੰ ਅਪਣੇ ਸਮੇਂ ਆਪਣੇ ਪੈਰਾਂ ਤੇ ਖੜ੍ਹਾ ਕਰਨ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ ਗਿਆ। ਹੁਣ ਵਧਦੀ ਉਮਰ ਤੇ ਸਰੀਰਕ ਬਿਮਾਰੀਆਂ ਕਾਰਨ ਸੇਵਾ ਮੁਕਤ ਅਧਿਕਾਰੀ ਤੇ ਕਰਮਚਾਰੀ ਇਹੋ ਆਸ ਕਰਦੇ ਹਨ ਕਿ ਸਿੱਖਿਆ ਬੋਰਡ ਉਨ੍ਹਾਂ ਨੂੰ ਬਣਦੀ ਪੈਨਸ਼ਨ ਸਮੇਂ ਸਿਰ ਅਦਾ ਕਰਦਾ ਰਹੇ। ਐਸੋਸੀਏਸ਼ਨ ਦੇ ਪ੍ਰਧਾਨ ਰਣਜੀਤ ਸਿੰਘ ਮਾਨ ਨੇ ਦੱਸਿਆ ਕਿ ਬੀਤੇ ਸਮੇਂ ਦੀਆਂ ਸਰਕਾਰਾਂ ਨੇ ਵਿਦਿਆਰਥੀਆਂ ਨੂੰ ਦਿੱਤੀਆਂ ਮੁਫਤ ਪਾਠ-ਪੁਸਤਕਾਂ ਦੀ 800 ਕਰੋੜ ਦੀ ਅਦਾਇਗੀ ਨਹੀਂ ਕੀਤੀ । ਇਸ ਤੋਂ ਇਲਾਵਾ ਐਸ.ਸੀ. ਵਿਦਿਆਰਥੀਆਂ ਦੀ ਬਣਦੀ ਪ੍ਰੀਖਿਆ ਫੀਸ ਦੀ ਭਰਪਾਈ ਵੀ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਸਿੱਖਿਆ ਬੋਰਡ ਦੀ ਚੇਅਰਪਰਸਨ ਵੱਲੋਂ ਸਰਕਾਰ ਵੱਲ ਬਣਦੀ ਰਾਸ਼ੀ ਲੈਣ ਲਈ ਨਿੱਜੀ ਦਿਲਚਸਪੀ ਦਿਖਾਉਂਦੇ ਹੋਏ ਪੰਜਾਬ ਸਰਕਾਰ ਨਾਲ ਤਾਲਮੇਲ ਕੀਤਾ ਗਿਆ ਹੈ ਜਿਸ ਦੇ ਚੰਗੇ ਸਿੱਟੇ ਨਿਕਲਣ ਦੀ ਉਮੀਦ ਹੈ। ਮੀਟਿੰਗ ਵਿੱਚ ਇਕ ਮਤਾ ਪਾਸ ਕਰਕੇ ਚੇਅਰਪਰਸ਼ਨ ਦੇ ਯਤਨਾਂ ਦੀ



ਸ਼ਲਾਘਾ ਕੀਤੀ ਗਈ। ਇਹ ਵੀ ਫੈਸਲਾ ਕੀਤਾ ਗਿਆ ਕਿ ਐਸੋਸੀਏਸ਼ਨ ਆਪਣੇ ਪੱਧਰ 'ਤੇ ਵੀ ਸਾਰੀ ਰਹਿੰਦੀ ਬਕਾਇਆ ਰਾਸ਼ੀ ਦੀ ਸੂਚਨਾ ਇਕੱਤਰ ਕਰਕੇ ਸਰਕਾਰ ਨਾਲ ਤਾਲਮੇਲ ਕਰੇਗੀ। ਬਕਾਇਆ ਰਹਿੰਦੀ ਰਾਸ਼ੀ ਸੰਬੰਧੀ ਲੋੜੀਦੇ ਬਿੱਲਾਂ ਸੰਬੰਧੀ ਵੀ ਸੰਬੰਧਤ ਅਧਿਕਾਰੀਆਂ ਨਾਲ ਤਾਲਮੇਲ ਕਰਗੀ। ਇਸ ਸਮੇਂ 7 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਵਿੱਚ ਪ੍ਰਧਾਨ ਰਣਜੀਤ ਸਿੰਘ ਮਾਨ, ਹਰਬੰਸ ਢੋਲੇਵਾਲ, ਗੁਰਦੀਪ ਸਿੰਘ ਸਿਆਨ, ਹਰਵਿੰਦਰ ਸਿੰਘ, ਮੇਘਰਾਜ ਗੋਇਲ, ਰਣਭਿੰਦਰ ਸਿੰਘ, ਨਿਸ਼ਾਨ ਸਿੰਘ ਕਾਹਲੋਂ ਤੋਂ ਇਲਾਵਾ ਰੌਣਕ ਲਾਲ ਅਰੋੜਾ ਅਤੇ ਚੌਧਰੀ ਦਲੀਪ ਚੰਦ ਨੂੰ ਸਪੈਸ਼ਲ ਇਨਵਾਇਟੀ ਸ਼ਾਮਲ ਕੀਤਾ ਗਿਆ। ਰਛਭਿੰਦਰ ਸਿੰਘ ਨੂੰ ਐਸੋਸੀਏਸ਼ਨ ਦਾ ਕੈਸ਼ੀਅਰ ਬਣਾਇਆ ਗਿਆ ਹੈ। ਪ੍ਰਧਾਨ ਸਕੱਤਰ ਤੋਂ ਇਲਾਵਾ, ਰੌਣਕ ਲਾਲ ਅਰੋੜਾ, ਚੌਧਰੀ ਦਲੀਪ ਚੰਦ, ਗੁਰਦੀਪ ਸਿੰਘ ਸਿਆਣ, ਹਰਬੰਸ ਬਾਗੜੀ, ਰਛਭਿੰਦਰ ਸਿੰਘ, ਇਕਬਾਲ ਸਿੰਘ, ਸੁਰਿੰਦਰ ਪਾਲ ਸਿੰਘ, ਪਰਗਟ ਸਿੰਘ, ਹਰਵਿੰਦਰ ਸਿੰਘ, ਮੇਘਰਾਜ ਗੋਇਲ, ਮਲੂਕ ਸਿੰਘ, ਸੰਤੋਖ ਸਿੰਘ, ਜਗਦੀਸ਼ ਸਿੰਘ ਅਤੇ ਨਿਸ਼ਾਨ ਸਿੰਘ ਕਾਹਲੋਂ ਆਦਿ ਹਾਜ਼ਰ ਸਨ।

# ਮਨੀਪੁਰ ਵਿਖੇ ਔਰਤਾਂ ਨਾਲ ਹੋਏ ਘਿਨਾਉਣੇ ਕਾਰਨਾਮੇ ਨੇ ਮੋਦੀ ਨੂੰ ਕਟਹਿਰੇ 'ਚ ਲਿਆਂਦਾ : ਜਨਤਕ ਜਥੇਬੰਦੀਆਂ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਇੱਥੇ ਮਨੀਪੁਰ ਦੀਆ ਸ਼ਰਮਨਾਕ ਘਟਨਾਵਾਂ ਵਿਰੁੱਧ ਸੀਟੂ, ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਅਤੇ ਕੁਲ ਹਿੰਦ ਕਿਸਾਨ ਸਭਾ ਨੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ। ਸੀਟੂ ਦੇ ਆਗੂ ਸੁਖਦੇਵ ਸਿੰਘ ਗਰਚਾ,ਕੁਲ ਹਿੰਦ ਕਿਸਾਨ ਸਭਾ ਦੇ ਚਰਨਜੀਤ ਸਿੰਘ ਅਤੇ ਖੇਤ ਮਜਦੂਰ ਯੂਨੀਅਨ ਦੇ ਸਰਾਧੂ ਰਾਮ ਤਾਜੋਵਾਲ, ਸਤਨਾਮ ਸਿੰਘ ਜਾਨੀਵਾਲ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮਨੀਪੁਰ ਦੀ ਬਰੇਨ ਸਿੰਘ ਸਰਕਾਰ ਜੋ ਹਲਾਤ ਭੈੜੇ ਬਣੇ ਹਨ ਉਸ ਦੀ ਮੁੱਖ ਦੋਸ਼ੀ ਹੈ ਇਸ ਨੂੰ ਤੁਰੰਤ ਚਲਦਾ ਕੀਤਾ ਜਾਵੇ, ਜਿਹਨਾਂ ਦੋਸ਼ੀਆਂ ਨੇ ਔਰਤਾਂ ਨੂੰ ਨਗਨ ਕਰਕੇ ਸ਼ਰੇਆਮ ਘੁਮਾਇਆ ਹੀ ਨਹੀਂ ਸਗੋ ਉਹਨਾਂ ਦੇ ਸਰੀਰ ਨਾਲ ਖਿਲਵਾੜ ਵੀ ਕੀਤਾ ਹੈ ਉਹਨਾ ਨੂੰ ਫਾਂਸੀ ਤੋਂ ਘੱਟ ਸਜ਼ਾ ਨਹੀ ਮਿਲਣੀ ਚਾਹੀਦੀ। ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਦੇਸ਼ ਦਾ ਗ੍ਰਹਿ ਮੰਤਰੀ ਅਮਿਤ ਸ਼ਾਹ ਦੋਸ਼ੀਆ ਦੀ ਕਤਾਰ ਵਿੱਚ ਖੜੇ ਸਪੱਸ਼ਟ ਦਿਖਾਈ ਦੇ ਰਹੇ ਹਨ। ਉਹਨਾਂ ਨੇ ਰਾਸ਼ਟਰਪਤੀ ਪਾਸੋਂ ਮੰਗ ਕੀਤੀ ਕਿ ਉਹ ਆਪਣੀ ਸੰਵਿਧਾਨਕ ਸ਼ਕਤੀ ਵਰਤਦਿਆਂ ਮਨੀਪੁਰ ਦੀ ਸਰਕਾਰ ਨੂੰ ਤੁਰੰਤ ਬਰਖਾਸਤ ਕਰਨ । ਕੇਂਦਰ ਦੀ ਸਰਕਾਰ ਨੂੰ ਹਦਾਇਤ ਕਰਨ ਉਹ ਬਿਨਾਂ ਕਿਸੇ ਵਿਤਕਰੇ ਤੋਂ ਸਮੂਹ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਸਖਤ ਤੋਂ ਸਖਤ ਸਜ਼ਾਵਾਂ ਦੁਆਉਣ । ਆਗੂਆਂ ਨੇ ਮਨੀਪੁਰ ਦੇ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬੀ ਜੇ ਪੀ ਤੇ ਆਰ ਐਸ ਐਸ ਦੀਆਂ ਸਾਜ਼ਿਸ਼ਾਂ ਤੋਂ ਸੁਚੇਤ ਰਹਿੰਦਿਆਂ ਫਿਰਕੂ ਇਕਸੁਰਤਾ ਬਣਾਈ ਰੱਖਣ। ਇਸ ਮੌਕੇ 'ਤੇ ਸਰਜੀਵਨ ਸਿੰਘ ਕਰਮਜੀਤ ਜਾਡਲਾ ਜੈ ਰਾਮ ਗਰਚਾ, ਅਵਤਾਰ ਸਿੰਘ ਮੁਬਾਰਕ ਪੁਰ ਸੋਨੂੰ ਸੁਰਜੀਤ ਕੌਰ ਸੋਨੀ ਗੋਰੀ ਗੁਰਬਖਸ਼ ਕੌਰ,ਰਾਜ ਦੇਵੀ ਕਮਲਜੀਤ ਕੌਰ ਆਦਿ ਸਾਥੀ ਹਾਜ਼ਰ ਸਨ।



# ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਵੱਲੋਂ ਮਨੀਪੁਰ 'ਚ ਵਾਪਰੀਆਂ ਅਪਮਾਨਜਨਕ ਘਟਨਾਵਾਂ ਵਿਰੁੱਧ ਅਰਥੀ ਫੂਕ ਰੈਲੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੇ ਸੱਦੇ 'ਤੇ ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਪੰਜਾਬ ਤਹਿਸੀਲ ਹੁਸ਼ਿਆਰਪੁਰ ਵੱਲੋਂ ਸੂਬੇ ਦੇ ਬਾਕੀ ਸਥਾਨਾਂ ਵਾਂਗ ਮਨੀਪੁਰ ਵਿਖੇ ਔਰਤਾਂ ਦੇ ਯੌਨ ਸ਼ੋਸ਼ਣ ਅਤੇ ਵਾਪਰ ਰਹੀਆਂ ਅਪਮਾਨਜਨਕ ਘਟਨਾਵਾਂ ਵਿਰੁੱਧ ਸ਼ਹੀਦ ਊਧਮ ਸਿੰਘ ਪਾਰਕ ਹੁਸ਼ਿਆਰਪੁਰ ਵਿਖੇ ਰੋਸ ਰੈਲੀ ਕੀਤੀ ਗਈ ਅਤੇ ਸ਼ਹਿਰ ਅੰਦਰ ਰੋਸ ਮਾਰਚ ਕਰਕੇ ਬੱਸ ਅੱਡੇ ਅੱਗੇ ਮਨੀਪੁਰ ਦੇ ਮੁੱਖ ਮੰਤਰੀ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਦੀ ਅਰਥੀ ਫੂਕੀ ਗਈ। ਜਥੇਬੰਦੀ ਦੀਆਂ ਆਗੂਆਂ ਹਰਨਿੰਦਰ ਕੌਰ ਅਤੇ ਬਲਵਿੰਦਰ ਕੌਰ ਦੀ ਅਗਵਾਈ ਹੇਠ ਕੀਤੀ ਇਸ ਅਰਥੀ ਫੂਕ ਰੈਲੀ ਨੂੰ ਸੰਬੋਧਨ ਕਰਦਿਆਂ ਪ.ਸ.ਸ.ਫ. ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਨੇ ਕਿਹਾ ਕਿ ਔਰਤਾਂ 'ਤੇ ਅੱਤਿਆਚਾਰ ਕਰਨ ਵਾਲੇ ਦੋਸ਼ੀਆਂ ਨੂੰ ਤਰੁੰਤ ਫਾਹੇ ਲਾਇਆ ਜਾਵੇ। ਇਸ ਸਮੇਂ ਆਗੂਆਂ ਨੇ ਕਿਹਾ ਕਿ ਬੀਤੇ ਤਿੰਨ ਮਹੀਨਿਆਂ ਤੋਂ ਮਨੀਪੁਰ ਵਿੱਚ ਸਰਕਾਰੀ ਸ਼ਹਿ 'ਤੇ ਇੱਕ ਖਾਸ ਫਿਰਕੇ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤੇ ਪੁਲਿਸ ਫੋਰਸ ਮੂਕ ਦਰਸ਼ਕ ਬਣ ਕੇ ਰਹਿ ਗਈ ਹੈ, ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਮਨੀਪੁਰ ਦੀਆਂ ਘਟਨਾਵਾਂ ਤੋਂ ਮੂੰਹ ਮੋੜ



ਕੇ ਵਿਦੇਸ਼ੀ ਦੌਰੇ ਕਰਨ ਵਿੱਚ ਵਿਅਸਤ ਹਨ। ਇਸ ਸਮੇਂ ਆਗੂਆਂ ਨੇ ਕਿਹਾ ਕਿ ਡਬਲ ਇੰਜਣ ਦੀ ਸਰਕਾਰ ਹੋਣ ਦੇ ਬਾਵਜੂਦ ਦੋਸ਼ੀਆਂ ਨੂੰ ਡਬਲ ਪੁਸ਼ਤਪਨਾਹੀ ਕਰਕੇ ਬਚਾਇਆ ਜਾ ਰਿਹਾ ਹੈ। ਇਸ ਮੌਕੇ ਜਸਪ੍ਰੀਤ ਕੌਰ, ਹਜਿੰਦਰ ਕੌਰ, ਇੰਦਰਜੀਤ ਕੌਰ, ਕਮਲਜੀਤ ਕੌਰ, ਜਸਵੀਰ ਕੌਰ, ਮਨਿੰਦਰ ਕੌਰ, ਰਾਜ ਕੁਮਾਰੀ, ਪ੍ਰਵੀਨ ਕੁਮਾਰੀ, ਪਰਮਿੰਦਰ ਕੌਰ, ਕਮਲਜੀਤ ਕੌਰ, ਮਲਕੀਤ ਕੌਰ, ਕੁਲਵਿੰਦਰ ਕੌਰ, ਸੋਨੀਆ, ਨੀਲਮ, ਅਮਰਜੀਤ ਕੌਰ ਪ.ਸ ਸ.ਸ.ਫ. ਆਗੂ ਇੰਦਰਜੀਤ ਵਿਰਦੀ, ਰਕੇਸ਼ ਕੁਮਾਰ, ਗੁਰਪ੍ਰੀਤ ਸਿੰਘ, ਕੁਲ ਬਹਾਦਰ, ਸੁਖਵੀਰ ਸਿੰਘ, ਨਵਜੋਤ ਸਿੰਘ, ਪੈਨਸ਼ਨਰ ਆਗੂ ਕੁਲਵਰਨ ਸਿੰਘ, ਮਨਜੀਤ ਸੈਣੀ, ਦਵਿੰਦਰ ਸਿੰਘ ਕੱਕੋਂ, ਮਨਜੀਤ ਬਾਜਵਾ ਵੀ ਹਾਜ਼ਰ ਸਨ।

# ਗਮਾਡਾ ਤੋਂ 50 ਕਰੋੜ ਦੇ ਰਾਹਤ ਫੰਡ ਦੀ ਮੰਗ ਕੀਤੀ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਮੋਹਾਲੀ ਦੇ ਮੇਅਰ ਅਮਰਜੀਤ ਸਿੰਘ ਸਿੱਧੂ ਨੇ ਮੰਗਲਵਾਰ ਨੂੰ ਗਮਾਡਾ ਦੇ ਮੁੱਖ ਪ੍ਰਸ਼ਾਸਕ ਨੂੰ ਨਿੱਜੀ ਤੌਰ 'ਤੇ ਸੌਂਪੇ ਇਕ ਪੱਤਰ ਰਾਹੀਂ ਸ਼ਹਿਰ ਦੇ ਕੁਦਰਤੀ ਤੇ ਪੁਰਾਣੇ ਡਰੇਨੇਜ ਸਿਸਟਮ ਨੂੰ ਬਹਾਲ ਕਰਨ ਲਈ ਤੁਰੰਤ 50 ਕਰੋੜ ਰੁਪਏ ਦਾ ਰਾਹਤ ਫੰਡ ਜਾਰੀ ਕਰਨ ਦੀ ਮੰਗ ਕੀਤੀ ਹੈ। ਸਿੱਧੂ ਨੇ ਕਿਹਾ ਕਿ ਮੁੱਢਲੀਆਂ ਰਿਪੋਰਟਾਂ ਅਨੁਸਾਰ ਪੁਰਾਣੀ ਕੁਦਰਤੀ ਨਿਕਾਸੀ ਪ੍ਰਣਾਲੀ ਵਿਚ ਪੈਦਾ ਕੀਤੇ ਗਏ ਤਰ੍ਹਾਂ ਤਰ੍ਹਾਂ ਦੀਆਂ ਅੜਚਣਾਂ ਹੀ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹਨ ਅਤੇ ਇਨ੍ਹਾਂ ਅੜਚਣਾਂ ਨੂੰ ਦੂਰ ਕਰਨ ਲਈ ਗਮਾਡਾ ਤੋਂ ਤੁਰੰਤ ਵਾਧੂ ਫੰਡਾਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨਾਂ ਵਿਚ ਹੋਈ ਬਰਸਾਤ ਕਾਰਨ ਨਗਰ ਨਿਗਮ ਵੱਲੋਂ ਕਰਵਾਏ ਗਏ ਕਈ ਵਿਕਾਸ ਕਾਰਜ ਨੁਕਸਾਨੇ ਗਏ ਹਨ। ਮੇਅਰ ਨੇ ਕਿਹਾ ਕਿ ਮੁਹਾਲੀ ਵਾਸੀਆਂ ਨੂੰ ਬਰਸਾਤ ਦੇ ਇਸ ਮੌਸਮ ਵਿਚ ਵੱਡੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਹੈ ਜੋ ਆਪਣੇ ਆਪ ਵਿਚ ਮੰਦਭਾਗਾ ਹੈ। ਸਿੱਧੂ ਨੇ ਮੋਹਾਲੀ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਅਗਲੇ ਸਾਲ ਤੋਂ ਪਾਣੀ ਭਰਨ ਦੀ ਕੋਈ ਸਮੱਸਿਆ ਨਹੀਂ ਆਵੇਗੀ ਅਤੇ ਉਹ ਬਿਨਾਂ ਕਿਸੇ ਪਰੇਸ਼ਾਨੀ ਦੇ ਬਰਸਾਤ ਦੇ ਮੌਸਮ ਦਾ ਆਨੰਦ ਮਾਣਨਗੇ।

# ਇਨਸਾਫ ਪਸੰਦ ਜਥੇਬੰਦੀਆਂ ਨੇ ਕੇਂਦਰ ਤੇ ਮਨੀਪੁਰ ਸਰਕਾਰ ਦਾ ਫੂਕਿਆ ਪੁਤਲਾ



**ਮਾਹਿਲਪੁਰ (ਨਿਰਮਲ ਸਿੰਘ ਮੁੱਗੋਵਾਲ)**

ਭਾਰਤ ਅਜਿਹਾ ਦੇਸ਼ ਹੈ, ਜਿੱਥੇ ਵੱਖ-ਵੱਖ ਧਰਮਾਂ ਦੇ ਲੋਕ ਵਖਰੇਵਿਆਂ ਦੇ ਬਾਵਜੂਦ ਇਕੱਠੇ ਰਹਿੰਦੇ ਆਏ ਹਨ। ਪ੍ਰੰਤੂ ਜਦੋਂ ਤੋਂ ਮੋਦੀ ਸਰਕਾਰ ਸੱਤਾ ਵਿੱਚ ਆਈ ਹੈ ਉਦੋਂ ਤੋਂ ਫਿਰਕਿਆਂ ਵਿੱਚ ਜਹਿਰ ਘੋਲਿਆ ਜਾ ਰਿਹਾ ਹੈ। ਦੇਸ਼ ਦੇ ਵੱਖ-ਵੱਖ ਇਲਾਕਿਆਂ ਵਿੱਚ ਰੋਜ਼ਾਨਾ ਬਹੁਤ ਸਾਰੀਆਂ ਮੰਦਭਾਗੀਆਂ ਘਟਨਾਵਾਂ ਸਰਕਾਰਾਂ ਦੀ ਸ਼ਹਿ 'ਤੇ ਵਾਪਰ ਰਹੀਆਂ ਹਨ ਜਿੱਥੇ ਦਲਿਤਾਂ, ਪਛੜਿਆਂ, ਔਰਤਾਂ ਅਤੇ ਘੱਟ-ਗਿਣਤੀਆਂ ਨਾਲ ਹਰ ਥਾਂ ਤਸ਼ੱਦਦ ਹੋ ਰਿਹਾ ਹੈ। ਭਾਰਤ ਦੇ ਮਨੀਪੁਰ ਸੂਬੇ ਵਿੱਚ ਵਿਗੜੇ ਹਾਲਾਤ ਦਾ ਸੇਕ ਅਜੇ ਠੰਢਾ ਨਹੀਂ ਹੋਇਆ ਸੀ ਕਿ ਸੂਬੇ 'ਚ ਸਰਕਾਰ ਦੀ ਸਰਪ੍ਰਸਤੀ ਪ੍ਰਾਪਤ ਗੁੰਡਿਆਂ ਵੱਲੋਂ ਦੂਜੇ ਕਬੀਲੇ ਦੀਆਂ ਔਰਤਾਂ ਨਾਲ ਜਿਣਸੀ ਸ਼ੋਸ਼ਣ ਦੀਆਂ ਸਾਰੀਆਂ ਹੱਦਾਂ ਪਾਰ ਕਰਨ ਤੇ ਵੀ ਸੂਬੇ ਦੀ ਬਿਰੇਨ ਸਿੰਘ ਦੀ ਸਰਕਾਰ ਅਤੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਸੂਬੇ ਦੇ ਹਾਲਾਤ ਵਿਗੜਨ 'ਤੇ ਵੀ ਕੋਈ ਸਾਰਥਕ ਕਦਮ ਚੁੱਕਣਾ ਤਾਂ ਦੂਰ ਉਲਟਾ ਮੋਦੀ ਵਿਦੇਸ਼ੀ ਦੌਰਿਆਂ ਵਿੱਚ ਮਸਤ ਹੈ। ਔਰਤਾਂ ਨਾਲ ਕੀਤੇ ਜਿਣਸੀ ਦੁਰਵਿਹਾਰ ਤੇ ਘੋਰ ਅੱਤਿਆਚਾਰ ਦੇ ਵਿਰੋਧ ਵਜੋਂ ਮੁਲਾਜ਼ਮ-ਪੈਨਸ਼ਨਰ ਜੱਥੇਬੰਦੀਆਂ ਵਲੋਂ ਪ੍ਰਿੰਸੀਪਲ ਪਿਆਰਾ ਸਿੰਘ, ਕਿਸਾਨ ਆਗੂ ਤਲਵਿੰਦਰ ਹੀਰ ਨੰਗਲ ਖਿਲਾੜੀਆਂ, ਨਰਿੰਦਰ ਅਜਨੋਹਾ, ਮੱਖਣ ਸਿੰਘ ਲੰਗੇਰੀ ਅਤੇ ਕਮਲਜੀਤ ਕੌਰ ਦੀ ਸਰਪ੍ਰਸਤੀ ਹੇਠ ਮਾਹਿਲਪੁਰ ਵਿਖੇ ਸਬਜ਼ੀ ਮੰਡੀ ਵਿਚ ਰੈਲੀ ਕਰਕੇ ਸ਼ਹਿਰ ਵਿੱਚ ਰੋਸ ਮਾਰਚ ਕਰਨ ਉਪਰੰਤ ਮਨੀਪੁਰ ਅਤੇ ਕੇਂਦਰ ਸਰਕਾਰ ਦਾ ਪੁਤਲਾ ਮਾਹਿਲਪੁਰ ਦੇ ਮੁੱਖ ਚੌਂਕ 'ਚ ਫੂਕ ਕੇ ਆਪਣਾ ਵਿਰੋਧ ਪ੍ਰਦਰਸ਼ਨ ਪ੍ਰਗਟ ਕੀਤਾ। ਇਸ ਮੌਕੇ ਸਤਪਾਲ ਲੱਠ, ਵਿਜੇ ਬੰਬੇਲੀ, ਪ੍ਰੋਫੈਸਰ ਅਜੀਤ ਸਿੰਘ, ਸੋਹਣ ਸਿੰਘ ਭੂੰਨੋ, ਸੁਖਦੇਵ ਡਾਨਸੀਵਾਲ, ਹਰਭਜਨ ਸਿੰਘ, ਮਹਿੰਦਰ ਪਾਲ, ਸਗਲੀ ਰਾਮ, ਲਵਦੀਪ ਕੌਰ, ਮਨਜਿੰਦਰ ਹੱਲੂਵਾਲ, ਮਲਕੀਤ ਸਿੰਘ ਹੀਰ, ਸੰਦੀਪ ਸਿੰਘ ਖਾਲਸਾ, ਜਸਪ੍ਰੀਤ ਸਿੰਘ, ਲਖਵੀਰ ਸਿੰਘ, ਗਗਨਦੀਪ ਸਿੰਘ, ਸਤਪ੍ਰਕਾਸ਼ ਕੈਨੇਡੀਅਨ, ਪਵਿੱਤਰ ਸਿੰਘ, ਜਸਵੀਰ ਸਿੰਘ ਸੀਰਾ, ਨਿਰਮਲ ਸਿੰਘ, ਗੁਰਿੰਦਰਜੀਤ ਸਿੰਘ, ਦਿਆਲ ਸਿੰਘ, ਸਤਵੰਤ ਕੌਰ, ਨੀਲਮ, ਜਸਕਰਨਜੀਤ ਸਿੰਘ, ਜਸਵੀਰ, ਆਸ਼ਾ, ਪਰਮਜੀਤ, ਹਰਮਨੋਜ ਕੁਮਾਰ, ਜਗਦੀਸ਼, ਸ਼ਿੰਦਰਪਾਲ, ਰਘਵੀਰ ਸਿੰਘ, ਦਵਿੰਦਰ ਸਿੰਘ ਆਦਿ ਵੱਡੀ ਗਿਣਤੀ ਵਿੱਚ ਮੁਲਾਜ਼ਮ, ਪੈਨਸ਼ਨਰ ਅਤੇ ਇਨਸਾਫ ਪਸੰਦ ਲੋਕ ਹਾਜ਼ਰ ਸਨ।

# 'ਆਪ' ਦਾ ਕਾਫਲਾ ਚੰਡੀਗੜ੍ਹ ਧਰਨੇ ਲਈ ਰਵਾਨਾ



**ਟਾਂਡਾ ਉੜਮੁੜ, (ਉਂਕਾਰ ਸਿੰਘ, ਜਸਵਿੰਦਰ ਸੰਧੂ)**- ਮਨੀਪੁਰ ਵਿੱਚ ਵਾਪਰੀ ਅਣਮਨੁੱਖੀ ਘਟਨਾ ਨਾਲ ਦੇ ਵਿਰੋਧ ਵਿੱਚ ਆਮ ਆਦਮੀ ਪਾਰਟੀ ਵੱਲੋਂ ਚੰਡੀਗੜ੍ਹ ਵਿਖੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਤੇ ਰੋਸ ਧਰਨੇ ਵਿੱਚ ਸ਼ਾਮਿਲ ਹੋਣ ਲਈ ਆਮ ਆਦਮੀ ਪਾਰਟੀ ਵਰਕਰਾਂ ਦਾ ਕਾਫਲਾ ਦਾਣਾ ਮੰਡੀ ਟਾਂਡਾ ਤੋਂ ਰਵਾਨਾ ਹੋਇਆ ਤੇ ਪਹਿਲਾਂ ਕੇਂਦਰ ਦੀ ਭਾਜਪਾ ਸਰਕਾਰ ਵਿਰੁੱਧ ਨਾਅਰੇਬਾਜੀ ਤੇ ਰੋਸ ਪ੍ਰਦਰਸ਼ਨ ਕੀਤਾ। ਜ਼ਿਲ੍ਹਾ ਯੂਥ ਪ੍ਰਧਾਨ ਚੌਧਰੀ ਰਾਜਵਿੰਦਰ ਸਿੰਘ ਰਾਜਾ,ਬਲਾਕ ਪ੍ਰਧਾਨ ਕੇਸ਼ਵ ਸੈਣੀ,ਸਿਟੀ ਪ੍ਰਧਾਨ ਨੰਬਰਦਾਰ ਜਗਜੀਵਨ ਜੱਗੀ, ਕੋਰ ਕਮੇਟੀ ਮੈਂਬਰ ਸੁਖਵਿੰਦਰ ਸਿੰਘ ਅਰੋੜਾ, ਬੇਟ ਖੇਤਰ ਇੰਚਾਰਜ ਰਜਿੰਦਰ ਸਿੰਘ ਮਾਰਸ਼ਲ ਨੇ ਕਿਹਾ ਕਿ ਮਨੀਪੁਰ ਵਿੱਚ ਵਾਪਰੀ ਅਣਮਨੁੱਖੀ ਘਟਨਾ ਅਤਿ ਨਿੰਦਣਯੋਗ ਹੈ ਅਤੇ ਇਸ ਨਾਲ ਭਾਜਪਾ ਦਾ ਅਸਲੀ ਚਿਹਰਾ ਬੇਨਕਾਬ ਹੋ ਗਿਆ ਹੈ। ਉਕਤ ਆਗੂਆਂ ਨੇ ਇਸ ਘਟਨਾ ਨੂੰ ਕਲੰਕ ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਵਿਸ਼ਵ ਪੱਧਰ 'ਤੇ ਪੂਰਾ ਦੇਸ਼ ਸ਼ਰਮਸਾਰ ਹੋਇਆ ਹੈ ਉਨ੍ਹਾਂ ਕਿਹਾ ਕਿ ਅਜਿਹੇ ਦੋਸ਼ੀਆਂ ਨੂੰ ਮਿਸਾਲੀ ਸਜਾ ਦੇਣੀ ਚਾਹੀਦੀ ਹੈ ਤਾਂ ਜੋ ਅਜਿਹੀ ਘਿਨਾਉਣੀ ਹਰਕਤ ਕਰਨ ਦੀ ਕੋਈ ਜੁਰਅਤ ਨਾ ਕਰੇ। ਇਸ ਮੌਕੇ ਕੌਂਸਲਰ ਸੁਰਿੰਦਰਜੀਤ ਸਿੰਘ ਬਿੱਲੂ, ਪ੍ਰਿੰਸ ਸਲੇਮਪੁਰ, ਲਖਵਿੰਦਰ ਸਿੰਘ ਸੇਠੀ, ਸਰਬਜੀਤ ਸਿੰਘ ਵਿਕੀ, ਗੁਰਸਮਿੰਦਰ ਸਿੰਘ ਰੰਮੀ,ਅਵਤਾਰ ਤਾਰੀ, ਸੇਵਾ ਸਿੰਘ, ਗੁਰਮੀਤ ਬਿੱਟੂ, ਰਾਜਨ ਸੋਧੀ, ਸਰਪੰਚ ਗੁਰਵਿੰਦਰ ਸਿੰਘ ਗੋਲਡੀ ਨੰਬਰਦਾਰ, ਇੱਕਬਾਲ ਸਿੰਘ ਸਬੀ,ਪ੍ਰੇਮ ਜੈਨ, ਰਸਪਾਲ ਸਿੰਘ, ਕੁਲਦੀਪ ਸਿੰਘ ਮਿੰਟੂ, ਹਰਜੀਤ ਭਾਟੀਆ, ਤਰਸੇਮ ਸਿੰਘ, ਮਾਸਟਰ ਕੁਲਵੰਤ ਸਿੰਘ ਜਹੂਰਾ,ਮਨੀਪਾਲ ਸਿੰਘ, ਬਲਜੀਤ ਸੈਣੀ, ਪ੍ਰੇਮ ਪਡਵਾਲ, ਸਾਈ ਭੂਲਪੁਰੀਆ, ਜੋਗਿੰਦਰ ਸਿੰਘ ਮਿਆਣੀ, ਪਾਲਾ ਕੇਸਪੁਰੀਆ ਹਾਜਰ ਸਨ।

# ਸਰਬ ਨੌਜਵਾਨ ਸਭਾ ਨੇ ਸ਼ਿਵਪੁਰੀ 'ਚ ਆਰੰਭੀ ਡੇਂਗੂ ਜਾਗਰੂਕਤਾ ਮੁਹਿੰਮ

**ਫਗਵਾੜਾ (ਜਸਵਿੰਦਰ ਢੱਡਾ)**

ਸਰਬ ਨੌਜਵਾਨ ਸਭਾ ਵਲੋਂ ਡੇਂਗੂ ਜਾਗਰੁਕਤਾ ਦੇ ਉਦੇਸ਼ ਨੂੰ ਮੁੱਖ ਰੱਖਦਿਆਂ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸਿਵਲ ਹਸਪਤਾਲ ਫਗਵਾੜਾ ਦੇ ਸਹਿਯੋਗ ਨਾਲ ਇਕ ਸਮਾਗਮ ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਮੁਹੱਲਾ ਸ਼ਿਵਪੁਰੀ ਵਿਖੇ ਕਰਵਾਇਆ ਗਿਆ। ਜਿਸ 'ਚ ਮੁੱਖ ਮਹਿਮਾਨ ਦੇ ਤੌਰ 'ਤੇ ਐਸ.ਐਮ.ਓ. ਡਾ: ਲਹਿੰਬਰ ਰਾਮ ਅਤੇ ਗੈਸਟ ਆਫ ਆਨਰ ਵਜੋਂ ਨਾਇਬ ਤਹਿਸੀਲਦਾਰ ਪਵਨ ਕੁਮਾਰ ਸ਼ਰਮਾ ਨੇ ਸ਼ਿਰਕਤ ਕੀਤੀ। ਹਾਜਰੀਨ ਨੂੰ ਸੰਬੋਧਨ ਕਰਦਿਆਂ ਐਸ.ਐਮ.ਓ. ਡਾ. ਲੈਹਿੰਬਰ ਰਾਮ ਨੇ ਦੱਸਿਆ ਕਿ ਬਰਸਾਤੀ ਮੌਸਮ 'ਚ ਘਰਾਂ ਦੇ ਆਲੇ-ਦੁਆਲੇ ਇਕੱਤਰ ਹੋਣ ਵਾਲੇ, ਕੂਲਰਾਂ ਅਤੇ ਪੰਛੀਆਂ ਦੇ ਪੀਣ ਲਈ ਕਈ ਦਿਨਾਂ ਦੇ ਰੱਖੇ ਪਾਣੀ 'ਚ ਡੇਂਗੂ ਮੱਛਰ ਦੇ ਫੈਲਣ ਦੀ ਪੂਰੀ ਸੰਭਾਵਨਾ ਰਹਿੰਦੀ ਹੈ। ਇਸ ਵਾਸਤੇ ਘਰਾਂ ਦੇ ਆਲੇ-ਦੁਆਲੇ ਜਿਥੇ ਗੰਦਗੀ ਤੋਂ ਨਿਜ਼ਾਤ ਪਾਉਣ ਦੀ ਲੋੜ ਹੈ, ਉਥੇ ਸਾਫ ਪਾਣੀ ਘਰਾਂ ਦੁਆਲੇ ਇਕੱਤਰ ਨਾ ਹੋਵੇ, ਇਸ ਗੱਲ ਦਾ ਵੀ ਖਾਸ ਧਿਆਨ ਰੱਖਣਾ ਚਾਹੀਦਾ ਹੈ। ਨਾਇਬ ਤਹਿਸੀਲਦਾਰ ਪਵਨ ਕੁਮਾਰ ਨੇ ਭਰੋਸਾ ਦਿੱਤਾ ਕਿ ਫਗਵਾੜਾ ਪ੍ਰਸ਼ਾਸਨ ਸ਼ਹਿਰ ਦੇ ਨਾਗਰਿਕਾਂ ਦੀ ਸਿਹਤਯਾਬੀ ਲਈ ਹਮੇਸ਼ਾ ਗੰਭੀਰ ਰਹਿੰਦਾ ਹੈ। ਜੇਕਰ ਕੋਈ ਦਿੱਕਤ ਆਉਂਦੀ ਹੈ ਤਾਂ ਤੁਰੰਤ ਪ੍ਰਾਸ਼ਸ਼ਨ ਨਾਲ ਸੰਪਰਕ ਕੀਤਾ ਜਾਵੇ ਤਾਂ ਜੋ ਸਮਾਂ ਰਹਿੰਦੇ ਹਰ ਸਮੱਸਿਆ ਦਾ ਢੁੱਕਵਾਂ ਹਲ ਕਰਵਾਇਆ ਜਾਵੇ। ਉਹਨਾਂ ਕਿਹਾ ਕਿ ਆਮ ਲੋਕਾਂ ਦੇ ਜਾਗਰੂਕ ਹੋਣ ਨਾਲ ਹੀ ਬਿਮਾਰੀਆਂ ਤੋਂ ਬਚਾਅ ਸੰਭਵ ਹੈ।



ਡਾ: ਕਮਲਜੀਤ ਸਿੰਘ ਸੀਨੀਅਰ ਹੈਲਥ ਇੰਸਪੈਕਟਰ ਅਤੇ ਡਾ: ਬਲਿਹਾਰ ਚੰਦ ਹੈਲਥ ਇੰਸਪੈਕਟਰ ਨੇ ਹਾਜਰੀਨ ਨੂੰ ਸੁਚੇਤ ਕੀਤਾ ਕਿ ਬੁਖ਼ਾਰ ਮਹਿਸੂਸ ਹੋਣ ਦੀ ਸੂਰਤ 'ਚ ਤੁਰੰਤ ਦਵਾਈ ਲੈਣੀ ਚਾਹੀਦੀ ਹੈ। ਜੇਕਰ ਬੁਖਾਰ ਨਾ ਉਤਰੇ ਤਾਂ ਖੂਨ ਦਾ ਟੈਸਟ ਜਰੂਰ ਕਰਵਾਉਣਾ ਚਾਹੀਦਾ ਹੈ। ਉਹਨਾਂ ਦੱਸਿਆ ਕਿ ਸਿਵਲ ਹਸਪਤਾਲ ਫਗਵਾੜਾ 'ਚ ਡੇਂਗੂ ਤੇ ਮਲੇਰੀਆ ਵਰਗੀ ਬਿਮਾਰੀਆਂ ਦੇ ਇਲਾਜ ਦਾ ਪੂਰਾ ਪ੍ਰਬੰਧ ਹੈ। ਇਸ ਦੌਰਾਨ ਲਖਵਿੰਦਰ ਸਿੰਘ, ਡਾ. ਰਮਨ ਸ਼ਰਮਾ, ਪ੍ਰਿਤਪਾਲ ਕੌਰ ਤੁਲੀ, ਰੂਪ ਕੁਮਾਰ, ਬਲਦੇਵ ਕੁਮਾਰ ਤੇ ਰਮਨ ਨਹਿਰਾ ਆਦਿ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਸਮਾਗਮ ਤੋਂ ਬਾਅਦ ਸਰਬ ਨੌਜਵਾਨ ਸਭਾ ਦੇ ਮੈਂਬਰਾਂ ਅਤੇ ਸਭਾ ਵਲੋਂ ਚਲਾਏ ਜਾ ਰਹੇ ਵੋਕੇਸ਼ਨਲ ਸੈਂਟਰ ਦੀਆਂ ਲੜਕੀਆਂ ਨੇ ਸਿਹਤ ਵਿਭਾਗ ਤੇ ਪ੍ਰਸ਼ਾਸਨ ਦੀ ਟੀਮ ਦੇ ਨਾਲ ਸਹਿਯੋਗ ਕਰਦਿਆਂ ਡੋਰ-ਟੂ-ਡੋਰ ਪੰਫਲੈਟ ਵੰਡੇ, ਮੈਡੀਕਲ ਟੀਮ ਨੇ ਕੂਲਰਾਂ ਤੇ ਗਮਲਿਆਂ ਆਦਿ ਦੀ ਚੈਕਿੰਗ ਕੀਤੀ। ਇਸ ਤੋਂ ਇਲਾਵਾ ਗਲੀਆਂ ਤੇ ਨਾਲੀਆਂ 'ਚ ਦਵਾਈਆਂ ਦਾ ਛਿੜਕਾਅ ਵੀ ਕੀਤਾ ਗਿਆ। ਸਟੇਜ ਦੀ ਸੇਵਾ ਸਭਾ ਦੇ ਮੀਤ ਪ੍ਰਧਾਨ ਰਵਿੰਦਰ ਸਿੰਘ ਰਾਏ ਵਲੋਂ ਨਿਭਾਈ ਗਈ। ਇਸ ਮੌਕੇ ਸਭਾ ਦੇ ਜਨਰਲ ਸਕੱਤਰ ਡਾ. ਵਿਜੇ ਕੁਮਾਰ, ਨਰਿੰਦਰ ਸਿੰਘ ਸੈਣੀ, ਗੁਰਦੀਪ ਕੰਗ, ਹਰਬੰਸ ਲਾਲ, ਪ੍ਰਿੰਸ ਕੁਮਾਰ, ਦੇਵਰਾਜ, ਬਿੰਦਰ ਪਾਲ, ਪਰਸ ਰਾਮ ਸ਼ਿਵਪੁਰੀ, ਨਰੇਸ਼ ਕੁਮਾਰ, ਮੋਹਨ ਲਾਲ, ਅਸ਼ੋਕ ਕੁਮਾਰ, ਕਮਲਜੀਤ ਸੰਧੀ, ਇੰਦਰਜੀਤ ਸਾਹਨੀ, ਰਾਮ ਲਾਲ, ਡਾ. ਬੱਬੂ ਸੌਂਧੀ, ਸਾਹਿਬਜੀਤ ਸਾਬੀ, ਅਨੂਪ ਦੁੱਗਲ, ਮੈਨੇਜਰ ਜਗਜੀਤ ਸਿੰਘ ਸੇਠ, ਮਨਦੀਪ ਬਾਸੀ, ਮੈਡਮ ਪੂਜਾ ਸੈਣੀ, ਪੰਜਾਬੀ ਗਾਇਕ ਬਲਵਿੰਦਰ ਬਿੰਦਾ, ਸਤਪ੍ਰਕਾਸ਼ ਸੱਗੂ, ਸੁਰਿੰਦਰ ਸਿੰਘ, ਗੁਰਮੇਜ ਸਿੰਘ, ਸੁਨੀਲ ਕੁਮਾਰ, ਨਿਰਭੈਰ ਸਿੰਘ, ਮੋਹਿਤ ਕੁਮਾਰ, ਡਾ. ਜੀਤ ਸਿੰਘ, ਪ੍ਰਭ ਤੁਲੀ, ਮਾਲਾ, ਨਿਧੀ, ਕਾਜਲ, ਨਿਕਿਤਾ, ਪੂਜਾ ਸ਼ਰਮਾ, ਗੁਰਵਿੰਦਰ ਕੌਰ, ਸੁਧਾ ਆਦਿ ਹਾਜਰ ਸਨ।

# ਮਨੀਪੁਰ 'ਚ ਔਰਤਾਂ ਨਾਲ ਹੋ ਰਹੇ ਜ਼ੁਲਮ ਖਿਲਾਫ਼ ਕਿਸਾਨਾਂ-ਮਜ਼ਦੂਰਾਂ ਨੇ ਕੀਤਾ ਰੋਸ ਪ੍ਰਦਰਸ਼ਨ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਕੁੱਲ ਹਿੰਦ ਕਿਸਾਨ ਸਭਾ,ਖੇਤ ਮਜ਼ਦੂਰ ਯੂਨੀਅਨ ਅਤੇ ਸੀਟੂ ਦੀਆਂ ਕੇਂਦਰੀ ਕਮੇਟੀ ਦੇ ਸੱਦੇ 'ਤੇ ਮਨੀਪੁਰ ਵਿੱਚ ਔਰਤਾਂ ਨਾਲ ਹੋ ਰਹੇ ਜ਼ੁਲਮਾਂ ਖਿਲਾਫ ਅਤੇ ਕੇਂਦਰ ਦੀ ਮੋਦੀ ਸਰਕਾਰ ਦੀ ਚੁੱਪੀ ਖਿਲਾਫ ਇਥੇ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਕੇਂਦਰ ਦੀ ਸਰਕਾਰ ਦੀ ਅਰਥੀ ਫੂਕੀ। ਇਸ ਮੌਕੇ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਕਿਸਾਨ ਆਗੂ ਜਸਵਿੰਦਰ ਸਿੰਘ ਭੰਗਲ,ਖੇਤ ਮਜਦੂਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਬਜਿੰਦਰ ਪੰਡਤ, ਸੀਟੂ ਦੇ ਆਗੂ ਰਾਮ ਸਿੰਘ ਸੈਣੀ ਮਾਜਰਾ ਦੀ ਅਗਵਾਈ ਹੇਠ ਇੱਕ ਵੱਡਾ ਇਕੱਠ ਸਥਾਨਕ ਬੱਸ ਸਟੈਂਡ ਵਿਖੇ ਹੋਇਆ। ਇਥੋਂ ਰੋਸ ਮਾਰਚ ਸ਼ੁਰੂ ਕੀਤਾ ਗਿਆ ਜੋ ਕਿ ਕਲਗੀਧਰ ਮਾਰਕੀਟ, ਰਵੀਦਾਸ ਚੌਕ ਤੋਂ ਹੁੰਦਾ ਹੋਇਆ ਮੇਨ ਰੋਡ 'ਤੇ ਖਤਮ ਹੋਇਆ। ਇਥੇ ਕੇਂਦਰ ਦੀ ਮੋਦੀ ਸਰਕਾਰ ਦੀ ਅਰਥੀ ਫੂਕੀ। ਇਸ ਮੌਕੇ 'ਤੇ ਰਾਮ ਕਿਸ਼ਨ ਦਬਕੇਹੜਾ, ਜਗੀਰ ਸਿੰਘ ਰੌਲੀ, ਹਿਮਾਚਲ ਪ੍ਰਦੇਸ਼ ਦੇ ਸੀਟੂ ਆਗੂ ਵਿਜੇ ਸ਼ਰਮਾ, ਸੇਵਾ ਮੁਕਤ ਪ੍ਰਿੰਸੀਪਲ ਮੇਜਰ ਸਿੰਘ, ਅਮਰਜੀਤ ਸਿੰਘ ਹੋਲਗੜ੍ਹ, ਬਲਵੰਤ ਸਿੰਘ, ਦਲਜੀਤ ਕੌਰ ਲੋਧੀਪੁਰ, ਬਲਵੰਤ ਕੌਰ ਭੰਗਲ, ਗੁਰਦੇਵ ਕੌਰ ਭਾਲੜੂ, ਰਮਨਦੀਪ ਕੌਰ ਢਿੱਲੋਂ, ਅੰਤਰਜੀਤ ਕੌਰ ਅਟਵਾਲ, ਸਰਪੰਚ ਰਜਿੰਦਰ ਸਿੰਘ ਡੋਡ, ਕੁਲਦੀਪ ਸਿੰਘ ਅਰੋੜਾ, ਬਰਜਿੰਦਰ ਸਿੰਘ ਡੋਡ, ਹੁਕਮ ਸਿੰਘ ਮਹੈਣ, ਇੰਦਰਜੀਤ ਸਿੰਘ ਫੌਜੀ, ਗੁਰਨੈਬ ਸਿੰਘ,ਚਰਨ ਸਿੰਘ ਅਟਵਾਲ, ਧਰਮਿੰਦਰ ਸਿੰਘ ਚੰਡੇਸਰ, ਸੁਖਵਿੰਦਰ ਸਿੰਘ ਲਾਡੀ, ਗੁਰਚਰਨ ਸਿੰਘ ਕੂਨਰ,ਪਰੋਮੀਲਾ ਜਸਵਿੰਦਰ ਸਿੰਘ ਅਨੰਦਪੁਰ ਸਾਹਿਬ, ਫੌਜੀ ਜਰਨੈਲ ਸਿੰਘ, ਸੁਲਤਾਨ ਸਿੰਘ, ਅਵਤਾਰ ਕੌਰ ਵਡਿਆਲ,ਸੋਹਣ ਲਾਲ ਢੇਰ ਸਮੇਤ ਹੋਰ ਵੀ ਕਿਸਾਨ ਮਜਦੂਰ ਹਾਜਰ ਸਨ।

# ਬਾਬਾ ਮਿੱਤ ਸਿੰਘ ਦੀ ਯਾਦ 'ਚ ਗੁਰਮਤਿ ਸਮਾਗਮ ਕਰਵਾਇਆ

**ਆਦਮਪੁਰ (ਪਰਮਜੀਤ ਸਿੰਘ)**- ਬ੍ਰਹਮ ਗਿਆਨੀ ਸੰਤ ਬਾਬਾ ਮਿੱਤ ਸਿੰਘ ਦੀ ਯਾਦ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਮੁੱਖ ਸੇਵਾਦਾਰ ਬਾਬਾ ਤਲਵਿੰਦਰ ਸਿੰਘ ਦੀ ਦੇਖ ਰੇਖ ਹੇਠ ਪਿੰਡ ਕਿਸ਼ਨ ਪੁਰ ਜੱਫਲ ਝਿੰਗੜ ਦੇ ਸਹਿਯੋਗ ਵਿਖੇ ਬਹੁਤ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ ! ਗੁਰਦੁਆਰਾ ਬਾਬਾ ਮਿੱਤ ਸਿੰਘ ਵਿਖੇ ਪਰਸੋਂ ਤੋਂ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਖੁੱਲ੍ਹੇ ਦੀਵਾਨ ਸਜਾਏ ਗਏ ਜਿਸ ਵਿੱਚ ਸਿੱਖ ਕੌਮ ਦੇ ਮਹਾਨ ਰਾਗੀ ਢਾਡੀ ਜੱਥੇ ਜਿਨ੍ਹਾਂ ਵਿਚ ਗਿਆਨੀ ਕਰਮਜੀਤ ਸਿੰਘ ਪਧਿਆਣਾ, ਭਾਈ ਹਰਦੀਪ ਸਿੰਘ ਹਜੂਰੀ ਰਾਗੀ ਹਰਗੋਬਿੰਦ ਪੁਰ ਸਾਹਿਬ (ਭੋਗਪੁਰ) ਬਾਬਾ ਸੁਖਦੇਵ ਸਿੰਘ ਖੋਜਕੀਪੁਰ, ਗਿਆਨੀ ਰਛਪਾਲ ਸਿੰਘ ਪਮਾਲ ਢਾਡੀ ਜਥਾ ਲੁਧਿਆਣਾ, ਭਾਈ ਮਨਧੀਰ ਸਿੰਘ ਕਥਾਵਾਚਕ, ਭਾਈ ਹਰਜਿੰਦਰ ਸਿੰਘ, ਭਾਈ ਜਗਜੀਤ ਸਿੰਘ ਗਿਆਨੀ ਹਰਦੀਪ ਸਿੰਘ ਹਜੂਰੀ ਰਾਗੀ ਬਾਬਾ ਮਿੱਤ ਸਿੰਘ ਜੀ ਕਿਸਨਪੁਰ ਦੇ ਜੱਥਿਆਂ ਵਲੋਂ ਗੁਰਬਾਣੀ ਦੇ ਸ਼ਬਦਾਂ



ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਬੀਬੀ ਜਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ, ਸੰਤ ਤੇਜਾ ਸਿੰਘ ਖੁੱਡਾਂ ਕੁਰਾਲਾ,ਸਮਤ ਅਮੀਰ ਸਿੰਘ ਟਕਸਾਲ ਜਵੱਦੀ ਕਲਾਂ,ਬਾਬਾ ਜੰਗ ਸਿੰਘ ਮਸਤੂਆਣਾ,ਬਾਬਾ ਜੋਗਾ ਸਿੰਘ ਰਾਮੂਥਿਆੜੇ ਵਾਲੇ, ਵਲੋਂ ਬ੍ਰਹਮ ਗਿਆਨੀ ਬਾਬਾ ਮਿੱਤ ਸਿੰਘ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਸੇਵਾ ਤੇ ਸਿਮਰਨ ਨੂੰ ਸਮਰਪਿਤ ਪ੍ਰਮਾਤਮਾ ਦੇ ਦਰਸਾਏ ਮਾਰਗ ਉੱਤੇ ਚੱਲ ਕੇ ਸਮੁੱਚੀ ਲੁਕਾਈ ਨੂੰ ਪ੍ਰੇਰਿਤ ਕਰਨ ਵਾਲੀ ਇਸ ਪਵਿੱਤਰ ਆਤਮਾ ਨੇ ਆਪਣੇ ਜੀਵਨ ਵਿੱਚ ਕਾਰਜ ਕੀਤੇ ਜਿਨ੍ਹਾਂ ਨੂੰ ਰਹਿੰਦੀ ਦੁਨੀਆ ਤੱਕ ਯਾਦ ਕੀਤਾ ਜਾਵੇਗਾ। ਸਰਵਣ ਸਿੰਘ ਬ੍ਰਹਮ ਜੀ ਜੱਬੜ, ਸੰਤ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ, ਸੰਤ ਕਸ਼ਮੀਰ ਸਿੰਘ, ਸੰਤ ਤਰਸੇਮ ਸਿੰਘ ਨਿਰਮਲ ਕੁਟੀਆ ਆਦਮਪੁਰ, ਸੰਤ ਕੇਸਰ ਸਿੰਘ, ਸੰਤ ਸੁਰਿੰਦਰ ਸਿੰਘ ਸੋਢੀ ਗੁਰਦਿੱਤੀ ਫਲਾਈ ਕੰਦੋਲਾ, ਸਰਵਣ ਸਿੰਘ ਕੁਲਾਰ ਮੈਂਬਰ ਸ਼੍ਰੋਮਣੀ ਕਮੇਟੀ ਮੈਂਬਰ ਹਾਜਰ ਹੋਏ। ਸਮਾਗਮ ਦੌਰਾਨ ਇੰਦਰਇਕਬਾਲ ਸਿੰਘ ਅਟਵਾਲ ਬੀ.ਜੇ.ਪੀ., ਫਤਿਹ ਸਿੰਘ ਚੇਅਰਮੈਨ ਰਾਜਪੂਤ ਸਭਾ ਦੁਆਬਾ, ਅਮਨਦੀਪ ਸਿੰਘ ਢਿੱਲੋਂ, ਦਲਵੀਰ ਸਿੰਘ ਖੋਜਕੀਪੁਰ, ਸਰਵਣ ਸਿੰਘ ਖਾਲਸਾ, ਮਨਜੀਤ ਸਿੰਘ ਕੋਟਲੀ ਜ਼ਿਲ੍ਹਾ ਪ੍ਰਧਾਨ ਕਿਸਾਨ ਮੋਰਚਾ, ਗੁਰਬਖਸ਼ ਸਿੰਘ ਸਾਬੀ, ਕੁਲਦੀਪ ਸਿੰਘ ਜਲਭੈਅ, ਰਣਜੀਤ ਸਿੰਘ ਬਿੱਲਾ ਢੰਡੋਰ, ਦਿਲਬਾਗ ਸਿੰਘ ਕਿਸ਼ਨਪੁਰ, ਗੁਰਦੀਪ ਸਿੰਘ ਕਾਲਾ ਬਾਹੀਆ ਹਾਜਰ ਸਨ।

# ਮਨੀਪੁਰ ਦੀਆਂ ਘਟਨਾਵਾਂ ਦੇ ਰੋਸ ਵਜੋਂ ਖੱਬੀਆਂ ਪਾਰਟੀਆਂ ਵੱਲੋਂ ਨਵਾਂਸ਼ਹਿਰ ਵਿਖੇ ਰੋਸ ਪ੍ਰਦਰਸ਼ਨ



**ਬਹਿਰਾਮ (ਅਵਤਾਰ ਕਲੇਰ)**

ਕੌਮੀ ਪੱਧਰ ਦੀਆਂ ਖੱਬੀਆਂ ਪਾਰਟੀਆਂ ਵੱਲੋਂ ਮਨੀਪੁਰ ਵਿੱਚ ਔਰਤਾਂ ਨੂੰ ਨਿਰਵਸਤਰ ਕਰਕੇ ਸਮੂਹਿਕ ਬਲਾਤਕਾਰ ਦੀਆਂ ਵਾਪਰੀਆਂ ਸ਼ਰਮਨਾਕ ਘਟਨਾਵਾਂ ਦੇ ਰੋਸ ਵਜੋਂ ਆਰ ਐਸ ਐਸ ਦੀ ਵਿਚਾਰਧਾਰਾ ਨੂੰ ਲਾਗੂ ਕਰਨ ਲਈ ਤਿਆਰ ਮੋਦੀ ਦੀ ਅਗਵਾਈ ਹੇਠ ਭਾਜਪਾ ਦੀ ਸਰਕਾਰ ਖਿਲਾਫ ਦਿੱਤੇ ਗਏ ਸੱਦੇ ਤਹਿਤ ਨਵਾਂਸ਼ਹਿਰ ਵਿਖੇ ਸੀ ਪੀ ਆਈ , ਅਤੇ ਆਰ ਐਮ ਪੀ ਆਈ ਵਲੋਂ ਜ਼ਿਲ੍ਹਾ ਸਕੱਤਰ ਕਾਮਰੇਡ ਸੁਤੰਤਰ ਕੁਮਾਰ ਅਤੇ ਹਰਪਾਲ ਸਿੰਘ ਜਗਤਪੁਰ ਦੀ ਅਗਵਾਈ ਹੇਠ ਖੰਡ ਮਿੱਲ ਨਵਾਂਸ਼ਹਿਰ ਅੱਗੇ ਪੁਤਲੇ ਫੂਕੇ ਗਏ। ਇਸ ਮੌਕੇ ਕਾਮਰੇਡ ਸੁਤੰਤਰ ਕੁਮਾਰ, ਕਾਮਰੇਡ ਹਰਪਾਲ ਸਿੰਘ ਜਗਤਪੁਰ, ਕਾਮਰੇਡ ਪਰਵਿੰਦਰ ਕੁਮਾਰ ਮੇਨਕਾ, ਜੋਗਿੰਦਰ ਸਿੰਘ ਚਣਕੋਈ, ਕਾਮਰੇਡ ਬੂਟਾ ਸਿੰਘ ਮਹਿਮੂਦਪੁਰ ਜਮਹੂਰੀ ਅਧਿਕਾਰ ਸਭਾ ਦੇ ਆਗੂ ਕਾਮਰੇਡ ਮੁਕੰਦ ਲਾਲ ਨੇ ਪੁਤਲੇ ਸਾੜਨ ਤੋਂ ਪਹਿਲਾਂ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਵਿਖੇ ਕੀਤੇ ਗਏ ਇਕੱਠ ਨੂੰ ਮਨੀਪੁਰ ਦੀਆਂ ਘਟਨਾਵਾਂ ਪਿੱਛੇ ਭਾਜਪਾ ਦੇ ਮਨੂੰਵਾਦੀ ਅਜੰਡੇ ਨੂੰ ਲਾਗੂ ਕਰਨ ਦੀਆਂ ਸਾਜ਼ਿਸ਼ਾਂ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਮੋਦੀ ਬੁਖਾਰ ਲੋਕ ਮਨਾਂ ਵਿਚੋਂ ਉਤਰ ਚੁੱਕਾ ਹੈ। ਅੱਜ ਭਾਜਪਾ ਆਗੂ ਇਸ ਗੱਲੋਂ ਚਿੰਤਤ ਹਨ ਕਿ ਤੀਜੀ ਵਾਰ ਸੱਤਾ ਤੇ ਕਾਬਜ ਕਿਵੇਂ ਹੋ ਸਕਿਆ ਜਾਵੇ। ਤਿੰਨ ਮਹੀਨਿਆਂ ਤੋਂ ਸਾਜਸ ਤਹਿਤ ਮਨੀਪੁਰ ਜਲ ਰਿਹਾ ਹੈ। ਇਸ ਮੌਕੇ ਉਨ੍ਹਾਂ ਲੋਕਾਂ ਨੂੰ ਸੁਚੇਤ ਕਰਦਿਆਂ ਲੋਕਾਂ ਨੂੰ ਕਿਹਾ ਇਸ ਸਰਕਾਰ ਨੇ ਲੋਕਾਂ ਦੇ ਅਸਲ ਮੁੱਦੇ ਸਿਹਤ, ਸਿੱਖਿਆ, ਤੇ ਰੁਜਗਾਰ ਛੱਡ ਦਿੱਤੇ ਹਨ। ਲੋਕਾਂ ਨੂੰ ਧਰਮਾਂ ਵਿੱਚ ਫਸਾ ਕੇ ਭਰਾ ਮਾਰੂ ਨੀਤੀਆਂ ਵਿੱਚ ਉਲਝਾ ਕੇ ਚੌਵੀ ਦੀਆਂ ਚੋਣਾਂ ਜਿੱਤਣ ਲਈ ਮਨਸੂਬੇ ਘੜੇ ਜਾ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਜਸਵਿੰਦਰ ਸਿੰਘ ਭੰਗਲ, ਕਾਮਰੇਡ ਨਰੰਜਣ ਦਾਸ ਮੇਹਲੀ,ਪਵਨ ਕੁਮਾਰ ਮੇਹਲੀ , ਬਲਵੀਰ ਸਿੰਘ ਮਹਿਤਪੁਰ, ਸੋਢੀ ਰਾਮ ਜਗਤਪੁਰ, ਕਾਮਰੇਡ ਨਿਰਮਲ ਕੌਰ, ਤਰਸੇਮ ਕੌਰ, ਪੂਜਾ ਰਾਣੀ,ਰਾਜ ਰਾਣੀ, ਸਤਨਾਮ ਸਿੰਘ ਚਾਹਲ ਕ੍ਰਿਸ਼ਨ ਲਾਲ,ਦਸੌਂਧਾ ਸਿੰਘ, ਉਪਿੰਦਰ ਰਾਣਾ,ਬੀਨਾ ਰਾਣੀ, ਧਰਮ ਪਾਲ ਸਿਆਣਾ, ਕੁਲਦੀਪ ਕੁਮਾਰ,ਮਨੋਹਰ ਲਾਲ ਆਦਿ ਹਾਜਰ ਸਨ।

# ਮਨੀਪੁਰ ਘਟਨਾਵਾਂ ਦੇ ਦੋਸ਼ੀਆਂ ਨੂੰ ਸਖ਼ਤ ਸਜਾਵਾਂ ਦਿੱਤੀਆਂ ਜਾਣ : ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ



**ਹੁਸ਼ਿਆਰਪੁਰ (ਓ ਪੀ ਰਾਣਾ)**

ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.)ਪੰਜਾਬ ਦੀ ਵਿਸ਼ੇਸ਼ ਮੀਟਿੰਗ ਚੇਅਰਮੈਨ ਸੰਤ ਸਰਵਣ ਦਾਸ ਜੀ ਬੋਹਣ,ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੌੜੇ ਦੀ ਪ੍ਰਧਾਨਗੀ ਹੇਠ ਡੇਰਾ ਸੰਤ ਸੀਤਲ ਦਾਸ ਬੋਹਣ ਵਿਖੇ ਹੋਈ। ਇਸ ਮੌਕੇ ਸੁਸਾਇਟੀ ਦੇ ਮੈਂਬਰਾਂ ਨੇ ਗੁਰੂ ਰਵਿਦਾਸ ਸਾਧੂ ਸੰਪਰਦਾਇਕ ਸੁਸਾਇਟੀ (ਰਜਿ.)ਪੰਜਾਬ ਦੀ ਦੇਖ ਰੇਖ ਚੱਲ ਰਹੇ ਗੁਰੂ ਰਵਿਦਾਸ ਅਸਥਾਨਾਂ, ਸੰਸਥਾਵਾਂ, ਸਕੂਲ ਆਦਿ ਨੂੰ ਕੁੱਝ ਜਥੇਬੰਦੀਆਂ ਦੇ ਆਗੂਆਂ ਦੇ ਹੱਥਾਂ ਵਿਚ ਸੌਂਪਣ ਦੇ ਬਿਆਨਾਂ ਦੀ ਸਖਤ ਆਲੋਚਨਾ ਕਰਦਿਆਂ ਕਿਹਾ ਕਿ ਇਹ ਸਾਰੇ ਪ੍ਰੋਜੈਕਟ ਸਾਧੂ ਸੰਪਰਦਾਇ ਸੁਸਾਇਟੀ ਨੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਵੱਡੇ ਸਹਿਯੋਗ ਨਾਲ ਬਣਾਏ ਹਨ,ਇਹ ਕਿਸੇ ਨਿੱਜੀ ਹੱਥਾਂ ਵਿਚ ਦੇ ਕੇ ਕੌਮ ਦੇ ਨਾਲ ਧੋਖਾ ਨਹੀਂ ਕੀਤਾ ਜਾ ਸਕਦਾ ਉਨਾਂ ਕਿਹਾ ਕਿ ਇਹ ਸਾਰੇ ਪ੍ਰੋਜੈਕਟ ਤੇ ਸਕੂਲ਼ ਪੁਰਾਤਨ ਸੁਸਾਇਟੀ ਦੀ ਦੇਖ ਰੇਖ ਹੇਠ ਬੜੇ ਅਨੁਸ਼ਾਸਨ ਤੇ ਪਾਰਦਰਸ਼ੀ ਢੰਗ ਨਾਲ ਚੱਲ ਰਹੇ ਹਨ। ਸੁਸਾਇਟੀ ਦੇ ਮਹਾਂਪੁਰਸ਼ਾਂ ਵਲੋਂ ਸਾਂਝੇ ਬਿਆਨ ਵਿਚ ਮਨੀਪੁਰ ਘਟਨਾਵਾਂ ਦੀ ਸਖਤ ਨਿੰਦਿਆ ਕਰਦਿਆਂ ਕਿਹਾ ਕਿ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ । ਉਨਾਂ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਇਕ ਪਾਸੇ ਭਾਰਤ ਨੂੰ ਦੁਨੀਆਂ ਦਾ ਅਗਾਂਹਵਧੂ, ਵਿਕਸਿਤ ਦੇਸ਼ ਮੰਨਿਆ ਜਾ ਰਿਹਾ ਹੈ ਪਰ ਦੂਜੇ ਪਾਸੇ ਇਥੋਂ ਦੀਆਂ ਔਰਤਾਂ ਤੇ ਘੋਰ ਅਤਿਆਚਾਰ ਹੋ ਰਹੇ ਹਨ, ਬਲਾਤਕਾਰ, ਨਿਰਵਸਤਰ ਕਰਕੇ ਘੁਮਾਇਆ ਜਾ ਰਿਹਾ ਹੈ। ਇਸ ਮੌਕੇ ਭੈਣ ਸੰਤੋਸ਼ ਕੁਮਾਰੀ ਮੈਂਬਰ ਅਤੇ ਬਿਲਡਿੰਗ ਇੰਚਾਰਜ (ਪ੍ਰਧਾਨ ਨਾਰੀ ਸ਼ਕਤੀ ਫਾਂਉਡੇਸ਼ਨ) ਨੇ ਕਿਹਾ ਕਿ ਮਨੀਪੁਰ ਸੂਬੇ ਵਿੱਚ ਔਰਤਾਂ ਤੇ ਹੋਏ ਤਸ਼ੱਦਦ ਨੇ ਸੰਵਿਧਾਨਕ ਅਧਿਕਾਰਾਂ ਨੂੰ ਭਾਰੀ ਸੱਟ ਮਾਰੀ ਹੈ ਅਤੇ ਗੁਰੂਆਂ, ਰਹਿਬਰਾਂ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਵਲੋਂ ਔਰਤ ਜਾਤੀ ਨੂੰ ਦਿੱਤੇ ਸੰਵਿਧਾਨਕ ਮਾਨ ਸਨਮਾਨ ਦਾ ਸ਼ੋਸ਼ਣ,ਨਿਰਾਦਰ ਹੋਇਆ ਹੈ। ਇਹ ਘਟਨਾਵਾਂ ਸਰਕਾਰਾਂ ਦੀ ਨਲਾਇਕੀ ਦਾ ਨਤੀਜਾ ਹੈ। ਇਸ ਮੌਕੇ ਸੰਤ ਇੰਦਰ ਦਾਸ ਸ਼ੇਖੈ ਜਨਰਲ ਸਕੱਤਰ,ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਸੰਤ ਸਰਵਣ ਦਾਸ ਲੁਧਿਆਣਾ ਸੀਨੀ.ਮੀਤ ਪ੍ਰਧਾਨ,ਸੰਤ ਬਲਵੰਤ ਸਿੰਘ ਡੀਗਰੀਆਂ ਮੀਤ ਪ੍ਰਧਾਨ, ਸੰਤ ਰਮੇਸ਼ ਦਾਸ ਸ਼ੇਰਪੁਰ ਕਲਰਾਂ, ਸੰਤ ਕ੍ਰਿਪਾਲ ਦਾਸ ਭਾਰਟਾ,ਸੰਤ ਧਰਮਪਾਲ ਸ਼ੇਰਗੜ,ਸੰਤ ਰਮੇਸ਼ ਦਾਸ ਸ਼ੇਰਪੁਰ ਢਕੋਂ,ਸੰਤ ਜਗੀਰ ਸਿੰਘ ਮਕਸੂਦਾਂ, ਸੰਤ ਸਤਵਿੰਦਰ ਹੀਰਾ,ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.)ਭਾਰਤ, ਸੰਤ ਬੀਬੀ ਕੁਲਦੀਪ ਕੌਰ ਮਹਿਨਾ ਵੀ ਹਾਜਰ ਸਨ।

# ਵਿੱਤ ਮੰਤਰੀ ਵੱਲੋਂ ਪੁਰਾਣੀ ਪੈਨਸ਼ਨ ਸਕੀਮ 100 ਫੀਸਦੀ ਲਾਗੂ ਕਰਨ ਦਾ ਭਰੋਸਾ



ਮੋਗਾ (ਅਮਰਜੀਤ ਬੱਬਰੀ) ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ, ਕੋ ਕਨਵੀਨਰ ਟਹਿਲ ਸਿੰਘ ਸਰਾਭਾ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਡਿੰਪਲ ਰੁਹੇਲਾ, ਰਣਜੀਤ ਸਿੰਘ ਰਾਣਵਾ (ਪ੍ਰਧਾਨ ਪੰਜਾਬ ਸੁਬਾਰਡੀਨੇਟ ਸਰਵਿਸਸ ਫੈਡਰੇਸਨ 1680-22 ਬੀ) ਆਗੂਆਂ ਦੇ ਸਮੂਹਿਕ ਵਫਦ ਵੱਲੋਂ ਹਰਪਾਲ ਸਿੰਘ ਚੀਮਾ ਵਿੱਤ ਮੰਤਰੀ ਪੰਜਾਬ ਨਾਲ ਪੰਜਾਬ ਸਕੱਤਰ ਚੰਡੀਗੜ੍ਹ ਵਿਖੇ ਪੈਨਲ ਮੀਟਿੰਗ ਕੀਤੀ ਗਈ। ਜਿਸ 'ਚ 1 ਜਨਵਰੀ 2004 ਤੋਂ ਬਾਅਦ ਨਿਯੁਕਤ ਮੁਲਾਜ਼ਮਾਂ 'ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸੰਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਉਪਰੰਤ ਮੋਰਚੇ ਦੇ ਆਗੂ ਵੱਲੋਂ ਕਿਹਾ ਕਿ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੀ ਮੀਟਿੰਗ ਹਰਪਾਲ ਸਿੰਘ ਚੀਮਾ ਵਿੱਤ ਮੰਤਰੀ ਪੰਜਾਬ ਨਾਲ ਸੁਖਾਵੇ ਮਾਹੌਲ ਵਿੱਚ ਹੋਈ। ਜਿਸ 'ਚ ਆਗੂਆਂ ਵੱਲੋਂ ਤੱਥਾਂ ਅਤੇ ਦਸਤਾਵੇਜ਼ਾਂ ਦੇ ਅਧਾਰਤ ਗੱਲ ਕੀਤੀ ਗਈ। ਆਗੂਆਂ ਵੱਲੋਂ ਜੋਰ ਦੇ ਕੇ ਕਿਹਾ ਗਿਆ ਕਿ ਜਦੋਂ ਵੀ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰ ਦਿੰਦੀ ਹੈ ਤਾਂ ਪੰਜਾਬ ਦੇ ਮੁਲਾਜ਼ਮਾਂ ਦਾ ਜੀ ਪੀ ਐਫ ਲਗਪਗ 180 ਕਰੋੜ ਰੁਪਏ ਮਹੀਨਾ ਕਟੌਤੀ ਉਪਰੰਤ ਪੰਜਾਬ ਸਰਕਾਰ ਦੇ ਖਜਾਨੇ 'ਚ ਆਵੇਗਾ ਅਤੇ ਪੰਜਾਬ ਸਰਕਾਰ ਦਾ ਐਨ ਪੀ ਐਸ ਦਾ ਸ਼ੇਅਰ ਲਗਭਗ 190 ਕਰੋੜ ਪੰਜਾਬ ਸਰਕਾਰ ਦੇ ਖਜਾਨੇ 'ਚ ਹੀ ਰਹੇਗਾ। ਜਿਸ ਨਾਲ ਸਾਨੂੰ ਲਗਭਗ 4000 ਕਰੋੜ ਸਾਲਾਨਾ ਦਾ ਮਾਲੀਆ ਇਕੱਠਾ ਹੋਵੇਗਾ। ਜਿਸ ਨਾਲ ਪੰਜਾਬ ਸਰਕਾਰ ਦੇ ਆਰਥਿਕ ਬਜਟ ਨੂੰ ਵੱਡਾ ਬਲ ਮਿਲੇਗਾ। ਇਸ ਉਪਰੰਤ ਆਗੂਆਂ ਵੱਲੋਂ ਮੀਟਿੰਗ 'ਚ ਦੱਸਿਆ ਗਿਆ ਕਿ 1 ਜਨਵਰੀ 2004 ਤੋਂ ਬਾਅਦ ਭਰਤੀ ਹੋਏ ਮੁਲਾਜਮਾਂ ਉੱਪਰ ਜਦੋਂ ਤਤਕਾਲੀ ਪੰਜਾਬ ਸਰਕਾਰ ਵੱਲੋਂ ਨਵੀਂ ਪੈਨਸ਼ਨ ਸਕੀਮ ਲਾਗੂ ਕੀਤੀ ਗਈ ਸੀ। ਉਸਦਾ ਮੁਲਾਜਮ ਉਸ ਸਮੇਂ ਤੋਂ ਹੀ ਲਗਾਤਾਰ ਵਿਰੋਧ ਕਰਦੇ ਆ ਰਹੇ ਹਨ। ਮੋਰਚੇ ਵੱਲੋਂ ਰੱਖੇ ਗਏ ਤੱਥਾਂ ਭਰਭੂਰ ਪੱਤਰਾਂ ਅਤੇ ਵੇਰਵਾ 'ਤੇ ਵਿੱਤ ਮੰਤਰੀ ਵੱਲੋਂ ਹਾਂ ਪੱਖੀ ਹੁੰਗਾਰਾ ਭਰਿਆ। ਉਹਨਾਂ ਕਿਹਾ ਕਿ ਪੰਜਾਬ ਦੇ ਮੁਲਾਜਮਾਂ ਲਈ ਪੁਰਾਣੀ ਪੈਨਸ਼ਨ ਸਕੀਮ 100% ਲਾਗੂ ਕਰਨੀ ਹੈ। ਆਗੂਆਂ ਵੱਲੋਂ ਰੋਸ ਦਰਜ ਕਰਵਾਇਆ ਗਿਆ ਕਿ ਪੰਜਾਬ ਸਰਕਾਰ ਵਲੋਂ ਹਾਲੇ ਤੱਕ ਜਨਵਰੀ 2004 ਤੋਂ ਬਾਅਦ ਭਰਤੀ ਮੁਲਾਜਮਾਂ ਦੇ ਜੀ ਪੀ ਐਫ ਖਾਤੇ ਖੋਲ੍ਹਣ ਕੋਈ ਪ੍ਰਕਿਰਿਆ ਸ਼ੁਰੂ ਨਹੀਂ ਕੀਤੀ ਗਈ ਅਤੇ ਮੁਲਾਜਮਾਂ ਦਾ ਐਨ ਪੀ ਐਸ ਪਹਿਲਾਂ ਦੀ ਤਰ੍ਹਾਂ ਹੀ ਕੱਟਿਆ ਜਾ ਰਿਹਾ ਹੈ। ਜਿਸ ਨਾਲ ਪੰਜਾਬ ਦੇ ਮੁਲਾਜ਼ਮ ਨਿਰਾਸ਼ਾ 'ਚ ਚੱਲ ਰਹੇ ਹਨ। ਆਗੂਆਂ ਵੱਲੋਂ ਮੀਟਿੰਗ ਦੇ ਅੰਤ 'ਚ ਵਿੱਤ ਮੰਤਰੀ ਪੰਜਾਬ ਨੂੰ ਪੁਰਜੋਰ ਅਪੀਲ ਕੀਤੀ ਗਈ ਕਿ ਮੁਲਾਜਮਾਂ ਦੇ ਜੀ ਪੀ ਐਫ ਖਾਤੇ ਖੋਲ੍ਹ ਕੇ ਕਟੌਤੀ ਕਰਨੀ ਸ਼ੁਰੂ ਕੀਤੀ ਜਾਵੇ ਅਤੇ ਐਨ ਪੀ ਐਸ ਦੀ ਕਟੌਤੀ ਬਿਲਕੁਲ ਬੰਦ ਕਰ ਦਿੱਤੀ ਜਾਵੇ।

# ਗੁਰਦੇ ਫੇਲ੍ਹ, ਕੈਂਸਰ ਤੇ ਦਿਲ ਦੀਆਂ ਬਿਮਾਰੀਆਂ ਤੋਂ ਮਿਲੇਗੀ ਛੁੱਟੀ : ਡਾ: ਵਿਸ਼ਵਰੂਪ

ਜੈਤੋ (ਸਤੀਸ਼ ਕੁਮਾਰ ਭੀਰੀ) ਡਾਕਟਰ ਵਿਸ਼ਵਰੂਪ ਚੌਧਰੀ ਵੱਲੋਂ ਕਿਤਾਬ 'ਦਿਲ ਦੀ ਦੇਖਭਾਲ ਲਈ ਫਿਸ ਟੈਂਕ ਮਾਡਲ' ਰਿਲੀਜ਼ ਕੀਤੀ ਗਈ, ਜੋ ਕਿ ਮਹੱਤਵਪੂਰਨ ਪਹੁੰਚ ਨੂੰ ਉਜਾਗਰ ਕਰਦੀ ਹੈ ਐਲ ਟੀ ਜੀ ਆਡੀਟੋਰੀਅਮ, ਦਿੱਲੀ ਵਿਖੇ ਐਵੀਡੈਂਸ ਆਫ ਕਯੂਰ ਫਾਰ ਇਨਕਿਉਰੇਬਲ ਸਿਰਲੇਖ ਵਾਲਾ ਸਮਾਗਮ ਆਯੋਜਿਤ ਕੀਤਾ ਗਿਆ। ਡਾ. ਵਿਸਵਰੂਪ ਰਾਏ ਚੌਧਰੀ ਦੁਆਰਾ ਆਯੋਜਿਤ, ਇਸ ਸਮਾਗਮ ਵਿੱਚ ਪਹਿਲਾਂ ਲਾਇਲਾਜ਼ ਮੰਨੀਆਂ ਜਾਂਦੀਆਂ ਬਿਮਾਰੀਆਂ ਤੋਂ ਪੀੜਤ ਮਰੀਜਾਂ ਦੀ ਡਾਕਟਰੀ ਰਿਕਵਰੀ ਦਾ ਪ੍ਰਦਰਸ਼ਨ ਕੀਤਾ ਗਿਆ। ਪ੍ਰੋਗਰਾਮ ਉਹਨਾਂ ਮਰੀਜਾਂ ਦੀ ਸਫਲਤਾ ਦੀਆਂ ਕਹਾਣੀਆਂ 'ਤੇ ਕੇਂਦ੍ਰਿਤ ਸੀ ਜਿਨ੍ਹਾਂ ਨੇ ਪ੍ਰਤੀਤ ਤੌਰ 'ਤੇ ਲਾਇਲਾਜ ਬਿਮਾਰੀਆਂ ਤੋਂ ਰਿਕਵਰੀ ਦਾ ਅਨੁਭਵ ਕੀਤਾ ਸੀ। ਬੜੌਦਾ ਦੇ ਪਾਰੁਲ ਹਸਪਤਾਲ 'ਚ ਜੇਰੇ ਇਲਾਜ ਪਠਾਨ ਅਬਦੁਲ ਗਫੂਰ ਨੇ ਆਪਣੀ ਹਾਲਤ ਦੇ ਕਾਰਨ 2-3 ਡਾਇਲਸਿਸ ਸੈਸ਼ਨਾਂ 'ਚੋਂ ਲੰਘਣ ਦਾ ਆਪਣਾ ਅਨੁਭਵ ਦੱਸਿਆ। ਡਾ. ਵਿਸ਼ਵਰੂਪ ਰਾਏ ਚੌਧਰੀ ਦੁਆਰਾ ਅਪਣਾਈ ਗਈ ਨਵੀਨਤਾਕਾਰੀ ਇਲਾਜ ਪਹੁੰਚ ਦੁਆਰਾ, ਗਫੂਰ ਦੀ ਸਿਹਤ ਨੇ ਇੱਕ ਰਿਕਵਰੀ ਕੀਤੀ ਅਤੇ ਉਸਦੇ ਸ਼ੁਰੂਆਤੀ ਪੂਰਵ-ਅਨੁਮਾਨ ਦੀਆਂ ਸੰਭਾਵਨਾਵਾਂ ਨੂੰ ਟਾਲ ਦਿੱਤਾ। ਲਕਸਮੀ ਦੀ ਕਹਾਣੀ ਇਸੇ ਤਰ੍ਹਾਂ ਦੀਆਂ ਭਾਵਨਾਵਾਂ ਨੂੰ ਦਰਸਾਉਂਦੀ ਹੈ, ਕਿਉਂਕਿ ਉਸ ਦਾ ਬੇਮਿਸਾਲ ਇਲਾਜ ਕਰਵਾਉਣ ਤੋਂ ਪਹਿਲਾਂ ਉਦੈਪੁਰ ਦੇ ਮਹਾਰਾਣਾ ਭੂਪਾਲ ਹਸਪਤਾਲ 'ਚ 2-3 ਡਾਇਲਸਿਸ ਸੈਸ਼ਨ ਹੋ ਚੁੱਕੇ ਸਨ।

ਬੀ ਐਲ ਕਪੂਰ ਹਸਪਤਾਲ, ਨਵੀਂ ਦਿੱਲੀ ਦੇ ਮਰੀਜ ਵਿਕਾਸ ਗੁਪਤਾ ਨੇ ਆਪਣਾ ਤਜਰਬਾ ਸਾਂਝਾ ਕਰਦੇ ਹੋਏ ਧੰਨਵਾਦ ਪ੍ਰਗਟ ਕੀਤਾ। ਡਾ. ਵਿਸ਼ਵਰੂਪ ਅਤੇ ਅਚਾਰੀਆ ਮਨੀਸ਼ ਦੁਆਰਾ ਪੇਸ਼ ਕੀਤੀ ਗਈ ਨਵੀਨਤਾਕਾਰੀ ਇਲਾਜ ਪਹੁੰਚ ਤੋਂ ਪਹਿਲਾਂ ਗੁਪਤਾ ਨੂੰ ਇਮਯੂਨੋਥੈਰੇਪੀ ਦੇ 10 ਚੱਕਰਾਂ 'ਚੋਂ ਗੁਜ਼ਰਨਾ ਪਿਆ। ਕਰਨਾਟਕ ਦੇ ਬਾਪੂਜੀ ਹਸਪਤਾਲ ਤੋਂ ਸਬਾਨਾ ਦਾ ਪ੍ਰਸੰਸਾ ਪੱਤਰ ਉਸ ਦੇ ਇਲਾਜ ਦੀ ਸਫਲਤਾ ਨੂੰ ਦਰਸਾਉਂਦਾ ਹੈ, ਜਿਸ 'ਚ ਪਹਿਲੇ 2 ਡਾਇਲਸਿਸ ਸੈਸ਼ਨ ਸ਼ਾਮਲ ਸਨ।

ਪ੍ਰੋਗਰਾਮ ਦੌਰਾਨ ਡਾ.ਵਿਸ਼ਵਰੂਪ ਰਾਏ ਚੌਧਰੀ ਨੇ ਦਿਲ ਦੀ ਦੇਖਭਾਲ ਲਈ ਫਿਸ ਟੈਂਕ ਮਾਡਲ ਨਾਂਅ ਦੀ ਕਿਤਾਬ ਲਾਂਚ ਕੀਤੀ।

# ਗੋਲਡ ਮੈਡਲ ਜੇਤੂ ਜਸਕਰਨ ਮੰਡੋਰ ਦਾ ਪਿੰਡ ਪਹੁੰਚਣ 'ਤੇ ਭਰਵਾਂ ਸਵਾਗਤ



ਨਾਭਾ (ਵਰਿੰਦਰ ਵਰਮਾ) ਜੋਰਡਨ ਵਿਖੇ ਹੋਈ ਏਸ਼ੀਅਨ ਚੈਪੀਅਨਸ਼ਿਪ 'ਚ ਪਹਿਲੀ ਪੁਜ਼ੀਸ਼ਨ ਹਾਸਲ ਕਰਦਿਆਂ ਸੋਨੇ ਦਾ ਤਗਮਾ ਜੇਤੂ ਪਹਿਲਵਾਨ ਜਸਕਰਨ ਸਿੰਘ ਮੰਡੋਰ ਪੁੱਤਰ ਰਣਜੀਤ ਸਿੰਘ ਦਾ ਪਿੰਡ ਮੰਡੋਰ ਵਿਖੇ ਪਹੁੰਚਣ 'ਤੇ ਸਮੁੱਚੀ ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਵੱਲੋਂ ਜਿੱਥੇ ਢੋਲ ਢਮੱਕੇ ਤੇ ਫੁੱਲਾਂ ਦੇ ਹਾਰ ਪਾ ਕੇ ਭਰਵਾਂ ਸਵਾਗਤ ਕੀਤਾ ਗਿਆ। ਉੱਥੇ ਹੀ ਸੋਨੇ ਦੀ ਅਗੂੰਠੀ, ਫੁੱਲਾਂ ਦਾ ਗੁਲਦਸਤਾ, ਲੋਈ ਤੇ ਸਨਮਾਨ ਚਿੰਨ੍ਹ ਭੇਟ ਕਰਦਿਆਂ ਸਨਮਾਨਿਤ ਕੀਤਾ ਗਿਆ। ਕੋਚ ਸਾਰਜ ਸਿੰਘ ਭੋਲਾ ਨੂੰ ਵੀ 5100 ਰੁਪਏ ਨਗਦ ਰਾਸ਼ੀ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਬਲਾਕ ਸੰਮਤੀ ਮੈਂਬਰ ਹਰਜਸਪਾਲ ਸਿੰਘ, ਹਰਪ੍ਰੀਤ ਸਿੰਘ ਪੰਚ ਤੇ ਇੰਦਰਜੀਤ ਸਿੰਘ ਧਾਲੀਵਾਲ ਕਿਸਾਨ ਹੱਟ ਤੇ ਪਿੰਡ ਵਾਸੀਆਂ ਨੇ ਜਸਕਰਨ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਜਸਕਰਨ ਸਖਤ ਮਿਹਨਤ ਸਦਕਾ ਨੇ ਏਸ਼ੀਅਨ ਚੈਪੀਅਨ 'ਚ ਪਹਿਲਾਂ ਸਥਾਨ ਹਾਸਲ ਕਰਦਿਆਂ ਗੋਲਡ ਮੈਡਲ ਜਿੱਤ ਕੇ ਅਪਣੇ ਮਾਪਿਆਂ ਤੇ ਪਿੰਡ ਮੰਡੋਰ ਦੇ ਨਾਲ ਨਾਲ ਪੰਜਾਬ ਤੇ ਪੂਰੇ ਦੇਸ਼ ਦਾ ਨਾਂਅ ਰੋਸ਼ਨ ਕੀਤਾ। ਇਸ ਮੌਕੇ ਉਨ੍ਹਾਂ ਨੇ ਸੂਬਾ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਅਜਿਹੇ ਹੋਣਹਾਰ ਖਿਡਾਰੀਆਂ ਨੂੰ ਮਾਣ ਸਨਮਾਨ ਦੇਣਾ ਚਾਹਿਦਾ ਹੈ, ਤਾਂ ਨੌਜਵਾਨ ਪੀੜ੍ਹੀ ਦਾ ਖੇਡਾਂ ਵੱਲ ਰੁਝਾਨ ਵੱਧ ਸਕੇ। ਇਸ ਮੌਕੇ ਪਿੰਡ ਵੱਲੋਂ ਦਿੱਤੇ ਮਾਣ ਸਤਿਕਾਰ ਲਈ ਜਸਕਰਨ ਨੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਜਸਕਰਨ ਬਲਾਕ ਸੰਮਤੀ ਮੈਂਬਰ ਹਰਜਸਪਾਲ ਸਿੰਘ, ਇੰਦਰਜੀਤ ਸਿੰਘ ਧਾਲੀਵਾਲ ਕਿਸਾਨ ਹੱਟ, ਸਰਪੰਚ ਕੁਲਦੀਪ ਕੌਰ, ਹਰਪ੍ਰੀਤ ਸਿੰਘ ਪੰਚ, ਜੋਤੀ ਸ਼ਰਮਾ ਮਨੈਜਰ, ਮਲਕੀਤ ਸਿੰਘ ਮਨੈਜਰ, ਜਗਜੀਤ ਸਿੰਘ ਜੱਗੀ, ਗੁਰਪ੍ਰੀਤ ਸਿੰਘ ਲਾਲੀ, ਦੀਦਾਰ ਸਿੰਘ ਰਿਟਾਇਰ ਥਾਣੇਦਾਰ, ਲਖਵੀਰ ਸਿੰਘ ਪੰਚ, ਗੁਰਦੇਵ ਸਿੰਘ, ਪਾਲਾ ਸਿੰਘ, ਪਰਮਜੀਤ ਪੰਮਾ, ਭੀਮ ਸਿੰਘ, ਕਰਨ ਕੁਮਾਰ, ਦਵਿੰਦਰ ਸਿੰਘ, ਸੁਖਵਿੰਦਰ ਸਿੰਘ ਕਿਸਾਨ ਆਗੂ, ਅਵਤਾਰ ਸਿੰਘ, ਕਾਲਾ ਬਚਿੱਤਰ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡ ਵਾਸੀ ਮੌਜੂਦ ਸਨ।

## ਕਾਤਰਾਂ

### ਖੇਡਾਂ 'ਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਕੀਤਾ ਸਨਮਾਨਤ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਐਸ ਆਰ ਐਸ ਵਿੱਦਿਆਪੀਠ ਸਮਾਣਾ ਵਿੱਚ ਜੇਤੂ ਤੇ ਪ੍ਰਤੀਯੋਗੀ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਲਈ ਇੱਕ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਸਕੂਲ ਪ੍ਰਿੰਸੀਪਲ ਮਿਸ ਮਿਲੀ ਬੋਸ ਦੁਆਰਾ ਵੱਖ-ਵੱਖ ਖੇਡਾਂ ਟੇਬਲ ਟੈਨਿਸ, ਆਰਚਰੀ ਤੇ ਕਰਾਸਬੋ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਵਾਲੇ, ਆਰਟ ਫੈਸਟ ਵਿੱਚ ਆਪਣੀ ਕਲਾ ਦੇ ਜੌਹਰ ਦਿਖਾਉਣ ਵਾਲੇ ਤੇ ਅੰਤਰ ਰਾਸ਼ਟਰੀ ਯੋਗਾ ਦਿਵਸ ਜੋ ਕਿ ਪਟਿਆਲਾ ਵਿਖੇ ਕਰਵਾਇਆ ਗਿਆ, ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਟਰਾਫੀ, ਤਮਗੇ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਚੇਅਰਮੈਨ ਅਮਿਤ ਸਿੰਗਲਾ ਤੇ ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਵਿਦਿਆਰਥੀਆਂ ਦਾ ਹੌਸਲਾ ਵਧਾਇਆ ਤੇ ਉਨ੍ਹਾਂ ਨੂੰ ਇਸੇ ਤਰ੍ਹਾਂ ਸਿੱਖਿਆ ਦੇ ਨਾਲ ਨਾਲ ਖੇਡਾਂ ਅਤੇ ਹੋਰ ਗਿਆਨ ਭਰਪੂਰ ਗਤੀਵਿਧੀਆਂ ਵਿੱਚ ਵੱਧ ਤੋਂ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

### ਵਿਦਿਆਰਥੀ ਨੂੰ ਯੋਗਾ 'ਚ ਤੀਜਾ ਸਥਾਨ ਪ੍ਰਾਪਤ

ਮੋਗਾ (ਅਮਰਜੀਤ ਬੱਬਰੀ)- ਐਸ ਐਫ ਸੀ ਕਾਨਵੈਂਟ ਸਕੂਲ ਜਲਾਲਾਬਾਦ ਦੇ ਛੇਵੀਂ ਜਮਾਤ ਦੇ ਵਿਦਿਆਰਥੀ ਐਸ਼ਪ੍ਰੀਤ ਸਿੰਘ ਨੇ ਜ਼ੋਨਲ ਪੱਧਰੀ ਖੇਡ ਮੁਕਾਬਲੇ ਵਿਚ ਯੋਗਾ 'ਚ ਤੀਜਾ ਸਥਾਨ ਹਾਸਲ ਕੀਤਾ। ਉਸ ਨੇ ਅੰਡਰ-14 'ਚ ਹਿੱਸਾ ਲਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਪ੍ਰਿੰਸੀਪਲ ਪਵਨਦੀਪ ਕੌਰ ਚਾਹਲ, ਡਾਇਰੈਕਟਰ ਸੁਖਬੀਰ ਸਿੰਘ ਅਤੇ ਚੇਅਰਮੈਨ ਅਭਿਸ਼ੇਕ ਜਿੰਦਲ ਨੇ ਬੱਚੇ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਪ੍ਰਿੰਸੀਪਲ ਨੇ ਕਿਹਾ ਕਿ ਯੋਗ ਵੀ ਇਕ ਖੇਡ ਹੈ ਅਤੇ ਇਸ ਦੇ ਨਾਲ ਸਰੀਰ ਨੂੰ ਕਈ ਬਿਮਾਰੀਆਂ ਤੋਂ ਬਚਾਇਆ ਜਾਂਦਾ ਹੈ। ਸਕੂਲ ਡਾਇਰੈਕਟਰ ਸੁਖਬੀਰ ਸਿੰਘ ਨੇ ਕਿਹਾ ਕਿ ਯੋਗ ਕਰਨ ਨਾਲ ਸਾਡਾ ਸਰੀਰ ਤੰਦਰੁਸਤ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਸਾਨੂੰ ਖੇਡ ਮੁਕਾਬਲਿਆਂ ਵਿਚ ਵੀ ਹਿੱਸਾ ਲੈਣਾ ਚਾਹੀਦਾ ਹੈ। ਸਾਨੂੰ ਜੀਵਨ ਦੇ ਹਰ ਖੇਤਰ ਬਾਰੇ ਗਿਆਨ ਹੋਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਬੱਚਿਆਂ ਨੂੰ ਇਸੇ ਤਰ੍ਹਾਂ ਜ਼ਿੰਦਗੀ 'ਚ ਅੱਗੇ ਵਧਣ ਦੀ ਕਾਮਨਾ ਕੀਤੀ। ਇਸ ਮੌਕੇ ਸਕੂਲ ਸਟਾਫ ਆਦਿ ਹਾਜ਼ਰ ਸਨ।

### 'ਸਰਕਾਰ ਤੁਹਾਡੇ ਦੁਆਰ' ਤਹਿਤ ਗਹਿਲ 'ਚ ਕੈਂਪ ਭਲਕੇ

ਮਹਿਲ ਕਲਾਂ (ਬਲਵਿੰਦਰ ਵਜੀਦਕੇ)-ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਵੱਲੋਂ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਤੇ ਡਿਪਟੀ ਕਮਿਸ਼ਨਰ ਸ੍ਰੀਮਤੀ ਪੂਨਮਦੀਪ ਕੌਰ ਦੀ ਅਗਵਾਈ ਹੇਠ ਬਲਾਕ ਮਹਿਲ ਕਲਾਂ ਦੇ ਪਿੰਡ ਗਹਿਲ 'ਚ 28 ਜੁਲਾਈ ਨੂੰ 'ਸਰਕਾਰ ਤੁਹਾਡੇ ਦੁਆਰ' ਤਹਿਤ ਕੈਂਪ ਲਾਇਆ ਜਾਵੇਗਾ। ਇਹ ਕੈਂਪ ਸਰਕਾਰੀ ਹਸਪਤਾਲ ਗਹਿਲ ਵਿਖੇ ਲਾਇਆ ਜਾਵੇਗਾ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਨੇ ਦੱਸਿਆ ਕਿ ਇਸ ਕੈਂਪ 'ਚ ਪਿੰਡ ਗਹਿਲ ਤੋਂ ਇਲਾਵਾ ਆਸ-ਪਾਸ ਦੇ ਪਿੰਡਾਂ ਬੀਹਲਾ, ਬੀਹਲਾ ਖੁਰਦ, ਨਰੈਣਗੜ੍ਹ ਸੋਹੀਆਂ, ਛੀਨੀਵਾਲ ਖੁਰਦ ਦੇ ਵਾਸੀ ਵੀ ਪੁੱਜ ਕੇ ਆਪਣੀਆਂ ਮੁਸ਼ਕਲਾਂ ਦਰਜ ਕਰਵਾ ਸਕਦੇ ਹਨ।

### ਨਗਰ ਕੌਂਸਲਰ ਸੰਦੀਪ ਲੂੰਬਾ ਦੀ ਮਿਹਨਤ ਰੰਗ ਲਿਆਈ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ) ਕੈਬਨਿਟ ਮੰਤਰੀ ਚੇਤਨ ਸਿੰਘ ਜੋੜਾਮਾਜਰਾ ਦੇ ਉਪਰਾਲੇ ਅਤੇ ਵਾਰਡ ਨੰਬਰ 17 ਦੇ ਕੌਂਸਲਰ ਸੰਦੀਪ ਲੂੰਬਾ ਦੀ ਮਿਹਨਤ ਸਦਕਾ ਮੋਟਰ ਨੰਬਰ ਦੋ (ਨਗਰ ਕੌਂਸਲ ਦੇ ਸਾਹਮਣੇ) ਬੋਰ 'ਚ ਵੱਡੀ ਮੋਟਰ ਪਾਈ ਗਈ, ਜਿਸ ਨਾਲ ਸਮਾਣਾ ਦੇ ਵਾਰਡ ਨੰਬਰ 16,17,18 ਦੇ ਨਿਵਾਸੀਆਂ ਨੂੰ ਪੀਣ ਵਾਲੇ ਪਾਣੀ ਸੰਬੰਧੀ ਆ ਰਹੀ ਦਿੱਕਤ ਤੋਂ ਵੱਡੀ ਰਾਹਤ ਮਿਲੇਗੀ, ਜਿਕਰਯੋਗ ਹੈ ਕਿ ਇਨਾਂ ਵਾਰਡਾਂ ਵਿੱਚ ਰਹਿ ਰਹੇ ਲੋਕਾਂ ਨੂੰ ਪਿਛਲੇ ਕਾਫੀ ਲੰਬੇ ਸਮੇਂ ਤੋਂ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਕੌਂਸਲਰ ਸੰਦੀਪ ਲੂੰਬਾ ਨੇ ਮੰਤਰੀ ਸਾਹਿਬ ਦੇ ਪੀ ਏ ਗੁਰਦੇਵ ਟਿਵਾਣਾ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ।

### ਨਸ਼ੀਲੀਆਂ ਗੋਲੀਆਂ, ਕੈਪਸੂਲ ਤੇ ਭੁੱਕੀ ਚੂਰਾ ਪੋਸਤ ਸਮੇਤ 2 ਕਾਬੂ

ਬਰੇਟਾ (ਰੀਤਵਾਲ) ਸਥਾਨਕ ਪੁਲਸ ਵੱਲੋਂ ਦੌਰਾਨੇ ਗਸ਼ਤ ਹਜ਼ਾਰਾਂ ਨਸ਼ੀਲੀਆਂ ਗੋਲੀਆਂ, ਕੈਪਸੂਲ ਅਤੇ ਵੱਡੀ ਤਦਾਦ 'ਚ ਭੁੱਕੀ ਚੂਰਾ ਪੋਸ਼ਤ ਬਰਾਮਦ ਕਰਨ ਸਮੇਤ 2 ਵਿਅਕਤੀਆਂ ਨੂੰ ਕਾਬੂ ਕਰਨ ਦਾ ਸਮਾਚਾਰ ਮਿਲਿਆ ਹੈ। ਐਸ ਐਚ ਓ ਬੂਟਾ ਸਿੰਘ ਨੇ ਦੱਸਿਆ ਕਿ ਰਾਜਪਾਲ ਸਿੰਘ ਨੇ ਜੀਵਨ ਸਿੰਘ ਪੁੱਤਰ ਮਿੱਠੂ ਸਿੰਘ ਵਾਸੀ ਬਹਾਦਰਪੁਰ ਪਾਸੋਂ 1000 ਗੋਲੀਆਂ ਟਰਮਾਡੋਲ, 1050 ਕੈਪਸੂਲ ਸਿਗਨੇਚਰ ਬਰਾਮਦ ਕਰਕੇ ਕਾਬੂ ਕਰ ਲਿਆ। ਇਸੇ ਤਰ੍ਹਾਂ ਭੁਪਿੰਦਰ ਸਿੰਘ ਨੇ ਬਲਵਿੰਦਰ ਸਿੰਘ ਪੁੱਤਰ ਸਖਦੇਵ ਸਿੰਘ ਵਾਸੀ ਕੁਲਰੀਆਂ ਪਾਸੋਂ ਡੇਡ ਕਿਲੋ ਭੁੱਕੀ ਚੂਰਾ ਪੋਸਤ ਬਰਾਮਦ ਕਰਕੇ ਕਾਬੂ ਕਰ ਲਿਆ। ਜਿਨ੍ਹਾਂ ਖਿਲਾਫ ਐਨ.ਡੀ.ਪੀ.ਸੀ. ਐਕਟ ਅਧੀਨ ਮਾਮਲਾ ਦਰਜ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਮੈਡੀਕਲ ਕਾਲਜ 'ਚ ਨਵੀਂਆਂ ਮਸ਼ੀਨਾਂ ਲਿਆਉਣ ਲਈ 72.20 ਕਰੋੜ ਦਾ ਬਜਟ ਪ੍ਰਵਾਨ : ਸੇਖੋਂ



ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)-ਵਿਧਾਇਕ ਫਰੀਦਕੋਟ ਗੁਰਦਿੱਤ ਸਿੰਘ ਸੇਖੋਂ ਨੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਫਰੀਦਕੋਟ ਦੇ ਨਵ-ਨਿਯੁਕਤ ਵਾਈਸ ਚਾਂਸਲਰ ਡਾ.ਰਾਜੀਵ ਸੂਦ (ਵਿਸ਼ਵ ਪ੍ਰਸਿੱਧ ਯੂਰੋਲੋਜਿਸਟ) ਅਤੇ ਚੇਅਰਮੈਨ ਬੋਰਡ ਆਫ ਮੈਨਜੇਮੈਂਟ ਡਾ. ਗੁਰਪ੍ਰੀਤ ਸਿੰਘ ਵਾਂਦਰ (ਵਿਸ਼ਵ ਪ੍ਰਸਿੱਧ ਕਾਰਡੀਓਲੋਜਿਸਟ) ਅਤੇ ਬੋਰਡ ਮੈਂਬਰ ਸਾਹਿਬਾਨ ਡਾ. ਬਿਸਵ ਮੋਹਨ, ਡਾ. ਰਾਜਿੰਦਰ ਬਾਂਸਲ, ਡਾ.ਵਿਸ਼ਾਲ ਚੋਪੜਾ, ਡਾ.ਪ੍ਰਭਦੇਵ ਸਿੰਘ ਬਰਾੜ, ਡਾ. ਕੇ.ਕੇ.ਅਗਰਵਾਲ, ਡਾ.ਅਮਨਦੀਪ ਅਰੋੜਾ (ਵਿਧਾਇਕ ਮੋਗਾ) ਦਾ ਧੰਨਵਾਦ ਕਰਦੇ ਹੋਏ ਦੱਸਿਆ ਕਿ ਫਰੀਦਕੋਟ ਇਲਾਕੇ ਦੇ ਲੋਕਾਂ ਦੀ ਬਹੁਤ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਦੇਖਦੇ ਹੋਏ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਫਰੀਦਕੋਟ ਮੈਡੀਕਲ ਕਾਲਜ 'ਚ ਨਵੀਆਂ ਮਸ਼ੀਨਾਂ ਲਿਆਉਣ ਲਈ ਸਾਲ 2023-24 ਲਈ 72.20 ਕਰੋੜ ਦੀ ਬਜਟ ਅਲਾਟਮੈਂਟ ਪ੍ਰਵਾਨ ਕਰ ਲਈ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਰਾਸ਼ੀ ਦੀ ਵਰਤੋਂ ਨਾਲ ਫਰੀਦਕੋਟ ਮੈਡੀਕਲ ਕਾਲਜ 'ਚ ਬਹੁਤ ਸਾਰੀਆਂ ਉੱਚ-ਆਧੁਨਿਕ ਤਕਨੀਕ ਵਾਲੀਆਂ ਮਸ਼ੀਨਾਂ ਜਿਵੇਂ 3.0 ਟੇਸਲਾ ਐਮ.ਆਰ.ਆਈ ਮਸ਼ੀਨ, 2-ਐਡਵਾਂਸ ਅਲਟਰਾਸਾਊਂਡ, 800 ਐਮ.ਏ. ਦੀ ਫੁੱਲ ਰੂਮ ਡਿਜੀਟਲ ਐਕਸਰੇ ਮਸ਼ੀਨਾਂ, ਉੱਚ ਅੰਤ ਪੀ ਈ ਟੀ-ਸੀ ਟੀ, ਸੀ ਪੀ ਈ ਸੀ ਟੀ- ਸੀ ਟੀ, ਆਪਰੇਸ਼ਨ ਵਾਸਤੇ ਆਧੁਨਿਕ ਦੂਰਬੀਨ ਵਾਲੀਆਂ 03 ਮਸ਼ੀਨਾਂ, ਅੱਖ ਦੇ ਮਰੀਜ਼ਾਂ ਲਈ ਫਾਕੋ ਮਸ਼ੀਨ, ਨਵੀਨਤਮ ਐਂਡੋਸਕੋਪ ਕੋਲਨੋਸਕੋਪ, ਡਾਇਲਸਿਸ ਮਸ਼ੀਨ, ਪੋਰਟੇਬਲ ਈਕੋ ਅਤੇ ਅਲਟਰਾਸਾਊਂਡ ਮਸ਼ੀਨ ਦੀ ਖਰੀਦ ਕੀਤੀ ਜਾਵੇਗੀ। ਇਸ ਤੋਂ ਇਲਾਵਾ ਬਲੱਡ ਬੈਂਕ ਅਨਸਥੀਸੀਆ, ਨੱਕ, ਕੰਨ, ਗਲਾ ਵਿਭਾਗ, ਚਮੜੀ ਵਿਭਾਗ, ਪਲਾਸਟਿਕ ਸਰਜਰੀ ਵਿਭਾਗ, ਬਾਲ ਰੋਗ ਦੀ ਸਰਜਰੀ ਵਿਭਾਗ, ਮਾਈਕਰੋਬਾਇਓਲੋਜੀ, ਨਿਊਰੋਲੋਜੀ ਅਤੇ ਫਿਜ਼ੀਓਲੋਜੀ ਵਿਭਾਗ ਨੂੰ ਅਪਗ੍ਰੇਡ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸਰਕਾਰ ਬਿਹਤਰ ਸਿਹਤ ਸੁਵਿਧਾਵਾਂ ਦੇਣ ਲਈ ਵਚਨਬੱਧ ਹੈ ਅਤੇ ਹੋਰ ਵੀ ਰਾਸ਼ੀ ਦੀ ਜਦ ਵੀ ਜ਼ਰੂਰਤ ਪਵੇਗੀ ਇਸ ਮੈਡੀਕਲ ਕਾਲਜ ਨੂੰ ਵਿਸਵ ਪੱਧਰੀ ਸਿਹਤ ਸੁਵਿਧਾਵਾਂ ਦੇਣ ਲਈ ਪੂਰਨ ਆਰਥਕ ਸਹਿਯੋਗ ਦੇਵੇਗੀ। ਉਨ੍ਹਾਂ ਹਸਪਤਾਲ 'ਚ ਡਾਕਟਰ ਸਾਹਿਬਾਨ ਅਤੇ ਸਿਹਤ ਕਾਮਿਆਂ ਨੂੰ ਪੂਰੀ ਤਨਦੇਹੀ ਨਾਲ ਮਰੀਜ਼ਾਂ ਦੀ ਸੇਵਾ ਕਰਨ ਅਤੇ ਰਲ-ਮਿਲ ਕੇ ਇਸ ਸਿਹਤ ਸੰਸਥਾ ਦਾ ਮਿਆਰ ਹੋਰ ਉੱਚਾ ਚੁੱਕਣ ਦੀ ਅਪੀਲ ਵੀ ਕੀਤੀ।

# ਡਾ. ਹੁੰਦਲ ਨੇ ਪੰਜਾਬੀ 'ਵਰਸਿਟੀ ਕੈਂਪਸ ਤਲਵੰਡੀ ਸਾਬੋ ਦੇ ਮਿਸ਼ਨ ਦਾ ਵੱਧ ਤੋਂ ਵੱਧ ਫਾਇਦਾ ਉਠਾਉਣ ਦਾ ਦਿੱਤਾ ਸੱਦਾ



ਤਲਵੰਡੀ ਸਾਬੋ (ਜਗਦੀਪ ਗਿੱਲ)-ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੇ ਡਾਇਰੈਕਟਰ ਪ੍ਰੋਫੈਸਰ (ਡਾ.) ਜਸਬੀਰ ਸਿੰਘ ਹੁੰਦਲ ਨੇ ਅਧਿਆਪਨ ਅਤੇ ਗੈਰ-ਅਧਿਆਪਨ ਅਮਲੇ ਨਾਲ ਮੀਟਿੰਗਾਂ ਕਰਕੇ ਇਸ ਸੈਸ਼ਨ ਦੌਰਾਨ ਵੱਖ-ਵੱਖ ਕੋਰਸਾਂ 'ਚ ਹੋ ਰਹੇ ਦਾਖਲਿਆਂ ਦਾ ਜਾਇਜ਼ਾ ਲਿਆ। ਇਨ੍ਹਾਂ ਮੀਟਿੰਗਾਂ ਦੌਰਾਨ ਉਨ੍ਹਾਂ ਸਮੂਹ ਫੈਕਲਟੀ ਅਤੇ ਸਟਾਫ ਨੂੰ ਵਿਅਕਤੀਗਤ ਤੌਰ 'ਤੇ ਯੂਨੀਵਰਸਿਟੀ ਦੇ ਮਿਸ਼ਨ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਦੇ ਸਮੂਹ ਸਰਕਾਰੀ ਅਦਾਰਿਆਂ ਨੂੰ ਬਚਾਉਣਾ ਵੀ ਇੱਕ ਦੇਸ਼ ਭਗਤੀ ਹੈ। ਖਾਸ ਕਰਕੇ ਸਿੱਖਿਆ ਦੇ ਖੇਤਰ ਵਿੱਚ ਲੋਕ ਅਦਾਰਿਆਂ ਨੂੰ ਅੱਜ ਦੇ ਮੁਕਾਬਲੇ ਦੇ ਦੌਰ 'ਚ ਬਚਾਉਣਾ ਸਭ ਤੋਂ ਵੱਡੀ ਕੌਮ-ਪ੍ਰਸਤੀ ਇਸ ਕਰਕੇ ਹੈ ਕਿ ਇਨ੍ਹਾਂ ਅਦਾਰਿਆਂ ਦਾ ਦੂਸਰੇ ਅਦਾਰਿਆਂ ਦੇ ਮੁਕਾਬਲੇ ਫੀਸ ਦਰਾਂ ਦੇ ਬਹੁਤ ਵਾਜਬ ਹੋਣ ਕਰਕੇ ਗਰੀਬ ਤੋਂ ਗਰੀਬ ਵਰਗ ਦੇ ਬੱਚੇ ਵੀ ਸਿੱਖਿਆ ਹਾਸਲ ਕਰਕੇ ਆਪਣੇ ਸੁਪਨੇ ਸਾਕਾਰ ਕਰ ਸਕਦੇ ਹਨ। ਇਸ ਸੰਦਰਭ ਵਿੱਚ ਅਸੀਂ ਕੈਂਪਸ ਵਿਖੇ ਦਾਖਲਿਆਂ ਦੀ ਗਿਣਤੀ ਵਧਾ ਕੇ ਇਸ ਨੂੰ ਪ੍ਰਫੁੱਲਤ ਕਰਕੇ ਇੱਕ ਵੱਡਾ ਯੋਗਦਾਨ ਪਾ ਕੇ ਆਪਣੀ ਦੇਸ਼ ਭਗਤੀ ਨੂੰ ਅਮਲੀ ਰੂਪ 'ਚ ਉਜਾਗਰ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਕੈਂਪਸ ਤਲਵੰਡੀ ਸਾਬੋ ਵਿਖੇ ਬਹੁਤ ਹੀ ਵਾਜਬ ਫੀਸਾਂ 'ਤੇ ਚਲਾਏ ਜਾ ਰਹੇ ਵੱਖ-ਵੱਖ ਕੋਰਸਾਂ ਦੀ ਜਾਣਕਾਰੀ ਆਮ ਲੋਕਾਂ ਤੱਕ ਲਿਜਾਈ ਜਾਵੇ ਤਾਂ ਕਿ ਵੱਧ ਤੋਂ ਵੱਧ ਲੋੜਵੰਦ ਵਿਦਿਆਰਥੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਤਲਵੰਡੀ ਸਾਬੋ ਵਿਖੇ ਖੋਲ੍ਹੇ ਉੱਚ-ਕੋਟੀ ਦੇ ਵਿੱਦਿਅਕ ਸ੍ਰੋਤ ਭਾਵ ਕੈਂਪਸ ਦਾ ਵੱਧ ਤੋਂ ਵੱਧ ਫਾਇਦਾ ਉਠਾ ਸਕਣ। ਸਮੂਹ ਕੈਂਪਸ ਕਰਮਚਾਰੀਆਂ ਤੋਂ ਇਲਾਵਾ ਇਸ ਸਮੇਂ ਯਾਦਵਿੰਦਰਾ ਇੰਜਨੀਅਰਿੰਗ ਵਿਭਾਗ, ਯਾਦਵਿੰਦਰਾ ਸਾਇੰਸਿਜ਼ ਵਿਭਾਗ, ਬਿਜ਼ਨਸ ਸਟੱਡੀਜ਼ ਵਿਭਾਗ, ਭਾਸ਼ਾਵਾਂ ਵਿਭਾਗ ਅਤੇ ਸੋਸ਼ਲ ਸਾਇੰਸਿਜ਼ ਵਿਭਾਗ ਦੇ ਮੁਖੀ ਕ੍ਰਮਵਾਰ ਡਾ. ਸਿੰਪਲ ਜਿੰਦਲ, ਡਾ. ਅੰਜੂ ਸੈਣੀ, ਡਾ. ਆਨੰਦ ਬਾਂਸਲ, ਡਾ. ਸੁਸ਼ੀਲ ਕੁਮਾਰ ਅਤੇ ਪ੍ਰੋ. ਅਮਨਦੀਪ ਸਿੰਘ ਵੀ ਹਾਜ਼ਰ ਸਨ। ਕੈਂਪਸ ਵਿਖੇ ਇੰਜਨੀਅਰਿੰਗ, ਕਾਮਰਸ, ਮੈਨੇਜਮੈਂਟ, ਸਾਇੰਸ ਅਤੇ ਹਿਊਮੈਨਟੀਜ਼ ਦੇ ਅੰਡਰ-ਗਰੈਜੂਏਟ ਅਤੇ ਪੋਸਟ-ਗਰੈਜੂਏਟ ਕੋਰਸਾਂ ਦੇ ਦਾਖਲੇ ਬਿਨਾਂ ਲੇਟ ਫੀਸ 31 ਜੁਲਾਈ ਤੱਕ ਹੋ ਸਕਦੇ ਹਨ।

# ਆਲ ਇੰਡੀਆ ਹਿਊਮਨ ਰਾਈਟਸ ਐਸੋਸੀਏਸ਼ਨ ਵੱਲੋਂ ਪੈਨਸ਼ਨ ਵੰਡ ਸਮਾਰੋਹ



ਜਗਰਾਉਂ (ਅਮਿਤ ਖੰਨਾ)-ਆਲ ਇੰਡੀਆ ਹਿਊਮਨ ਰਾਈਟਸ ਐਸੋਸੀਏਸ਼ਨ ਵੱਲੋਂ 160ਵਾਂ ਪੈਨਸ਼ਨ ਵੰਡ ਸਮਾਰੋਹ ਸ਼ਿਵਾਲਿਕ ਮਾਡਲ ਸਕੂਲ ਵਿਖੇ ਸਾਕਸ਼ੀ ਸ਼ਰਮਾ ਦੀ ਯਾਦ 'ਚ ਮਨਾਇਆ ਗਿਆ, ਜਿਸ 'ਚ ਸ਼ਿਵਾਲਿਕ ਸਕੂਲ ਦੇ ਐਮ ਡੀ ਡੀ. ਕੇ. ਸ਼ਰਮਾ ਅਤੇ ਪ੍ਰਿੰਸੀਪਲ ਨੀਲਮ ਸ਼ਰਮਾ ਨੇ ਬੇਟੀ ਸਾਕਸ਼ੀ ਸ਼ਰਮਾ ਦੀ ਯਾਦ 'ਚ 25 ਬਜ਼ੁਰਗਾਂ ਨੂੰ ਪੈਨਸ਼ਨ ਵੰਡੀ। ਸਮਾਗਮ ਦੇ ਮੁੱਖ ਮਹਿਮਾਨ ਸੰਪਾਦਕ ਜਤਿੰਦਰ ਮਲਹੋਤਰਾ ਅਤੇ ਸਾਬਕਾ ਕੌਂਸਲਰ ਅਪਾਰ ਸਿੰਘ ਸਨ, ਜਦੋਂਕਿ ਗੈਸਟ ਆਫ ਆਨਰ ਐਡਵੋਕੇਟ ਦੀਪਕ ਮਹਿਤਾ ਮੈਨੇਜਰ ਐਸ. ਬੀ. ਆਈ. ਬੈਂਕ ਅਤੇ ਬਾਲ ਕ੍ਰਿਸ਼ਨ ਸਿਆਲ ਸਨ। ਸਾਕਸ਼ੀ ਸ਼ਰਮਾ ਨੂੰ ਯਾਦ ਕਰਦਿਆਂ ਸਾਰੀ ਹਿਊਮਨ ਰਾਈਟਸ ਸੰਸਥਾ ਨੇ ਸ਼ਰਧਾਂਜਲੀ ਅਰਪਿਤ ਕੀਤੀ। ਪੈਨਸ਼ਨ ਵੰਡ ਸਮਾਰੋਹ 'ਚ ਡਾ. ਵਿਵੇਕ ਗੋਇਲ ਨੇ ਆਪਣੇ ਪਿਤਾ ਰਾਜ ਕੁਮਾਰ ਦੀ ਯਾਦ 'ਚ ਫਰਵਰੀ ਮਹੀਨੇ ਦੀ ਪੈਨਸ਼ਨ, ਹਰੀ ਓਮ ਵਰਮਾ ਨੇ ਆਪਣੇ ਪਿਤਾ ਪ੍ਰੇਮ ਕੁਮਾਰ ਵਰਮਾ ਦੀ ਯਾਦ 'ਚ ਦਸੰਬਰ ਮਹੀਨੇ ਦੀ ਪੈਨਸ਼ਨ ਅਤੇ ਨਵਦੀਪ ਬਾਵਾ ਨੇ ਆਪਣੇ ਬੇਟੇ ਦੇ ਜਨਮ ਦਿਨ ਦੀ ਖੁਸ਼ੀ 'ਚ ਸਤੰਬਰ ਮਹੀਨੇ ਦੀ ਪੈਨਸ਼ਨ ਦਾ ਐਲਾਨ ਕੀਤਾ। ਇਸ ਮੌਕੇ ਸੰਸਥਾ 'ਚ ਸ਼ਾਮਲ ਹੋਏ ਨਵੇਂ ਮੈਂਬਰ ਅਸੀਸ ਕਪੂਰ ਦਾ ਸਭ ਨੇ ਜੀ ਆਇਆਂ ਕੀਤਾ। ਸਟੇਜ ਦੀ ਭੂਮਿਕਾ ਪ੍ਰਧਾਨ ਮਨਜਿੰਦਰਪਾਲ ਸਿੰਘ ਹਨੀ ਨੇ ਨਿਭਾਈ। ਇਸ ਮੌਕੇ ਪ੍ਰਧਾਨ ਮਨਜਿੰਦਰਪਾਲ ਸਿੰਘ ਹਨੀ, ਸੈਕਟਰੀ ਰਾਕੇਸ਼ ਮੈਣੀ, ਸੈਕਟਰੀ ਫਾਇਨਾਂਸ ਰਾਜਨ ਬਾਂਸਲ, ਪ੍ਰੋਜੈਕਟ ਡਾਇਰੈਕਟਰ ਵਿੱਕੀ ਔਲਖ ਅਤੇ ਸਰਬਜੀਤ ਛੀਨਾ, ਵਾਈਸ ਪ੍ਰਧਾਨ ਡਾ: ਵਿਵੇਕ ਗੋਇਲ, ਜੁਆਇੰਟ ਸੈਕਟਰੀ ਜਸਪਾਲ ਸਿੰਘ, ਰਿਪੋਰਟਿੰਗ ਅਫਸਰ ਅੱਛਰੂ ਸਿੰਗਲਾ ਅਤੇ ਨਵਦੀਪ ਬਾਵਾ ਆਦਿ ਮੈਂਬਰਾਂ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# 'ਲਾਇਨਜ਼ ਕਲੱਬ ਮੁਕਤਸਰ ਆਜ਼ਾਦ ਹਮੇਸ਼ਾ ਲੋਕ ਸੇਵਾ ਦੇ ਕੰਮਾਂ 'ਚ ਵਧ-ਚੜ੍ਹ ਕੇ ਹਿੱਸਾ ਲੈਂਦਾ'

ਮੁਕਤਸਰ (ਸ਼ਮਿੰਦਰਪਾਲ /ਪੂਜਾ) ਲਾਇਨਜ਼ ਇੰਟਰਨੈਸ਼ਨਲ ਨੇ ਦੁਨੀਆ ਭਰ 'ਚ ਅੰਨ੍ਹੇਪਣ ਨੂੰ ਦੂਰ ਕਰਨ ਲਈ ਵੱਡੀ ਮੁਹਿੰਮ ਵਿੱਢੀ ਹੋਈ ਹੈ। ਉਸੇ ਕੜੀ 'ਚ ਸਾਡੇ ਕਲੱਬ ਦੇ ਪ੍ਰਧਾਨ ਲਾਇਨ ਅਮਰਦੀਪ ਸਿੰਘ ਦੀ ਅਗਵਾਈ ਹੇਠ ਪਰਿਆਸ ਟੂ ਉਜਾਲਾ ਬਲਾਈਂਡ ਸਕੂਲ ਵਿਖੇ ਇਕ ਰਿਫਰੈਸ਼ਮੈਂਟ ਕੈਂਪ ਲਾਇਆ ਗਿਆ। ਇਸ 'ਚ ਉਨ੍ਹਾਂ ਬਸ਼ਿੰਦਿਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ ਜੋ ਇਸ ਰੰਗਲੀ ਦੁਨੀਆ ਨੂੰ ਦੇਖ ਨਹੀਂ ਸਕਦੇ। ਉਨ੍ਹਾਂ ਨਾਲ ਗੱਲਾਂ ਬਾਤਾਂ ਕਰਕੇ ਉਨ੍ਹਾਂ ਦੇ ਦੁੱਖਾਂ, ਲੋੜਾਂ ਦੇ ਨਾਲ ਨਾਲ ਇਸ ਸੰਸਥਾ ਬਾਰੇ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਇਹ ਸੰਸਥਾ ਐਨ ਜੀ ਓ ਦੀ ਮਦਦ ਨਾਲ ਚਲ ਰਹੀ ਹੈ ਤੇ ਜਲਦੀ ਹੀ ਮਲੋਟ ਰੋਡ 'ਤੇ ਇਸਦੀ ਬਣ ਰਹੀ ਨਵੀਂ ਇਮਾਰਤ 'ਚ ਚਲੀ ਜਾਵੇਗੀ, ਜਿਥੇ ਹੋਰ ਸਹੂਲਤਾਂ ਮਿਲ ਸਕਨਗੀਆਂ। ਕੈਂਪ ਦੀ ਜਿੰਮੇਵਾਰੀ ਸੈਕਟਰੀ ਲਾਇਨ ਵਿਕਾਸ ਗੋਇਲ ਤੇ ਖਜਾਨਚੀ ਲਾਇਨ ਰਵੀ ਅਗਰਵਾਲ ਨੇ ਤਨਦੇਹੀ ਨਾਲ ਨਿਭਾਈ। ਇਸ 'ਚ ਜਿਨ੍ਹਾਂ ਲਾਇਨਜ਼ ਮੈਂਬਰਾਂ ਨੇ ਸ਼ਿਰਕਤ ਕੀਤੀ ਉਨ੍ਹਾਂ ਵਿਚ ਡਾ ਪੀ ਐਸ ਢੀਂਗਰਾ, ਭਾਈ ਰਸਬੀਰ ਸਿੰਘ, ਰਾਹੁਲ ਸਚਦੇਵਾ ਰੋਹਿਤ ਸਿਡਾਨਾ, ਰਵਿੰਦਰ ਭਟੇਜਾ, ਰਾਜੇਸ਼ ਵਾਟਸ ਸ਼ਿਰਾਜ ਰਾਜਦੇਵ ਵਿਸ਼ਾਲ ਅਰੁਣ ਮਿੱਤਲ ਰਿਹਾਨ ਗਿਰਧਰ ਮੌਜੂਦ ਸਨ।

# ਆਈ ਐੱਸ ਐੱਫ ਕਾਲਜ ਆਫ ਫਾਰਮੇਸੀ ਦੇ ਚਾਰ ਵਿਦਿਆਰਥੀਆਂ ਦੀ ਫਾਰਮਾਸਿਊਟੀਕਲ ਕੰਪਨੀ 'ਚ ਚੋਣ



ਮੋਗਾ (ਅਮਰਜੀਤ ਬੱਬਰੀ)- ਸੂਬੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਆਈ.ਐਸ.ਐਫ. ਕਾਲਜ ਆਫ ਫਾਰਮੇਸੀ ਦੇ ਵਿਦਿਆਰਥੀਆਂ ਦਾ ਫਾਰਮਾਸਿਊਟੀਕਲ ਕੰਪਨੀ 'ਚ ਨੌਕਰੀ ਲਈ ਚੋਣ ਹੋਈ ਹੈ। ਸੰਸਥਾ ਦੇ ਪਲੇਸਮੈਂਟ ਕੋਆਰਡੀਨੇਟਰ ਡਾ. ਅਮਨਦੀਪ ਸਿੰਘ ਨੇ ਦੱਸਿਆ ਕਿ ਸੰਸਥਾ ਦੇ ਐਮ.ਫਾਰਮ ਦੇ ਵਿਦਿਆਰਥੀ ਨਿਮਿਸ਼ ਗੁਪਤਾ ਤੇ ਸ਼ੁਭਮ ਦਿਵੰਗੇ ਦਾ ਨਿਕਸੀ ਲੈਬੋਰੇਟਰੀਸ ਪ੍ਰਾਈਵੇਟ ਲਿਮਿਟਡ ਕਾਲਾ ਅੰਬ ਹਿਮਾਚਲ ਪ੍ਰਦੇਸ਼ ਵਿਖੇ ਰੈਗੂਲੇਟਰੀ ਅਫੇਅਰ ਆਫਿਸਰ ਅਤੇ ਬੀ.ਫਾਰਮ ਦੇ ਵਿਦਿਆਰਥੀ ਗਗਨਦੀਪ ਸਿੰਘ ਤੇ ਹਰਸਿਮਰ ਸਿੰਘ ਦਾ ਯੁਵੇਨਟਸ ਹੈਲਥ ਕੇਅਰ ਪ੍ਰਾਈਵੇਟ ਲਿਮਟਿਡ ਵਿਖੇ ਮੈਡੀਕਲ ਰਿਪ੍ਰੇਜ਼ੈਂਟਿਵ ਦੇ ਅਹੁਦੇ 'ਤੇ ਚੋਣ ਹੋਈ। ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ, ਸੈਕਟਰੀ ਇੰਜੀ. ਜਨੇਸ਼ ਗਰਗ, ਡਾ. ਮੁਸਕਾਨ ਗਰਗ, ਡਾਇਰੈਕਟਰ ਡਾ.ਜੀ.ਡੀ.ਗੁਪਤਾ, ਵਾਈਸ ਪ੍ਰਿੰਸੀਪਲ ਡਾ. ਆਰ.ਕੇ.ਨਾਰੰਗ ਨੇ ਪਲੇਸਮੈਂਟ ਵਿਚ ਨੌਕਰੀ ਲਈ ਚੁਣੇ ਗਏ ਵਿਦਿਆਰਥੀਆਂ ਤੇ ਪਲੇਸਮੈਂਟ ਕੋਆਰਡੀਨੇਟਰ ਡਾ. ਅਮਨਦੀਪ ਸਿੰਘ, ਡਾ. ਬਲਦੇਵ ਸਿੰਘ, ਡਾ. ਐਸ਼ਮੀਨ ਨੂੰ ਵਧਾਈ ਦਿੱਤੀ। ਉਨ੍ਹਾਂ ਵਿਦਿਆਰਥੀਆਂ ਦੇ ਭਵਿੱਖ ਦੀ ਉੱਜਵਲ ਕਾਮਨਾ ਕੀਤੀ।

# ਖਿਡਾਰੀਆਂ ਨੂੰ ਖੇਡ ਕਿੱਟਾਂ ਤਕਸੀਮ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)- ਨੌਜਵਾਨਾਂ 'ਚ ਖੇਡਾਂ ਪ੍ਰਤੀ ਰੁਚੀ ਪੈਦਾ ਹੋਣਾ ਪੰਜਾਬ ਲਈ ਸ਼ੁੱਭ ਸ਼ਗਨ ਹੈ ਕਿਉਂਕਿ ਤੰਦਰੁਸਤ ਅਤੇ ਸਰੀਰਕ ਤੌਰ 'ਤੇ ਰਿਸ਼ਟ ਪੁਸ਼ਟ ਨੌਜਵਾਨ ਹੀ ਦੇਸ਼ ਅਤੇ ਸੂਬੇ ਦੀ ਤਰੱਕੀ 'ਚ ਅਹਿਮ ਯੋਗਦਾਨ ਪਾ ਸਕਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਅਥਲੈਟਿਕਸ ਐਸੋਸੀਏਸ਼ਨ ਦੇ ਪ੍ਰਧਾਨ ਜਗਮੀਤ ਸਿੰਘ ਸਹੋਤਾ ਬਾਵਾ ਨੇ ਮਾਤਾ ਗੁਜਰੀ ਕਾਲਜ ਫ਼ਤਹਿਗੜ੍ਹ ਸਾਹਿਬ ਦੇ ਖੇਡ ਗਰਾਊਂਡ ਵਿਖੇਂ ਵੱਖ ਵੱਖ ਖੇਡਾਂ 'ਚ ਨੈਸ਼ਨਲ ਪੱਧਰੀ ਅਤੇ ਸੂਬਾਂ ਪੱਧਰੀ ਖੇਡਾਂ 'ਚ ਮੱਲਾਂ ਮਾਰਨ ਵਾਲੇ 45 ਖਿਡਾਰੀਆਂ ਨੂੰ ਜ਼ਿਲ੍ਹਾ ਅਥਲੈਟਿਕਸ ਐਸੋਸੀਏਸ਼ਨ ਅਤੇ ਪੰਜਾਬ ਅਥਲੈਟਿਕ ਐਸੋਸੀਏਸ਼ਨ ਵੱਲੋਂ ਖੇਡ ਕਿੱਟਾਂ ਤਕਸੀਮ ਕਰਨ ਮੌਕੇ ਕੀਤਾ। ਪ੍ਰਧਾਨ ਸਹੋਤਾ ਬਾਵਾ ਨੇ ਖਿਡਾਰੀਆਂ ਨੂੰ ਕੋਚਿੰਗ ਦੇਣ ਵਾਲੇ ਕੋਚਾਂ, ਪੁਲਸ ਵਿਭਾਗ 'ਚ ਸੇਵਾ ਨਿਭਾ ਰਹੇ ਅਥਲੀਟਾਂ, ਸਮਾਜ ਸੇਵੀ ਕਲੱਬਾਂ ਅਤੇ ਸਮਾਜ ਸੇਵੀ ਜੋਗਾ ਸਿੰਘ ਬਾਠ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਸਭਨਾਂ ਦੇ ਸਹਿਯੋਗ ਨਾਲ ਅਤੇ ਕੋਚਿੰਗ ਸਟਾਫ ਦੀ ਪ੍ਰੇਰਨਾ ਸਦਕਾ ਹੀ ਇਹ ਖਿਡਾਰੀ ਸੂਬਾ ਪੱਧਰੀ ਅਤੇ ਨੈਸ਼ਨਲ ਪੱਧਰੀ ਖੇਡ ਮੁਕਾਬਲਿਆਂ 'ਚ ਮੱਲਾਂ ਮਾਰਦੇ ਹੋਏ ਆਪਣਾ ਅਤੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦਾ ਨਾਂ ਰੋਸ਼ਨ ਕਰ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸੋਸੀਏਸ਼ਨ ਦੇ ਜਨਰਲ ਸਕੱਤਰ ਸੁਖਦੇਵ ਸਿੰਘ, ਜਨਰਲ ਸੈਕਟਰੀ ਸੁਖਦੇਵ ਸਿੰਘ, ਜੋਗਿੰਦਰ ਸਿੰਘ ਤਲਾਣੀਆਂ, ਅਮਰੀਕ ਸਿੰਘ ਪੰਧੇਰ, ਰਣਜੀਤ ਸਿੰਘ ਸਾਬਕਾ ਏ.ਈ.ਓ, ਸਹਾਇਕ ਥਾਣੇਦਾਰ ਤਰਲੋਚਨ ਸਿੰਘ, ਸਹਾਇਕ ਥਾਣੇਦਾਰ ਕੁਲਵੰਤ ਸਿੰਘ, ਜੰਗ ਸਿੰਘ, ਕੋਚ ਕਮਲਪ੍ਰੀਤ ਸਿੰਘ, ਕਸ਼ਮੀਰ ਕੌਰ, ਸਿਮਰਪ੍ਰੀਤ ਕੌਰ, ਗਗਨਦੀਪ ਕੌਰ, ਭੁਪਿੰਦਰ ਸਿੰਘ ਸੰਧੂ ਅਤੇ ਹਰਿੰਦਰ ਸਿੰਘ ਚੱਠਾ ਵੀ ਹਾਜ਼ਰ ਸਨ।

# ਬਾਬਾ ਫਰੀਦ ਪਬਲਿਕ ਸਕੂਲ ਵਿਖੇ ਚਾਰ ਰੋਜ਼ਾ ਤ੍ਰਿਤਿਆ ਸੋਪਾਨ ਕੈਂਪ



ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਸਥਾਨਕ ਬਾਬਾ ਫਰੀਦ ਪਬਲਿਕ ਸਕੂਲ ਵਿਖੇ ਬੀਤੇ ਦਿਨਾ ਚਾਰ ਰੋਜ਼ਾ ਤ੍ਰਿਤਿਆ ਸੋਪਾਨ ਕੈਂਪ ਲਗਾਇਆ ਗਿਆ। ਸੰਸਥਾ ਦੇ ਚੇਅਰਮੈਨ ਇੰਦਰਜੀਤ ਸਿੰਘ ਖਾਲਸਾ ਅਤੇ ਪ੍ਰਿੰਸੀਪਲ ਕੁਲਦੀਪ ਕੌਰ ਦੀ ਅਗਵਾਈ ਹੇਠ ਲਗਾਏ ਗਏ ਇਸ ਕੈਂਪ 'ਚ 151 ਵਿਦਿਆਰਥੀਆਂ ਨੇ ਭਾਗ ਲਿਆ। ਇਸ ਕੈਂਪ ਦਾ ਉਦਘਾਟਨ ਪ੍ਰਿੰਸੀਪਲ ਕੁਲਦੀਪ ਨੇ ਕੀਤਾ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ ਇਸ ਕੈਂਪ ਦੀ ਮਹੱਤਤਾ ਸੰਬੰਧੀ ਪ੍ਰੇਰਿਤ ਕਰਦਿਆਂ ਕਿਹਾ ਕਿ ਅਜਿਹੇ ਕੈਂਪਾਂ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਉਤਸ਼ਾਹ, ਜੋਸ਼ ਅਤੇ ਜਜ਼ਬੇ ਦੀ ਭਾਵਨਾ ਨਾਲ ਹਿੱਸਾ ਲੈ ਕੇ ਗਿਆਨ ਹਾਸਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਾਬਾ ਫਰੀਦ ਪਬਲਿਕ ਸਕੂਲ ਦੇ ਕਰੀਬ 100 ਵਿਦਿਆਰਥੀਆਂ ਦੁਆਰਾ ਕੱਬ ਬੁਲਬੁਲ ਅਤੇ ਸਕਾਊਟ ਐਂਡ ਗਾਈਡ 'ਚ ਰਾਸ਼ਟਰਪਤੀ ਐਵਾਰਡ ਹਾਸਲ ਕਰਨ ਵਾਲਾ ਇਲਾਕੇ ਦਾ ਇਹ ਇੱਕੋ ਇੱਕ ਸਕੂਲ ਹੈ। ਇਸ ਮੌਕੇ ਐੱਲ.ਓ.ਸੀ. ਰੰਜਨਾ ਥਾਪਰ ਅਤੇ ਐੱਲ.ਟੀ. ਕਰਮਜੀਤ ਸਿੰਘ ਰੂਪਰਾ ਨੇ ਵਿਦਿਆਰਥੀਆਂ ਨੂੰ ਸਕਾਊਟ ਦੇ ਨਿਯਮ, ਝੰਡੇ ਦਾ ਗੀਤ, ਪ੍ਰਾਰਥਨਾ ਅਤੇ ਸਕਾਊਟਿੰਗ ਦੇ ਇਤਿਹਾਸ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕੁਦਰਤੀ ਆਫਤਾਂ ਅਤੇ ਮੁਢਲੀ ਸਹਾਇਤਾ ਬਾਰੇ ਜਾਣਕਾਰੀ ਦਿੰਦਿਆਂ ਰਾਜ ਪੁਰਸਕਾਰ ਦੇ ਬੈਜਾਂ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਈ। ਇਸ ਤੋਂ ਇਲਾਵਾ ਵਿਦਿਆਰਥੀ ਨੂੰ ਆਤਮ ਨਿਰਭਰ ਬਣਨ, ਟੈਂਟ ਲਗਾਉਣ, ਖਾਣਾ ਤਿਆਰ ਕਰਨ ਅਤੇ ਅੱਗ ਬਾਲਣ ਵਰਗੇ ਗੁਰ ਵੀ ਦੱਸੇ। ਉਪਰੰਤ ਸੰਸਥਾ ਦੇ ਚੇਅਰਮੈਨ ਇੰਦਰਜੀਤ ਸਿੰਘ ਖਾਲਸਾ ਨੇ ਅਸ਼ੀਰਵਾਦ ਦਿੰਦਿਆਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਕੋਚ ਸਾਹਿਬਾਨ ਨੂੰ ਇਸ ਬਹੁਮੁੱਲੇ ਕੈਂਪ ਨੂੰ ਆਯੋਜਿਤ ਕਰਨ ਲਈ ਮੁਬਾਰਕਬਾਦ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਿਸ ਸ਼ਿਵਾਨੀ ਅਤੇ ਅਨਮੋਲ ਸਿੰਘ ਆਦਿ ਅਧਿਆਪਕਾਂ ਨੇ ਵੀ ਇਸ ਕੈਂਪ ਨੂੰ ਸਫਲ ਬਣਾਉਣ ਲਈ ਆਪਣਾ ਭਰਪੂਰ ਯੋਗਦਾਨ ਦਿੱਤਾ। ਇਸੇ ਸਕੂਲ ਦੇ ਹੀ ਰਾਸ਼ਟਰਪਤੀ ਟੈਸਟਿੰਗ ਕੈਂਪ ਪਾਸ ਵਿਦਿਆਰਥੀ ਰਿਆਜਪ੍ਰੀਤ ਸਿੰਘ ਨੇ ਬੱਚਿਆਂ ਨੂੰ ਬੀ.ਪੀ. ਸਿਕਸ ਅਤੇ ਗੈਜੇਟਸ ਤਿਆਰ ਕਰਵਾ ਕੇ ਕੈਂਪ 'ਚ ਪੂਰਾ ਯੋਗਦਾਨ ਪਾਇਆ। ਅੰਤ 'ਚ ਸਕੂਲ ਪ੍ਰਿੰਸੀਪਲ ਕੁਲਦੀਪ ਨੇ ਐੱਲ.ਓ.ਸੀ. ਰੰਜਨਾ ਥਾਪਰ ਅਤੇ ਉਨ੍ਹਾਂ ਦੀ ਪੂਰੀ ਟੀਮ ਦਾ ਧੰਨਵਾਦ ਕੀਤਾ।

# ਗੁਰਾਦਿੱਤਾ ਸਿੰਗਲਾ ਦੀ ਯਾਦ 'ਚ ਭਵਨ ਬਣਾ ਕੇ ਲੋਕਾਂ ਨੂੰ ਕੀਤਾ ਸਮਰਪਤ

ਭੀਖੀ, (ਧਰਮਵੀਰ ਸ਼ਰਮਾ)-ਸਥਾਨਕ ਪੁਰਾਣਾ ਬਜ਼ਾਰ ਅੰਦਰ ਮੈਡਮ ਸਰੋਜ ਰਾਣੀ ਪਤਨੀ ਡਾ. ਸਤੀਸ਼ ਕੁਮਾਰ ਪ੍ਰਧਾਨ ਸਰਵਹਿੱਤਕਾਰੀ ਵਿੱਦਿਆ ਮੰਦਿਰ ਵੱਲੋਂ ਆਪਣੇ ਭਰਾ ਸਵ. ਗੁਰਾਦਿੱਤਾ ਸਿੰਗਲਾ ਕੁੱਕੂ ਪੁੱਤਰ ਸਵ. ਤਾਰਾ ਚੰਦ ਸਿੰਗਲਾ ਵਧਾਵੇ ਕੇ ਦੀ ਯਾਦ ਵਿੱਚ ਇੱਕ ਯਾਦਗਾਰੀ ਭਵਨ ਬਣਾ ਕੇ ਲੋਕਾਂ ਨੂੰ ਸਮਰਪਤ ਕੀਤਾ ਗਿਆ। ਉਨ੍ਹਾ ਦੱਸਿਆ ਕਿ ਇਸ ਭਵਨ ਦਾ ਉਪਯੋਗ ਸ਼ਹਿਰ ਦੇ ਧਾਰਮਿਕ ਤੇ ਸਮਾਜ ਸੇਵੀ ਕੰਮਾਂ ਲਈ ਕੀਤਾ ਜਾਇਆ ਕਰੇਗਾ। ਇਸ ਮੌਕੇ ਦੀਦੀ ਰੁਪਿੰਦਰ ਨੇ ਕਿਹਾ ਕਿ ਸਿੰਗਲਾ ਪਰਿਵਾਰ ਵੱਲੋਂ ਇਹ ਭਵਨ ਲੈ ਕੇ ਲੋਕਾਂ ਨੂੰ ਸਮਰਪਤ ਕਰਨਾ ਇੱਕ ਸ਼ਲਾਘਾਯੋਗ ਕਦਮ ਹੈ।

ਉਨ੍ਹਾ ਕਿਹਾ ਕਿ ਅਜਿਹੇ ਸਮਾਜ ਸੇਵੀ ਪਰਿਵਾਰਾਂ ਦਾ ਲੋਕ ਸੇਵਾ ਲਈ ਅੱਗੇ ਆਉਣਾ ਇੱਕ ਚੰਗਾ ਸੰਕੇਤ ਹੈ। ਇਸ ਮੌਕੇ ਉਨ੍ਹਾਂ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਇਸ ਭਵਨ ਦੀ ਯੋਗ ਵਰਤੋਂ ਕਰਨ। ਇਸ ਮੌਕੇ ਸਰੋਜ ਰਾਣੀ ਨੇ ਆਪਣੇ ਭਰਾ ਸਵ. ਗੁਰਾਦਿੱਤਾ ਦੀ ਜੀਵਨੀ 'ਤੇ ਚਾਨਣਾ ਪਾਇਆ। ਇਸ ਮੌਕੇ ਪੁੱਜੇ ਡਾ. ਯਸ਼ਪਾਲ ਸਿੰਗਲਾ, ਡਾ. ਰਾਕੇਸ਼ ਕੁਮਾਰ ਨੇ ਕਿਹਾ ਕਿ ਇਹ ਭਵਨ ਸਮੇਂ ਸਮੇਂ 'ਤੇ ਜ਼ਰੂਰਤਮੰਦ ਲੋਕਾਂ ਦੀ ਲੋੜ ਲਈ ਕੰਮ ਆਉਂਦਾ ਰਹੇਗਾ। ਇਸ ਮੌਕੇ ਮਾ. ਅੰਮ੍ਰਿਤਪਾਲ ਜਿੰਦਲ, ਐਡਵੋਕੇਟ ਮਨੋਜ ਸਿੰਗਲਾ ਰੌਕੀ, ਜਸਪਾਲ ਸਿੰਘ ਮਿੱਤਲ, ਮਾ. ਬ੍ਰਿਜ ਲਾਲ, ਪ੍ਰਿੰਸੀਪਲ ਸੰਜੀਵ ਕੁਮਾਰ, ਨੀਲਮ ਮਨਚੰਦਾ ਵੀ ਹਾਜ਼ਰ ਸਨ।

# ਪਿੰਡਾਂ 'ਚ ਰਹਿੰਦੇ ਲੋਕਾਂ ਨੂੰ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ : ਸੰਧਵਾਂ



ਫਰੀਦਕੋਟ/ ਕੋਟਕਪੂਰਾ (ਐਲਿਗਜੈਂਡਰ ਡਿਸੂਜਾ)-ਪੰਜਾਬ ਸਰਕਾਰ ਲੋਕਾਂ ਦੀ ਹਰ ਸਮੱਸਿਆ ਹੱਲ ਕਰਨ ਲਈ ਵਚਨਬੱਧ ਹੈ ਅਤੇ ਪਿੰਡਾਂ 'ਚ ਰਹਿੰਦੇ ਲੋਕਾਂ ਨੂੰ ਕਿਸੇ ਕਿਸਮ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਕੋਟਕਪੂਰਾ ਹਲਕੇ ਤੋਂ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਆਪਣੇ ਜੱਦੀ ਪਿੰਡ ਸੰਧਵਾਂ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਲਈ ਰੂਬਰੂ ਹੁੰਦਿਆਂ ਕੀਤਾ। ਸਪੀਕਰ ਪੰਜਾਬ ਸਭਾ ਨੇ ਪਿੰਡ ਸੰਧਵਾਂ 'ਚ ਪਹੁੰਚ ਕੇ ਹਰ ਆਮ ਅਤੇ ਖਾਸ ਦੀਆਂ ਮੁਸ਼ਕਲਾਂ ਅਤੇ ਸੁਝਾਅ ਸੁਣੇ ਅਤੇ ਉਨ੍ਹਾਂ ਦੇ ਸਮੱਸਿਆਵਾਂ ਸੁਣ ਕੇ ਸਪੀਕਰ ਸੰਧਵਾਂ ਨੇ ਸੰਬੰਧਤ ਵਿਭਾਗ ਨੂੰ ਸਮਾਂਬੱਧ ਤਰੀਕੇ ਨਾਲ ਇਸ ਦਾ ਹੱਲ ਕਰਨ ਦੇ ਹੁਕਮ ਜਾਰੀ ਕੀਤੇ। ਉਨ੍ਹਾਂ ਮੁੜ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਦੇ ਲੋਕਾਂ ਨੂੰ ਵਿਕਾਸ ਦੇ ਨਾਲ-ਨਾਲ ਚੰਗੀ ਸਿਹਤ, ਬੱਚਿਆਂ ਤੇ ਨੌਜਵਾਨਾਂ ਨੂੰ ਉੱਚ ਪੱਧਰੀ ਸਿੱਖਿਆ ਦੇਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਇਹ ਉੱਦਮ ਅੱਗੇ ਵੀ ਜਾਰੀ ਰਹਿਣਗੇ। ਇਸ ਮੌਕੇ ਪੀ.ਆਰ.ਓ ਮਨਪ੍ਰੀਤ ਸਿੰਘ ਧਾਲੀਵਾਲ, ਵੱਡੀ ਗਿਣਤੀ ਵਿੱਚ ਪਿੰਡ ਵਾਸੀ, ਸਿਆਸੀ ਨੁਮਾਇੰਦੇ ਅਤੇ ਮੁਹਤਬਰ ਹਾਜ਼ਰ ਸਨ। ਢੁੱਕਵੇਂ ਹੱਲ ਕੱਢਣ ਦਾ ਭਰੋਸਾ ਦਿੱਤਾ। ਇਸ ਮੌਕੇ ਵਿਭਾਗਾਂ ਦੇ ਨਮਾਇੰਦੇ ਵੀ ਹਾਜ਼ਰ ਸਨ, ਤਾਂ ਜੋ ਇਨ੍ਹਾਂ ਵਿਭਾਗਾਂ ਨਾਲ ਸੰਬੰਧਤ ਸ਼ਿਕਾਇਤਾਂ ਦਾ ਫੌਰੀ ਨਿਪਟਾਰਾ ਕੀਤਾ ਜਾ ਸਕੇ। ਲੋਕਾਂ ਨੂੰ ਦਰਪੇਸ਼

# ਸਿਵਲ ਹਸਪਤਾਲ 'ਚ ਡੇਂਗੂ ਸੰਬੰਧੀ ਜਾਗਰੂਕਤਾ ਕੈਂਪ



ਸੰਗਰੂਰ, (ਪ੍ਰਵੀਨ ਸਿੰਘ)-ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੀਆਂ ਹਦਾਇਤਾਂ ਅਤੇ ਸਿਵਲ ਸਰਜਨ ਡਾ. ਪਰਮਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਸਿਵਲ ਹਸਪਤਾਲ ਸੰਗਰੂਰ ਵਿਖੇ ਡੇਂਗੂ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਕਿਰਪਾਲ ਸਿੰਘ ਨੇ ਡੇਂਗੂ ਦੇ ਲੱਛਣ, ਬਚਾਅ ਅਤੇ ਇਲਾਜ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਡੇਂਗੂ ਏਡੀਜ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ ਜੋ ਕਿ ਸਾਫ ਖੜ੍ਹੇ ਪਾਣੀ 'ਚ ਪੈਦਾ ਹੁੰਦਾ ਹੈ ਅਤੇ ਦਿਨ ਵੇਲੇ ਕੱਟਦਾ ਹੈ। ਤੇਜ਼ ਬੁਖਾਰ, ਸਿਰਦਰਦ, ਮਾਸਪੇਸ਼ੀਆਂ 'ਚ ਦਰਦ, ਚਮੜੀ 'ਤੇ ਦਾਣੇ, ਅੱਖਾਂ ਦੇ ਪਿਛਲੇ ਹਿੱਸੇ 'ਚ ਦਰਦ, ਮਸੂੜਿਆਂ ਅਤੇ ਨੱਕ ਵਿੱਚੋਂ ਖੂਨ ਵਗਣਾ ਡੇਂਗੂ ਦੇ ਮੁੱਖ ਲੱਛਣ ਹਨ। ਉਨ੍ਹਾਂ ਦੱਸਿਆ ਕਿ ਸਾਨੂੰ ਆਪਣੇ ਘਰਾਂ ਦੇ ਆਲੇ ਦੁਆਲੇ ਪਾਣੀ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ ਅਤੇ ਸਾਫ ਸਫਾਈ ਦਾ ਵੀ ਖਾਸ ਧਿਆਨ ਰੱਖਣਾ ਚਾਹੀਦਾ ਹੈ। ਮੱਛਰ ਤੋਂ ਬਚਣ ਲਈ ਮੱਛਰਦਾਨੀ, ਪੂਰੇ ਕੱਪੜੇ ਪਹਿਨੋ ਅਤੇ ਮੱਛਰ ਭਜਾਓ ਕਰੀਮਾਂ ਦੀ ਵਰਤੋਂ ਕਰੋ। ਇਸ ਮੌਕੇ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਕਰਨੈਲ ਸਿੰਘ ਨੇ ਦੱਸਿਆ ਕਿ ਡੇਂਗੂ ਦੇ ਬਚਾਅ ਲਈ ਇੱਕ ਖਾਸ ਐਪ, "ਡੇਂਗੂ ਫਰੀ ਪੰਜਾਬ", ਗੂਗਲ ਪਲੇਅ ਸਟੋਰ 'ਤੇ ਉਪਲਬਧ ਹੈ ਜਿਸ ਨੂੰ ਹਰ ਵਿਅਕਤੀ ਆਪਣੇ ਫੋਨ 'ਤੇ ਡਾਊਨਲੋਡ ਕਰਕੇ ਇਸ ਸੰਬੰਧੀ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ। ਇਸ ਮੌਕੇ ਸਿਹਤ ਵਿਭਾਗ ਦੀ ਟੀਮ ਵੱਲੋਂ ਕਾਲਜ ਵਿੱਚ ਡੇਂਗੂ ਦੇ ਲਾਰਵੇ ਸੰਬੰਧੀ ਸਰਵੇ ਵੀ ਕੀਤਾ ਗਿਆ। ਇਸ ਮੌਕੇ ਡਿਪਟੀ ਸਮੂਹ ਸਿੱਖਿਆ ਅਤੇ ਸੂਚਨਾ ਅਫਸਰ ਸਰੋਜ ਰਾਣੀ, ਬੀ.ਈ.ਈ. ਹਰਪ੍ਰੀਤ ਕੌਰ, ਐਸ.ਆਈ. ਰਾਮਪਾਲ ਸਿੰਘ, ਐਲ.ਐਚ.ਵੀ. ਅਮਰਜੀਤ ਕੌਰ, ਸਿਹਤ ਕਰਮਚਾਰੀ ਯਾਦਵਿੰਦਰ ਸਿੰਘ, ਐਂਟੀ ਲਾਰਵਾ ਦਾ ਸਮੂਹ ਸਟਾਫ ਹਾਜ਼ਰ ਸੀ।

# ਗੁੱਗਾ ਮਾੜੀ ਮੰਦਰ ਵਿਖੇ ਨਵੇਂ ਹਾਲ ਦਾ ਲੈਂਟਰ ਪਾਇਆ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸਥਾਨਕ ਗੁੱਗਾ ਮਾੜੀ ਮੰਦਿਰ ਵਿਖੇ ਨਵੇਂ ਬਣ ਰਹੇ ਲੰਗਰ ਹਾਲ ਦਾ ਲੈਂਟਰ ਪਾਉਣ ਦੀ ਸੇਵਾ ਸ਼ੁਰੂ ਕੀਤੀ ਗਈ। ਇਸ ਮੌਕੇ ਅਗਰਵਾਲ ਧਰਮਸ਼ਾਲਾ ਪ੍ਰਧਾਨ ਡਾ. ਮਦਨ ਮਿੱਤਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ ਮੰਦਰ ਵਿਖੇ ਨਤਮਸਤਕ ਹੋਣ ਉਪਰੰਤ ਲੈਂਟਰ ਪਾਉਣ ਦੇ ਸ਼ੁਭ ਕਾਰਜ ਦੀ ਆਰੰਭਤਾ ਕਰਵਾਈ।

ਇਸ ਮੌਕੇ ਡਾ. ਮਿੱਤਲ ਨੇ ਦੱਸਿਆ ਕਿ ਗੁੱਗਾ ਮਾੜੀ ਮੰਦਰ ਵਿਖੇ ਕਮੇਟੀ ਰਾਜ ਕੁਮਾਰ ਸਚਦੇਵਾ ਸਰਪ੍ਰਸਤ, ਪ੍ਰਧਾਨ ਅਨੁਰਾਗ ਬਜਾਜ, ਵੇਦ ਪ੍ਰਕਾਸ਼, ਵਿਨੋਦ ਕੁਮਾਰ, ਓਮ ਪ੍ਰਕਾਸ਼, ਮਨਜੀਤ ਕੁਮਾਰ, ਮਹਿੰਦਰਪਾਲ, ਜਗਦੀਸ਼ ਕੁਮਾਰ, ਮੋਹਿੰਦਰ ਪਾਲ, ਓਮ ਪ੍ਰਕਾਸ਼ ਤੇ ਵਿੱਕੀ ਬਜਾਜ ਆਦਿ ਵੱਲੋਂ ਸੰਗਤ ਦੀ ਸਹੂਲਤ ਲਈ ਕਰਵਾਏ ਜਾ ਰਹੇ ਵੱਖ-ਵੱਖ ਨਿਰਮਾਣ ਕਾਰਜ ਤੇ ਨਿਭਾਈਆਂ ਜਾ ਰਹੀਆਂ ਸੇਵਾਵਾਂ ਸ਼ਲਾਘਾਯੋਗ ਹਨ। ਇਸ ਮੌਕੇ ਕਮੇਟੀ ਪ੍ਰਧਾਨ ਅਨੁਰਾਗ ਬਜਾਜ ਤੇ ਵੇਦ ਪ੍ਰਕਾਸ਼ ਨੇ ਦੱਸਿਆ ਕਿ ਗੁੱਗਾ ਮਾੜੀ ਮੰਦਰ ਵਿਖੇ ਹੁੰਦੇ ਸਮਾਗਮਾਂ ਸਮੇਂ ਲੋੜੀਂਦੀ ਇਮਾਰਤ ਨਾ ਹੋਣ ਕਾਰਨ ਕਾਫ਼ੀ ਦਿੱਕਤ ਮਹਿਸੂਸ ਹੁੰਦੀ ਸੀ, ਜਿਸ ਦੇ ਚਲਦਿਆਂ ਇਹ ਹਾਲ ਬਣਾਉਣ ਦੀ ਸੇਵਾ ਸ਼ੁਰੂ ਕੀਤੀ ਗਈ ਹੈ।

27-July-PAGE-11-Majha-23.qxd 7/26/2023 11:10 PM Page 1



# ਨਰਕ ਭੋਗ ਰਹੇ ਹਰਚੋਵਾਲ ਵਾਸੀਆਂ ਬੀ ਡੀ ਪੀ ਓ ਦਫਤਰ ਖਿਲਾਫ ਦਿੱਤਾ ਰੋਸ ਧਰਨਾ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਹਲਕਾ ਸ੍ਰੀ ਹਰਗੋਬਿੰਦਪੁਰ ਦੇ ਪਿੰਡ ਹਰਚੋਵਾਲ ਲਹਿੰਦੀ ਪੱਤੀ ਗੁਰਦੁਆਰਾ ਦਸਮੇਸ਼ ਦਰਬਾਰ ਦੇ ਲੋਕਾਂ ਵੱਲੋਂ ਅੱਜ ਪੰਜਾਬ ਸਰਕਾਰ ਅਤੇ ਬੀਡੀਪੀਓ ਦਫਤਰ ਦੇ ਖਿਲਾਫ ਜੀਟੀ ਰੋਡ ਗੁਰਦਾਸਪੁਰ ਦੀ ਆਵਾਜਾਈ ਨੂੰ ਠੱਪ ਕਰਕੇ ਧਰਨਾ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਹੋਇਆਂ ਕੈਪਟਨ ਧਰਮਿੰਦਰ ਸਿੰਘ ਰਿਆੜ ਨੇ ਕਿ ਪਿਛਲੇ 3 ਸਾਲ ਤੋਂ ਲਹਿੰਦੀ ਪੱਤੀ ਦੇ ਲੋਕ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਪਿੰਡ ਦੀਆਂ ਗਲੀਆਂ ਨਾਲੀਆਂ 3-3 ਫੁੱਟ ਪਾਣੀ ਨਾਲ ਡੁੱਬੀਆਂ ਹੋਈਆਂ ਹਨ ਲੋਕਾਂ ਦਾ ਲੰਘਣਾ ਬਹੁਤ ਹੀ ਔਖਾ ਹੋਇਆ ਹੈ। ਲੋਕ ਲੋਕਾਂ ਦੀਆਂ ਘਰਾਂ ਦੀਆਂ ਛੱਤਾਂ ਥਾਣੀਂ ਹੋ ਕੇ ਆਪਣੇ ਕੰਮਕਾਜ ਲਈ ਜਾਂਦੇ ਹਨ ਅਤੇ ਲੋਕਾਂ ਦੇ ਘਰਾਂ ਵਿੱਚ ਜ਼ਹਿਰੀਲੇ ਕੀੜੇ ਅਤੇ ਸੱਪ ਰੋਜ ਵੜ ਜਾਂਦੇ ਹਨ ਅਤੇ ਬਹੁਤ ਸਾਰੇ ਬਿਮਾਰੀਆਂ ਵੀ ਫੈਲੀਆਂ ਹੋਈ ਹਨ ਅਤੇ ਲੋਕ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।

ਇਸ ਮੌਕੇ ਜਗਤਾਰ ਸਿੰਘ ਖਾਲਸਾ ਨੇ ਕਿਹਾ ਕਿ ਵੋਟਾਂ ਲੈਣ ਲਈ ਮੰਤਰੀ ਇਸ ਗਲੀ ਦੇ ਲੋਕਾਂ ਨਾਲ ਵੱਡੇ ਵੱਡੇ ਵਾਅਦੇ ਕਰਕੇ ਗਏ ਸਨ ਜੋ ਸਿਰਫ ਹਵਾ ਵਿੱਚ ਹੀ ਕੀਤੇ ਗਏ ਸਨ ਜਿਨ੍ਹਾਂ ਨੂੰ ਅੱਜ ਤੱਕ ਪੂਰਾ ਨਹੀਂ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਪਿੰਡ ਵਿੱਚ ਕੁੱਝ ਲੋਕ ਜੋ ਪਿੰਡ ਦਾ ਵਿਕਾਸ ਨਹੀਂ ਹੋਣ ਦੇ ਰਹੇ ਹਨ ਜਿਨ੍ਹਾਂ ਦੀ ਬਦੌਲਤ ਅੱਜ ਅੱਧਾ ਪਿੰਡ ਪਾਣੀ ਨਾਲ ਡੁੱਬਾ ਹੋਇਆ ਹੈ ਅਤੇ ਲੋਕਾਂ ਦੀ ਜ਼ਿੰਦਗੀ ਨਾਲ ਵੱਡਾ ਖਿਲਵਾੜ ਕੀਤਾ ਜਾ ਰਿਹਾ ਹੈ। ਇਸ ਮੌਕੇ ਬਲਵਿੰਦਰ ਕੌਰ, ਮਨਜੀਤ ਕੌਰ, ਕਮਲੇਸ਼ ਕੌਰ, ਮਨਦੀਪ ਕੌਰ, ਲਖਵਿੰਦਰ ਕੌਰ, ਪਰਮਜੀਤ ਕੌਰ, ਰਣਜੀਤ ਕੌਰ, ਗੁਰਜਿੰਦਰ ਕੌਰ, ਪਰਮਜੀਤ ਕੌਰ, ਅਮਰਜੀਤ ਕੌਰ, ਰਾਜ ਰਾਣੀ, ਹਰਜਿੰਦਰ ਕੌਰ, ਸਰਬਜੀਤ ਕੌਰ, ਕੁਲਵਿੰਦਰ ਕੌਰ, ਗੁਰਮੀਤ ਕੌਰ, ਕਮਲੇਸ਼ ਰਾਣੀ, ਜਸਬੀਰ ਕੌਰ, ਸੁਖਪਾਲ ਕੌਰ, ਸਵਰਨ ਸਿੰਘ, ਹਰਜਿੰਦਰ ਸਿੰਘ, ਮੋਹਿਤ ਕੁਮਾਰ, ਸੁਖਵਿੰਦਰ ਸਿੰਘ, ਪ੍ਰਿਤਪਾਲ ਸਿੰਘ, ਸਤਨਾਮ ਸਿੰਘ, ਅਮ੍ਰਿਤਪਾਲ ਸਿੰਘ, ਗੁਰਪ੍ਰੀਤ ਸਿੰਘ, ਜਸਬੀਰ ਸਿੰਘ, ਅਸ਼ਵਨੀ ਕੁਮਾਰ ਤੋਂ ਇਲਾਵਾਂ ਵੱਡੀ ਗਿਣਤੀ ਵਿਚ ਪਿੰਡ ਦੇ ਲੋਕ ਹਾਜ਼ਰ ਸਨ। ਖਬਰ ਲਿਖੇ ਜਾਣ ਤੱਕ ਧਰਨਾ ਜਾਰੀ ਸੀ ਇਸ ਮੌਕੇ ਪੀਓ ਗੁਰਦਰਸ਼ਨ ਸਿੰਘ ਬੀਡੀਪੀਓ ਦਫਤਰ, ਸੈਕਟਰੀ ਸੁਖਚੈਨ ਸਿੰਘ ਨੇ ਹਰਚੋਵਾਲ ਦੇ ਲੋਕਾਂ ਨੂੰ ਯਕੀਨ ਦਿਵਾਇਆ ਕਿ ਜਲਦੀ ਗਲੀ ਦੇ ਵਿੱਚ ਖੜ੍ਹੇ ਪਾਣੀ ਦਾ ਨਿਕਾਸ ਕਰ ਦਿੱਤਾ ਜਾਵੇਗਾ ਅਤੇ ਉਨ੍ਹਾਂ ਨੇ ਕਿਹਾ ਕਿ ਪੰਚਾਇਤ ਵੱਲੋਂ ਜੇਕਰ ਉਨ੍ਹਾਂ ਦਾ ਸਾਥ ਨਹੀਂ ਦਿੱਤਾ ਜਾਂਦਾ ਹੈ ਤਾਂ ਕੰਮ ਜਲਦੀ ਚਾਲੂ ਨਹੀਂ ਹੋ ਸਕਦਾ ਹੈ। ਇਸ ਮੌਕੇ ਐੱਸਐੱਚਓ ਬਲਜੀਤ ਕੌਰ ਸਰਾਂ ਨੇ ਵੀ ਲੋਕਾਂ ਨੂੰ ਯਕੀਨ ਦਿਵਾਇਆ ਕਿ ਇਸ ਮਸਲੇ ਦਾ ਜਲਦੀ ਹੱਲ ਕਰਵਾਇਆ ਜਾਵੇਗਾ।

# ਮੁੱਖ ਮੰਤਰੀ ਦੀਆਂ ਪੁਰਜ਼ੋਰ ਕੋਸ਼ਿਸ਼ਾਂ ਸਦਕਾ ਸਿੱਖਿਆ ਦੇ ਖੇਤਰ 'ਚ ਆਈ ਉਸਾਰੂ ਤਬਦੀਲੀ: ਜਗਰੂਪ ਸੇਖਵਾਂ

ਗੁਰਦਾਸਪੁਰ (ਜਨਕ ਮਹਾਜਨ)-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀਆਂ ਲਾਮਿਸਾਲ ਕੋਸ਼ਿਸ਼ਾਂ ਸਦਕਾ ਸਰਕਾਰੀ ਸਕੂਲਾਂ ਦੇ ਪ੍ਰੀ-ਪ੍ਰਾਇਮਰੀ ਵਿੰਗਾਂ ਵਿਚ ਦਾਖ਼ਲਿਆਂ ਵਿਚ ਅਦੁੱਤੀ ਵਾਧਾ ਦਰਜ ਹੋਇਆ ਹੈ, ਜਿਸ ਤੋਂ ਸਿੱਖਿਆ ਖ਼ੇਤਰ ਵਿੱਚ ਹੋਈ ਉਸਾਰੂ ਤਬਦੀਲੀ ਦਾ ਪਤਾ ਲੱਗਦਾ ਹੈ। ਇਸ ਬਾਰੇ ਗੱਲ ਕਰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਮਾਨ ਸਰਕਾਰ ਵਲੋਂ ਸੂਬੇ ਦੇ ਸਿੱਖਿਆ ਖੇਤਰ ਵਿੱਚ ਸੁਧਾਰ ਉਤੇ ਵੱਡਾ ਜ਼ੋਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਦਿੱਤੀ ਜਾਂਦੀ ਸਿੱਖਿਆ ਵਿਚ ਸੁਧਾਰ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਤਾਂ ਕਿ ਇਨ੍ਹਾਂ ਸਕੂਲਾਂ ਵਿਚ ਪੜ੍ਹ ਰਹੇ ਵਿਦਿਆਰਥੀ, ਕਾਨਵੈਂਟ ਸਕੂਲਾਂ ਵਿਚ ਪੜ੍ਹਨ ਵਾਲੇ ਆਪਣੇ ਹਾਣੀਆਂ ਦਾ ਮੁਕਾਬਲਾ ਕਰਨ ਦੇ ਯੋਗ ਹੋ ਸਕਣ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀਆਂ ਪੁਰਜ਼ੋਰ ਕੋਸ਼ਿਸ਼ਾਂ ਨੂੰ ਹੁਣ ਬੂਰ ਪੈਣਾ ਸ਼ੁਰੂ ਹੋ ਗਿਆ ਹੈ ਅਤੇ ਇਨਾਂ ਸਕੂਲਾਂ ਦੇ ਦਾਖ਼ਲਿਆਂ ਵਿੱਚ ਵੱਡਾ ਵਾਧਾ ਦਰਜ ਕੀਤਾ ਗਿਆ ਹੈ। ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਇਸ ਤੱਥ ਦਾ ਪਤਾ ਇਸ ਗੱਲੋਂ ਵੀ ਲਾਇਆ ਜਾ ਸਕਦਾ ਹੈ ਕਿ ਪ੍ਰੀ-ਪ੍ਰਾਇਮਰੀ (1) ਵਿੰਗ ਦੇ ਦਾਖ਼ਲਿਆਂ ਵਿਚ 16.3 ਫੀਸਦੀ ਅਤੇ ਪ੍ਰੀ-ਪ੍ਰਾਇਮਰੀ (2) ਵਿੰਗ ਦੇ ਦਾਖ਼ਲਿਆਂ ਵਿਚ 9.9 ਫੀਸਦੀ ਦਾ ਵਾਧਾ ਦਰਜ ਹੋਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੇ ਮਿਆਰੀ ਸਿੱਖਿਆ ਦੇ ਸਮਾਨਅਰਥੀ ਬਣਨ ਦੀ ਗਵਾਹੀ ਇਹ ਤੱਥ ਵੀ ਭਰਦੇ ਹਨ ਕਿ ਪ੍ਰਾਈਵੇਟ ਸਕੂਲਾਂ ਦੇ ਵੱਡੀ ਗਿਣਤੀ ਵਿਦਿਆਰਥੀ ਹੁਣ ਆਪਣੇ ਸਕੂਲ ਛੱਡ ਕੇ ਸਰਕਾਰੀ ਸਕੂਲਾਂ ਵਿੱਚ ਦਾਖ਼ਲੇ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਰੁਝਾਨ ਆਉਣ ਵਾਲੇ ਦਿਨਾਂ ਵਿੱਚ ਵੀ ਜਾਰੀ ਰਹੇਗਾ ਅਤੇ ਉਹ ਦਿਨ ਦੂਰ ਨਹੀਂ, ਜਦੋਂ ਇਨ੍ਹਾਂ ਸਕੂਲਾਂ ਦੇ ਵਿਦਿਆਰਥੀ ਹਰੇਕ ਖ਼ੇਤਰ ਵਿੱਚ ਆਪਣੀ ਵੱਖਰੀ ਪਛਾਣ ਸਾਬਤ ਕਰਨਗੇ। ਸ. ਸੇਖਵਾਂ ਨੇ ਕਿਹਾ ਕਿ ਰਾਜ ਸਰਕਾਰ ਸੂਬੇ ਵਿੱਚ ਸਿੱਖਿਆ ਖ਼ੇਤਰ ਵਿਚ ਤਬਦੀਲੀ ਲਈ ਅਣਥੱਕ ਕੋਸ਼ਿਸ਼ਾਂ ਕਰ ਰਹੀ ਹੈ ਅਤੇ ਸੂਬੇ ਦੇ ਸਿੱਖਿਆ ਖ਼ੇਤਰ ਵਿਚ ਕ੍ਰਾਂਤੀ ਲਿਆਉਣ ਲਈ ਬੁਨਿਆਦੀ ਢਾਂਚੇ ਅਤੇ ਮਨੁੱਖੀ ਸਰੋਤਾਂ ਦੇ ਵਿਕਾਸ ਉਤੇ ਵਧ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਦੇਸ਼ ਭਰ ਵਿਚੋਂ ਮਿਆਰੀ ਸਿੱਖਿਆ ਦੇ ਕੇਂਦਰ ਵਜੋਂ ਉੱਭਰੇਗਾ।

# ਬਾਰਸ਼ਾਂ ਨਾਲ ਹੋਏ ਨੁਕਸਾਨ ਦੀ ਪੂਰਤੀ ਲਈ ਲੋਕਾਂ ਨੂੰ 150 ਦਿਨ ਕੰਮ ਦਿੱਤਾ ਜਾਵੇ : ਗੁਰਦਿਆਲ



ਤਰਨਤਾਰਨ (ਨਜ਼ਸ)—ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੀ ਮੀਟਿੰਗ ਪਿੰਡ ਬਾਠ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਜ਼ਿਲ੍ਹਾ ਤਰਨਤਾਰਨ ਦੇ ਸਕੱਤਰ ਕਾਮਰੇਡ ਗੁਰਦਿਆਲ ਸਿੰਘ ਖਡੂਰ ਸਹਿਬ ਤੇ ਜ਼ਿਲ੍ਹਾ ਮੀਤ ਪ੍ਰਧਾਨ ਕਮਲਜੀਤ ਸਿੰਘ ਨਾਗੋਕੇ ਨੇ ਕਿਹਾ ਕਿ ਨਰੇਗਾ ਕਨੂੰਨ ਰੁਜ਼ਗਾਰ ਦਾ ਇੱਕ ਚੰਗਾ ਜ਼ਰੀਆ ਹੈ ਪਰ ਇਹ ਧਨਾਢ ਲੋਕ ਤੇ ਅਧਿਕਾਰੀ ਇਸ ਨੂੰ ਸਹੀ ਢੰਗ ਨਾਲ ਚੱਲਣ ਨਹੀਂ ਦੇ ਰਹੇ।

ਚੰਗੇ ਢੰਗ ਨਾਲ ਚਲਾਉਣ ਲਈ ਨਰੇਗਾ ਕਾਮਿਆਂ ਦਾ ਜਥੇਬੰਦ ਹੋਣਾ ਬਹੁਤ ਜ਼ਰੂਰੀ ਹੈ। ਨਰੇਗਾ ਯੂਨੀਅਨ ਦੇ ਆਗੂਆਂ ਨੇ ਮੰਗ ਕੀਤੀ ਹੈ ਮਜ਼ਦੂਰਾਂ ਨੂੰ 200 ਦਿਨ ਕੰਮ ਤੇ 700 ਰੁਪਏ ਦਿਹਾੜੀ ਦਿੱਤੀ ਜਾਵੇ। ਨਰੇਗਾ ਕਾਮਿਆਂ ਨੂੰ ਈਐਸਆਈ ਅਧੀਨ ਸਿਹਤ ਸਹੂਲਤਾਂ ਦਿੱਤੀਆਂ ਜਾਣ। ਕੇਰਲਾ ਸਰਕਾਰ ਦੀ ਤਰਜ਼ ਤੇ ਨਰੇਗਾ ਮਜ਼ਦੂਰ ਭਲਾਈ ਬੋਰਡ ਬਣਾਇਆ ਜਾਵੇ। ਆਨਲਾਈਨ ਹਾਜ਼ਰੀ ਸਿਸਟਮ ਬੰਦ ਕੀਤਾ ਜਾਵੇ। ਮੇਟ ਕਾਮਿਆਂ ਦੀ ਸਹਿਮਤੀ ਨਾਲ ਮਜ਼ਦੂਰਾਂ ਵਿੱਚੋਂ ਲੋਕਾਂ ਨੂੰ ਕੰਮ 'ਤੇ ਲਗਾਇਆ ਜਾਵੇ। ਆਗੂਆਂ ਨੇ ਵੱਖਰੇ ਤੌਰ 'ਤੇ ਮੰਗ ਕੀਤੀ ਕਿ ਬਾਰਸ਼ਾਂ ਨਾਲ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਹੈ। ਇਸ ਲਈ ਹਾਲ ਦੀ ਘੜੀ ਉਨ੍ਹਾਂ ਨੂੰ 150 ਦਿਨ ਕੰਮ ਦੇ ਕੇ ਉਨ੍ਹਾਂ ਦੀ ਆਰਥਕ ਮਦਦ ਕੀਤੀ ਜਾਵੇ।

ਇਸ ਤੋਂ ਇਲਾਵਾ ਕੰਮ ਕਰਨ ਸਮੇਂ ਫਸਟਏਡ, ਪੀਣ ਲਈ ਪਾਣੀ, ਛਾਂ ਦਾ ਕਾਨੂੰਨ ਮੁਤਾਬਿਕ ਪ੍ਰਬੰਧ ਕੀਤਾ ਜਾਵੇ। ਇਨ੍ਹਾਂ ਤੋਂ ਇਲਾਵਾ ਹਰਜਿੰਦਰ ਸਿੰਘ ਮੈਂਬਰ ਪੰਚਾਇਤ ਬਾਠ, ਸਮਿਲਖਾ ਸਿੰਘ, ਗੁਰਨਾਮ ਸਿੰਘ, ਕਸ਼ਮੀਰ ਸਿੰਘ, ਬਾਬਾ ਚਰਨ ਸਿੰਘ, ਪ੍ਰੇਮ ਸਿੰਘ ਸਾਬਕਾ ਮੈਂਬਰ ਪੰਚਾਇਤ, ਹਰਜੀਤ ਸਿੰਘ, ਵੀਰ ਕੌਰ, ਰਣਜੀਤ ਸਿੰਘ, ਬਲਵਿੰਦਰ ਕੌਰ, ਦਵਿੰਦਰ ਕੌਰ, ਅਮਰੀਕ ਕੌਰ, ਅਮਰਜੀਤ ਸਿੰਘ, ਕਮਲੇਸ਼ ਰਾਣੀ ਤੇ ਗੁਰਦਿਆਲ ਸਿੰਘ ਆਦਿ ਆਗੂ ਹਾਜ਼ਰ ਸਨ।

# ਮਨੀਪੁਰ ਦੀ ਅਣਮਨੁੱਖੀ ਤੇ ਅਪਮਾਨਜਨਕ ਘਟਨਾ ਖਿਲਾਫ ਰੋਸ ਪ੍ਰਦਰਸ਼ਨ ਅੱਜ : ਚਮਨ ਲਾਲ ਦਰਾਜਕੇ



ਭਿੱਖੀਵਿੰਡ/ ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)-ਮਨੀਪੁਰ 'ਚ ਔਰਤਾਂ ਨਾਲ ਵਾਪਰੀ ਅਣਮਨੁੱਖੀ ਅਤੇ ਅਪਮਾਨਜਨਕ ਘਟਨਾ ਭਾਰਤ ਦੇ ਮੱਥੇ 'ਤੇ ਕਲੰਕ ਹੈ। ਔਰਤਾਂ ਨਾਲ ਹੋਏ ਅਣਮਨੁੱਖੀ ਤਸ਼ੱਦਦ ਖਿਲਾਫ ਮਿਤੀ 27 ਜੁਲਾਈ ਨੂੰ ਭਿੱਖੀਵਿੰਡ ਵਿਖੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਆਰਐਮਪੀਆਈ ਦੇ ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ, ਕਿਸਾਨ ਆਗੂ ਕਾਬਲ ਸਿੰਘ ਪਹਿਲਵਾਨਕੇ, ਪਾਸਟਰ ਮੰਗਤ ਰਾਮ ਅਤੇ ਪਾਸਟਰ ਕੁਲਵੰਤ ਮਸੀਹ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਪਰੋਕਤ ਆਗੂਆਂ ਨੇ ਕਿਹਾ ਕਿ 'ਡਬਲ ਇੰਜਨ ਸਰਕਾਰ ਮਣੀਪੁਰ ਦੇ ਨਾਜ਼ੁਕ ਹਾਲਾਤ ਨੂੰ ਕਾਬੂ ਕਰਨ 'ਚ ਅਸਫਲ ਸਾਬਤ ਹੋਈ ਹੈ।

ਉਨ੍ਹਾਂ ਕਿਹਾ ਕਿ ਇਸ ਘਟਨਾ ਦੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਸਖਤ ਸਜ਼ਾਵਾਂ ਦਿੱਤੀਆਂ ਜਾਣ ਤਾਂ ਜੋ ਦੇਸ ਵਾਸੀਆਂ ਦਾ ਗੁੱਸਾ ਸਾਂਤ ਹੋ ਸਕੇ। ਉਪਰੋਕਤ ਆਗੂਆਂ ਨੇ ਕਿਹਾ ਕਿ ਮਨੀਪੁਰ 'ਚ ਕੇਂਦਰੀ ਹਕੂਮਤ ਦੇ ਇਸ਼ਾਰੇ 'ਤੇ ਲੋਕਾਂ ਨੂੰ ਆਪਸ 'ਚ ਲੜਾਇਆ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਨੇ ਹਲਕਾ ਖੇਮਕਰਨ ਦੇ ਸਮੂਹ ਮਸੀਹ ਭਾਈਚਾਰੇ ਅਤੇ ਇਨਸਾਫ ਪਸੰਦ ਲੋਕਾਂ ਨੂੰ ਮਿਤੀ 27 ਜੁਲਾਈ ਨੂੰ ਭਿੱਖੀਵਿੰਡ ਵਿਖੇ ਮਨੀਪੁਰ ਦੀਆਂ ਘਟਨਾਵਾਂ ਵਿਰੁੱਧ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ 'ਚ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੇਮ ਮਸੀਹ, ਨਿਰਮਲ ਮਸੀਹ ਛੇਗੀ, ਬੂਟਾ ਮਸੀਹ, ਅਸ਼ੋਕ ਮਸੀਹ, ਅਮਾਨਤ ਮਸੀਹ, ਨੇਕ ਮਸੀਹ, ਡੇਨੀਅਲ ਮਸੀਹ, ਸੁਖਚੈਨ ਮਸੀਹ, ਪੀਟਰ ਮਸੀਹ, ਸਰਬਜੀਤ ਮਸੀਹ ਆਦਿ ਹਾਜ਼ਰ ਸਨ।

# ਕਾਂਗਰਸ/ਅਕਾਲੀ ਦਲ ਦੇ ਕਈ ਆਗੂ ਤੇ ਵਰਕਰ ਪਰਿਵਾਰਾਂ ਸਮੇਤ ਆਮ ਆਦਮੀ ਪਾਰਟੀ 'ਚ ਸ਼ਾਮਲ



ਬਟਾਲਾ (ਡਾ. ਮਲਵਿੰਦਰ ਸਿੰਘ)-ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਹਲਕੇ ਅੰਦਰ ਕਰਵਾਏ ਜਾ ਰਹੇ ਲੋਕਪੱਖੀ ਵਿਕਾਸ ਕੰਮ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਲਈ ਕੀਤੇ ਜਾ ਰਹੇ ਸਫਲ ਉਪਰਾਲਿਆਂ ਤੋਂ ਪ੍ਰਭਾਵਿਤ ਹੋ ਕੇ ਰਵਾਇਤੀ ਪਾਰਟੀਆਂ ਕਾਂਗਰਸ ਤੇ ਅਕਾਲੀ ਦਲ ਦੇ ਆਗੂ ਤੇ ਵਰਕਰ ਵੱਡੀ ਗਿਣਤੀ ਵਿੱਚ ਦਿਨੋ ਦਿਨ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਆਪ ਪਾਰਟੀ ਦੇ ਵੱਧ ਰਹੇ ਪਰਿਵਾਰ ਦੀ ਲੜੀ ਤਹਿਤ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਕਾਂਗਰਸ ਤੇ ਅਕਾਲੀ ਦਲ ਪਾਰਟੀ ਦੇ ਆਗੂ ਤੇ ਵਰਕਰਾਂ ਨੇ ਪਰਿਵਾਰਾਂ ਸਮੇਤ ਆਪ ਪਾਰਟੀ ਦਾ ਪੱਲਾ ਫੜਿਆ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਉਹ ਆਪ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਭਰਵਾਂ ਸਵਾਗਤ ਕਰਦੇ ਹਨ ਅਤੇ ਪਾਰਟੀ ਵਿੱਚ ਉਨਾਂ ਦਾ ਪੂਰਾ ਮਾਣ ਸਤਿਕਾਰ ਕੀਤਾ ਜਾਵੇਗਾ।

ਇਸ ਮੌਕੇ ਮਨਜੀਤ ਸਿੰਘ ਕਾਹਲੋਂ ਮੌਜੂਦਾ ਕੌਂਸਲਰ ਅਕਾਲੀ ਦਲ ਪਾਰਟੀ, ਬਲਵਿੰਦਰ ਸਿੰਘ ਸਾਬਕਾ ਕੌਂਸਲਰ, ਰਵਿੰਦਰ ਕੁਮਾਰ ਸੋਨੀ , ਜਗਤਪਾਲ ਮਹਾਜਨ, ਸ਼ੰਮੀ ਕਪੂਰ, ਨਿਤਨ ਸ਼ਰਮਾ , ਰਮਨ ਖੋਸਲਾ, ਵਿਨੋਦ ਦੁੱਗਲ, ਸੰਜੀਵ ਮਹਿਤਾ, ਰੌਕੀ ਮਹਿਤਾ, ਪਿੰਦਰ ਸਿੰਘ ਕਾਹਲੋਂ, ਰਜਿੰਦਰ ਸੈਣੀ, ਮਾਨਵ ਅਗਰਵਾਲ, ਪ੍ਰੇਮ ਕੁਮਾਰ, ਆਸ਼ੂ ਸੋਢੀ, ਜਤਿੰਦਰ ਸਹਿਮੀ ਪ੍ਰਾਪਰਟੀ ਡੀਲਰ, ਸਾਹਿਲ ਮਹਾਜਨ, ਸਰਜੀਤ ਸਿੰਘ, ਗੁਰਮੀਤ ਚੀਮਾ, ਅਰੁਣ ਸੈਣੀ, ਚਰਨਜੀਤ ਸਿੰਘ ਪੁਰੇਵਾਲ, ਅਜੇ ਸੈਣੀ, ਅਰੁਣ ਸੋਨੀ, ਮੁਨੀਸ਼ ਸੋਢੀ, ਡਾ. ਰੋਮੀ, ਸੁਰੇਸ਼ ਸ਼ਰਮਾ, ਸ਼ਮੀ ਕਪੂਰ, ਰਵਿੰਦਰ ਸੋਨੀ, ਰਵਿੰਦਰ ਕੌਰ, ਪਿੰਦਰ ਸਿੰਘ, ਨਿਤਿਨ ਸ਼ਰਮਾ, ਵਿਜੇ ਸ਼ਰਮਾ, ਗੌਰਵ ਭੱਟੀ, ਅਮਰਜੀਤ, ਗੁਰਜੀਤ ਸਿੰਘ, ਰਮਨ ਖੋਸਲਾ, ਅੰਸ਼ੂ ਸ਼ਰਮਾ, ਨੀਰਜ ਕੁਮਾਰ, ਪਵਨ ਕੁਮਾਰ, ਕੁਲਵਿੰਦਰ ਕੌਰ, ਪ੍ਰੇਮ ਕੁਮਾਰ, ਦੇਵ ਕੁਮਾਰ ਤੇ ਨਰਿੰਦਰ ਸਿੰਘ ਆਦਿ ਵੱਲੋਂ ਆਪਣੇ ਪਰਿਵਾਰਾਂ ਅਤੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਦੀ ਅਗਵਾਈ ਕਬੂਲੀ ਅਤੇ ਆਪ ਪਾਰਟੀ ਦਾ ਪੱਲਾ ਫੜਿਆ ਹੈ। ਬਟਾਲਾ ਹਲਕੇ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਨੌਜਵਾਨ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਹਲਕੇ ਨੂੰ ਵਿਕਾਸ ਪੱਖੋ ਨਮੂਨੇ ਦਾ ਹਲਕਾ ਬਣਾਇਆ ਜਾਵੇਗਾ ਤੇ ਵਿਕਾਸ ਕਾਰਜਾਂ ਵਿੱਚ ਕਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਇਸ ਮੌਕੇ ਨਰੇਸ਼ ਗੋਇਲ ਚੇਅਰਮੈਨ ਇੰਪਰੂਵਮੈਂਟ ਟਰੱਸਟ ਬਟਾਲਾ, ਐਮ ਸੀ ਬਲਵਿੰਦਰ ਸਿੰਘ ਮਿੰਟਾ ਤੇ ਸਰਦੂਲ ਸਿੰਘ, ਆਪ ਪਾਰਟੀ ਦੇ ਸਿਟੀ ਪ੍ਰਧਾਨ ਰਾਜੇਸ਼ ਤੁਲੀ, ਆਪ ਪਾਰਟੀ ਦੇ ਸੀਨੀਅਰ ਆਗੂ ਯਸ਼ਪਾਲ ਚੌਹਾਨ, ਰਾਜੇਸ਼ ਤੁਲੀ, ਮਨਜੀਤ ਸਿੰਘ ਭੁੱਲਰ, ਰਾਜੂ ਗਿੱਲ, ਆਸ਼ੂ ਗੋਇਲ ਤੇ ਆਪ ਪਾਰਟੀ ਦੇ ਆਗੂ ਤੇ ਵਲੰਟੀਅਰ ਮੌਜੂਦ ਸਨ।

# ਕੈਬਨਿਟ ਮੰਤਰੀ ਨੇ ਬਾਬਾ ਘੋੜੇ ਸ਼ਾਹ ਦੀ ਦਰਗਾਹ 'ਤੇ ਚਾਦਰ ਚੜ੍ਹਾਈ



ਜੰਡਿਆਲਾ ਗੁਰੂ, (ਹਰਿੰਦਰ ਪਾਲ ਸਿੰਘ)-ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਆਪਣੇ ਪਰਿਵਾਰ ਸਮੇਤ ਸਥਾਨਕ ਬਾਬਾ ਘੋੜੇ ਸ਼ਾਹ ਦੀ ਦਰਗਾਹ ਉਤੇ ਨਤਮਸਤਕ ਹੋਏ। ਉਨ੍ਹਾਂ ਦਰਗਾਹ ਉਤੇ ਚਾਦਰ ਚੜ੍ਹਾਈ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਪੀਰਾਂ, ਫਕੀਰਾਂ, ਗੁਰੂਆਂ ਦੀ ਧਰਤੀ ਹੈ ਅਤੇ ਸਾਨੂੰ ਮਾਣ ਹੈ ਕਿ ਅਸੀਂ ਪੰਜਾਬ ਦੇ ਵਾਸੀ ਹਾਂ। ਉਨ੍ਹਾਂ ਕਿਹਾ ਕਿ ਸਾਡਾ ਮਜ਼ਬੂਤ ਭਾਈਚਾਰਾ ਇਸ ਗੱਲ ਦੀ ਗਵਾਹੀ ਭਰਦਾ ਹੈ ਅਤੇ ਸਾਡੇ ਰਹਿਬਰ ਹਮੇਸ਼ਾ ਸਾਡੀ ਪ੍ਰੇਰਣਾ ਦਾ ਸਰੋਤ ਬਣੇ ਰਹਿਣਗੇ। ਇਸ ਮੌਕੇ ਸੁਹਿੰਦਰ ਕੌਰ, ਸੁਖਵਿੰਦਰ ਸਿੰਘ, ਸਤਿੰਦਰ ਸਿੰਘ, ਨਰੇਸ਼ ਪਾਠਕ, ਸਰਬਜੀਤ ਡਿੰਪੀ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਓ ਸੀ ਐੱਮ ਵਰਕਰ ਯੂਨੀਅਨ ਵੱਲੋਂ ਮੰਗਾਂ ਨੂੰ ਲੈ ਕੇ ਬੈਠਕ



ਅੰਮ੍ਰਿਤਸਰ (ਅਰੋੜਾ)-ਓਸੀਐੱਮ ਵਰਕਰ ਯੂਨੀਅਨ ਵੱਲੋਂ ਆਪਣੀਆਂ ਕਾਫੀ ਸਮੇਂ ਤੋਂ ਪਈਆਂ ਮੰਗਾਂ ਨੂੰ ਲੈ ਕੇ ਓਸੀਐੱਮ ਗੇਟ ਦੇ ਬਾਹਰ ਇੱਕ ਬੈਠਕ ਦਾ ਆਯੋਜਨ ਕੀਤਾ ਗਿਆ। ਇਸ ਵਿਸ਼ਾਲ ਰੈਲੀ ਨੁਮਾ ਬੈਠਕ ਵਿੱਚ ਭਾਰੀ ਸੰਖਿਆ ਵਿੱਚ ਵਰਕਰਾਂ ਅਤੇ ਮਹਿਲਾਂ ਕਰਮਚਾਰੀਆਂ ਨੇ ਭਾਗ ਲਿਆ। ਯੂਨੀਅਨ ਦੇ ਅਹੁਦੇਦਾਰ ਵਿਜੇ ਕੁਮਾਰ ਵੱਲੋਂ ਆਪਣੀਆਂ ਮੰਗਾਂ ਦੇ ਸੰਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਾਡੀ ਸਲਾਨਾ ਸੈਲਰੀ ਪ੍ਰਗਤੀ ਜੋ ਮਾਰਚ ਵਿੱਚ ਦਿੱਤੀ ਜਾਂਦੀ ਹੈ ਮਗਰ ਜੁਲਾਈ ਮਹੀਨੇ ਬੀਤ ਜਾਣ ਦੇ ਬਾਅਦ ਵੀ ਸਾਨੂੰ ਗੱਲਾਂ ਵਿੱਚ ਫਸਾਇਆ ਜਾ ਰਿਹਾ ਹੈ ਜਿਸਨੂੰ ਅਸੀਂ ਹੁਣ ਬਰਦਾਸ਼ਤ ਨਹੀ ਕਰ ਸਕਾਂਗੇ। ਯੂਨੀਅਨ ਦੇ ਕਨਵੀਨਰ ਅਤੇ ਪੰਜਾਬ ਸੰਯੁਕਤ ਸਕੱਤਰ ਕਾਮਰੇਡ ਕਿਰਪਾਲ ਸਿੰਘ ਨੇ ਮਿਲ ਕੇ ਮਾਲਕਾਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਮਿਲ ਮਾਲਕਾਂ ਨੇ ਇਸ ਸੰਬੰਧ ਵਿੱਚ ਜਲਦ ਤੋਂ ਜਲਦ ਕੋਈ ਫੈਸਲਾ ਨਹੀ ਲਿਆ ਗਿਆ ਤਾਂ ਉਨ੍ਹਾਂ ਨੂੰ ਮਜਬੂਰ ਹੋ ਕੇ ਇਸ ਸੰਘਰਸ਼ ਨੂੰ ਹੋਰ ਜ਼ਿਆਦਾ ਤੇਜ਼ ਕਰਨ ਦੇ ਲਈ ਮਜਬੂਰ ਹੋਣਾ ਪਵੇਗਾ।

ਬੈਠਕ ਵਿੱਚ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਜ਼ਿਲਾ ਮੈਂਬਰ ਗੁਰਮੀਤ ਸਿੰਘ ਮਾਨ, ਕਾਮਰੇਡ ਅਮਲੋਕ ਸਿੰਘ, ਕਾਮਰੇਡ ਪ੍ਰਸ਼ੋਤਮ ਲਾਲ ਨੇ ਵੀ ਸੰਬੋਧਿਤ ਕੀਤਾ। ਓਸੀਐਮ ਵਰਕਰ ਯੂਨੀਅਨ ਦੇ ਪ੍ਰਧਾਨ ਅਰਜਨ ਸਿੰਘ, ਉਪ ਪ੍ਰਧਾਨ ਸਵਿੰਦਰ ਸਿੰਘ, ਹੀਰਾ ਸਿੰਘ, ਸਕੱਤਰ ਸੁਸ਼ੀਲ ਕੁਮਾਰ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਮੈਨੇਜਮੈਂਟ ਨੂੰ ਜਲਦ ਤੋਂ ਜਲਦ ਉਨ੍ਹਾਂ ਦੀਆਂ ਮੰਗਾਂ ਮੰਗਣ ਦੀ ਬੇਨਤੀ ਕੀਤੀ।

# ਮਨੀਪੁਰ ਦੀ ਘਟਨਾ ਇਨਸਾਨੀਅਤ ਦੇ ਮੱਥੇ 'ਤੇ ਕਲੰਕ: ਪੰਨੂੰ



ਫਤਿਹਗੜ੍ਹ ਚੂੜੀਆਂ (ਜਸਦੇਵ ਮਾਨ)-ਫਤਿਹਗੜ੍ਹ ਚੂੜੀਆਂ ਵਿਖੇ ਇੱਕ ਵਿਸ਼ੇਸ਼ ਇਕੱਤਰਤਾ ਹੋਈ ਜਿਸ ਵਿੱਚ ਬਿਜਲੀ ਬੋਰਡ ਦੇ ਸੇਵਾਮੁਕਤ ਕਰਮਚਾਰੀ ਸ਼ਾਮਲ ਹੋਏ। ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਮਣੀਪੁਰ ਵਿਖੇ ਵਾਪਰੀ ਘਟਨਾ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਸਮੂਹ ਸੇਵਾਮੁਕਤ ਕਰਮਚਾਰੀਆਂ ਨੇ ਮੰਗ ਕੀਤੀ ਕਿ ਮਨੀਪੁਰ ਸਰਕਾਰ ਨੂੰ ਤੁਰੰਤ ਬਰਖਾਸਤ ਕਰਕੇ ਰਾਸ਼ਟਰਪਤੀ ਰਾਜ ਲਗਾਇਆ ਜਾਵੇ ਅਤੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸਰਬਜੀਤ ਸਿੰਘ ਪੰਨੂ ਨੇ ਕਿਹਾ ਕਿ ਮਨੀਪੁਰ ਵਿਚ ਵਾਪਰੀ ਘਟਨਾ ਨੇ ਇਨਸਾਨੀਅਤ ਦੀਆਂ ਸਾਰੀਆਂ ਹੱਦਾਂ ਪਾਰ ਕਰਕੇ ਇਨਸਾਨੀਅਤ ਦੇ ਮੱਥੇ ਤੇ ਕਲੰਕ ਮੜ੍ਹ ਦਿੱਤਾ ਹੈ। ਹੈਵਾਨ ਲੋਕਾਂ ਨੇ ਦੋ ਘਰੇਲੂ ਔਰਤਾਂ ਨੂੰ ਨਗਨ ਹਾਲਤ ਵਿੱਚ ਸ਼ਰੇਆਮ ਘੁਮਾਇਆ ਅਤੇ ਸਮੂਹ ਜਬਰ ਜਿਨਾਹ ਕੀਤਾ ਗਿਆ। ਇਨ੍ਹਾਂ ਹੈਵਾਨ ਲੋਕਾਂ ਨੂੰ ਐਸੀਆਂ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਕਿ ਆਉਣ ਵਾਲੇ ਸਮੇਂ ਲਈ ਮਿਸਾਲ ਬਣ ਜਾਣ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਰਾਣਾ ਭਿੰਡਰ, ਬਿਕਰਮਜੀਤ ਸਿੰਘ ਬਾਜਵਾ, ਕੰਵਲਜੀਤ ਸਿੰਘ ਜੌਹਲ, ਜਸਬੀਰ ਸਿੰਘ, ਹਰਦੇਵ ਸਿੰਘ ਕੋਟਲਾ ਗੁੱਜਰਾਂ, ਪ੍ਰਤਾਪ ਸਿੰਘ, ਰਿੱਪਣ ਕਾਹਲੋਂ, ਗੁਰਲਾਲ ਸਿੰਘ ਵਿਰਕ, ਜਗਦੀਪ ਦੇਵਗਨ, ਨਿਰਮਲ ਸਿੰਘ ਹਵੇਲੀਆਂ, ਨਾਗੀ ਫਰਨੀਚਰ, ਕੁਲਵੰਤ ਸਿੰਘ, ਪ੍ਰੀਤਮ ਸਿੰਘ ਰੰਧਾਵਾ, ਡਾ. ਅਮਰ ਸਿੰਘ, ਗੁਰਮੁੱਖ ਸਿੰਘ, ਗੁਰਇਕਬਾਲ ਪੰਨੂ, ਹੈਪੀ, ਸੂਬੇਦਾਰ ਸਰਬਜੀਤ ਸਿੰਘ ਆਦਿ ਹਾਜ਼ਰ ਸਨ।

# ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਫਿਰ ਬਣਿਆ ਇੱਕ ਬਜ਼ੁਰਗ ਮਾਂ ਦਾ ਸਹਾਰਾ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਪਠਾਨਕੋਟ ਨੇ ਇਕ ਬੇਸਹਾਰਾ ਮਾਂ ਨੂੰ ਸਹਾਰਾ ਦਿੱਤਾ। ਬਜ਼ੁਰਗ ਵੀਰ ਕੌਰ ਪਤਨੀ ਰੇਸ਼ਮ ਸਿੰਘ ਵਾਸੀ ਮੂਲਿਆਂਵਾਲੀ ਤਹਿਸੀਲ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਦੀ ਰਹਿਣ ਵਾਲੀ ਹੈ। ਇਸ ਬਜ਼ੁਰਗਾਂ ਮਾਂ ਦਾ ਕੋਈ ਵੀ ਬੱਚਾ ਨਹੀਂ ਹੈ ਅਤੇ ਇਸ ਦਾ ਪਤੀ 15 ਸਾਲ ਪਹਿਲਾਂ ਸਵਰਗਵਾਸ ਹੋ ਗਿਆ ਸੀ। ਪਤੀ ਦੇ ਸਵਰਗਵਾਸ ਤੋਂ ਬਾਅਦ ਉਹ ਆਪਣੇ ਪੇਕੇ ਘਰ ਰਹਿਣ ਲੱਗੀ। ਮਾਤਾ ਦਾ ਕਹਿਣਾ ਹੈ ਕਿ ਮੇਰੇ ਤਿੰਨ ਭਰਾ ਸਨ ਜਿਨ੍ਹਾਂ ਵਿੱਚੋਂ ਦੋ ਸਵਰਗਵਾਸ ਹੋ ਗਏ ਹਨ ਅਤੇ ਇੱਕ ਭਰਾ ਹੈ ਜੋ ਮੇਰੀ ਸਹੀ ਦੇਖਭਾਲ ਨਹੀਂ ਕਰਦਾ। ਇਸ ਲਈ ਮੈਂ ਇੱਥੇ ਰਹਿਣ ਲਈ ਆ ਗਈ ਹਾਂ। ਮਾਤਾ ਨੂੰ ਬਿਰਧ ਆਸ਼ਰਮ ਪਹੁੰਚਾਉਣ ਵਿਚ ਸਟੇਟ ਐਡਵਾਈਜ਼ਰੀ ਬੋਰਡ ਦੇ ਮੈਂਬਰ ਗੁਰਸ਼ਰਨ ਸਿੰਘ ਗਿੱਲ ਅਤੇ ਰਿਟਾਇਡ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਹਰਨੇਕ ਸਿੰਘ ਅਤੇ ਨਰਿੰਦਰ ਸਿੰਘ ਧਾਰੀਵਾਲ ਵੱਲੋਂ ਅਹਿਮ ਯੋਗਦਾਨ ਦਿੱਤਾ ਗਿਆ। ਇਸ ਮੌਕੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ, ਸੁਪਰਡੈਂਟ ਮੈਡਮ ਅੰਜਲੀ ਸ਼ਰਮਾ, ਸਵਿਤਾ, ਸੁਖਵਿੰਦਰ ਕੌਰ, ਰਜੇਸ਼ ਕੁਮਾਰ, ਤਰਸੇਮ ਲਾਲ ਅਤੇ ਆਰਤੀ ਆਦਿ ਹਾਜ਼ਰ ਸਨ]

# ਮਨੀਪੁਰ 'ਚ ਵਾਪਰੀ ਘਟਨਾ ਸੱਭਿਅਕ ਸਮਾਜ ਨੂੰ ਸ਼ਰਮਸਾਰ ਕਰਨ ਵਾਲੀ : ਭੁਪਿੰਦਰ ਹੈਪੀ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਪਿਛਲੇ ਦਿਨੀਂ ਮਨੀਪੁਰ ਦੇ ਕਾਂਗਪੋਕਪੀ ਜਲਿ ਵਿੱਚ ਭੀੜ ਵੱਲੋਂ ਦੋ ਔਰਤਾਂ ਨੂੰ ਨਿਰਵਸਤਰ ਕਰਕੇ ਘੁੰਮਾਏ ਜਾਣ ਦਾ ਵੀਡੀਓ ਸਾਹਮਣੇ ਆਇਆ ਸੀ, ਜਿਸ ਦੀ ਦੇਸ ਵਿਆਪੀ ਨਿੰਦਾ ਹੋਈ ਸੀ ਪੂਰੇ ਦੇਸ਼ ਲਈ ਇਕ ਸ਼ਰਮਨਾਕ ਘਟਨਾ ਹੈ। ਉਕਤ ਗੱਲਾਂ ਦਾ ਪ੍ਰਗਟਾਵਾ ਕਰਦੇ ਹੋਏ ਸਾਬਕਾ ਕੌਂਸਲਰ ਭੁਪਿੰਦਰ ਸਿੰਘ ਹੈਪੀ ਨੇ ਕਿਹਾ ਕਿ ਅਸੀਂ ਮਨੀਪੁਰ 'ਚ ਦੋ ਔਰਤਾਂ 'ਤੇ ਬੇਰਹਿਮੀ ਨਾਲ ਹੋਏ ਹਮਲੇ ਦੀ ਵੀਡੀਓ ਤੋਂ ਹੈਰਾਨ ਅਤੇ ਪਰੇਸ਼ਾਨ ਹਾਂ।

ਅਸੀਂ ਲਿੰਗ-ਅਧਾਰਤ ਹਿੰਸਾ ਦੀ ਇਸ ਕਾਰਵਾਈ ਦੀਆਂ ਪੀੜਤ ਔਰਤਾਂ ਨਾਲ ਹਮਦਰਦੀ ਰੱਖਦੇ ਹਾਂ ਅਤੇ ਉਨ੍ਹਾਂ ਨੂੰ ਨਿਆਂ ਦਿਵਾਉਣ ਲਈ ਭਾਰਤ ਸਰਕਾਰ ਦੇ ਯਤਨਾਂ ਦਾ ਸਮਰਥਨ ਕਰਦੇ ਹਾਂ। ਹੈਪੀ ਨੇ ਕਿਹਾ ਸੀ ਕਿ ਮੇਰਾ ਦਿਲ ਦਰਦ ਅਤੇ ਗੁੱਸੇ ਨਾਲ ਭਰਿਆ ਹੋਇਆ ਹੈ।

ਮਨੀਪੁਰ ਵਿੱਚ ਜੋ ਘਟਨਾ ਸਾਹਮਣੇ ਆਈ ਹੈ, ਉਹ ਕਿਸੇ ਵੀ ਸੱਭਿਅਕ ਸਮਾਜ ਨੂੰ ਸਰਮਸ਼ਾਰ ਕਰਨ ਵਾਲੀ ਹੈ। ਪਰ ਇਸ ਘਟਨਾ ਨਾਲ 140 ਕਰੋੜ ਦੇਸਵਾਸੀਆਂ ਨੂੰ ਸਰਮਸਾਰ ਹੋਣਾ ਪੈ ਰਿਹਾ ਹੈ।

# ਚੰਡੀਗੜ੍ਹ ਵਿਖੇ ਰੋਸ ਧਰਨੇ 'ਚ ਸ਼ਮੂਲੀਅਤ ਲਈ ਹਲਕਾ ਦੀਨਾਨਗਰ ਤੋਂ ਵੱਡਾ ਕਾਫਲਾ ਰਵਾਨਾ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਮਨੀਪੁਰ ਵਿਖੇ ਵਾਪਰੀ ਘਟਨਾ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸਦੀ ਲੀਡਰਸ਼ਿਪ ਵਲੋਂ ਪਿਛਲੇ ਦਿਨਾਂ ਤੋਂ ਚੁੱਪੀ ਧਾਰੀ ਰੱਖੀ, ਜਿਸ ਨੇ ਇਹ ਸਾਬਤ ਕਰ ਦਿੱਤਾ ਕਿ ਨਰਿੰਦਰ ਮੋਦੀ ਦੇਸ਼ ਦੇ ਪ੍ਰਧਾਨ ਮੰਤਰੀ ਨਹੀਂ, ਬਲਕਿ ਇਕ ਸਮੁਦਾਏ ਦੇ ਲੀਡਰ ਹਨ। ਉਨ੍ਹਾਂ ਨੂੰ ਨੀਂਦ ਤੋਂ ਜਗਾਉਣ ਲਈ ਆਮ ਆਦਮੀ ਪਾਰਟੀ ਵੱਲੋਂ ਚੰਡੀਗੜ੍ਹ ਵਿਖੇ ਸੂਬਾ ਪੱਧਰੀ ਰੋਸ ਧਰਨੇ ਵਿੱਚ ਸ਼ਾਮਿਲ ਹੋਣ ਲਈ ਵਿਧਾਨ ਸਭਾ ਹਲਕਾ ਦੀਨਾਨਗਰ ਤੋਂ ਹਲਕਾ ਇੰਚਾਰਜ ਸਮਸੀਰ ਸਿੰਘ ਦੀ ਅਗਵਾਈ ਹੇਠ ਇੱਕ ਵੱਡਾ ਕਾਫਲਾ ਚੰਡੀਗੜ੍ਹ ਲਈ ਰਵਾਨਾ ਹੋਇਆ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਮਨੀਪੁਰ ਦੀ ਸਰਕਾਰ ਦੇ ਇਸ਼ਾਰੇ ਉੱਤੇ ਇੱਕ ਸਮੁਦਾਇ ਦੇ ਲੋਕ ਦੂਜੇ ਸਮਾਜ ਦੀਆਂ ਔਰਤਾਂ ਨੂੰ ਇਤਰਾਜ਼ਯੋਗ ਹਾਲਤ 'ਚ ਸੜਕ ਤੇ ਘੁੰਮਾਉਂਦੇ ਰਹੇ, ਪਰੰਤੂ ਉਥੋਂ ਦੇ ਪ੍ਰਸ਼ਾਸਨ ਵੱਲੋਂ ਮੂਕ ਦਰਸਕ ਬਣ ਕੇ ਤਮਾਸ਼ਾ ਦੇਖਿਆ ਗਿਆ। ਭਾਰਤ ਦੇਸ ਦੇ ਅੰਦਰ ਵੱਖ-ਵੱਖ ਧਰਮਾਂ ਦੇ ਲੋਕ ਰਹਿੰਦੇ ਹਨ। ਹਰ ਵਿਅਕਤੀ ਨੂੰ ਆਪਣੀ ਮਰਜੀ ਅਨੁਸਾਰ ਧਰਮ ਮੰਨਣ ਦਾ ਅਧਿਕਾਰ ਹੈ। ਪ੍ਰੰਤੂ ਸਾਡੇ ਸਿਰ ਉੱਤੇ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਬੈਠੇ ਨਰਿੰਦਰ ਮੋਦੀ ਭਾਈਚਾਰਕ ਸਾਂਝ ਨੂੰ ਵਿਗਾੜਨ ਦੇ ਵਿੱਚ ਲੱਗੇ ਹੋਏ ਹਨ। ਉਨ੍ਹਾਂ ਦੀ ਇੱਕੋ ਮੰਗ ਹੈ ਕਿ ਉਕਤ ਮਾਮਲੇ ਦੇ ਦੋਸੀਆਂ ਨੂੰ ਫਾਂਸੀ ਦੀ ਸਜ਼ਾ ਹੋਵੇ। ਉਨ੍ਹਾਂ ਕਿਹਾ ਕਿ ਇਹ ਕੋਈ ਨਵੀਂ ਗੱਲ ਨਹੀਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲੀ ਵਾਰ ਆਪਣਾ ਰੁੱਖ ਦਿਖਾਇਆ ਹੋਵੇ। ਇਸ ਤੋਂ ਪਹਿਲਾਂ ਭਾਰਤੀ ਔਰਤ ਪਹਿਲਵਾਨਾਂ ਵੱਲੋਂ ਬ੍ਰਿਜ ਭੂਸ਼ਨ ਸਰਨ ਸਿੰਘ ਦੇ ਖਿਲਾਫ ਔਰਤਾਂ ਸ਼ਾਮਲ ਸਨ। ਇਸ ਮੌਕੇ ਪ੍ਰਿੰਸੀਪਲ ਸੁਖਦੇਵ ਰਾਜ, ਗੁਰਨਾਮ ਸਿੰਘ, ਜਸਬੀਰ ਸਿੰਘ ਕਠਿਆਲੀ, ਬਲਬੀਰ ਸਿੰਘ ਸੇਖਾ, ਚੇਅਰਮੈਨ ਰਣਜੀਤ ਸਿੰਘ ਰਾਣਾ ਕਠਿਆਲੀ, ਸਰਪੰਚ ਸ਼ੇਖਰ, ਸਰਪੰਚ ਹਰਪਾਲ ਸਿੰਘ, ਸਿਮਰਨ ਸਿੰਘ ਸੇਖਾ, ਐੱਸ., ਪੀ. ਸਿੰਘ, ਅਨਿਲ ਨਡਾਲਾ, ਰਮਨ ਨਡਾਲਾ, ਬਚਿੱਤਰ ਸਿੰਘ ਮੰਨਾ, ਬਲਵਿੰਦਰ ਕੁਮਾਰ ਦਾਊਵਾਲ, ਗੋਲਡੀ ਧਕਾਲਾ, ਜਤਿੰਦਰ ਬਿੱਲਾ, ਰਾਜਿੰਦਰ ਆਲੀਨੰਗਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

# ਜ਼ਿਲ੍ਹਾ ਗੁਰਦਾਸਪੁਰ ਦੀਆਂ ਵੱਖ-ਵੱਖ ਅਦਾਲਤਾਂ 'ਚ ਕੌਮੀ ਲੋਕ ਅਦਾਲਤ 9 ਸਤੰਬਰ ਨੂੰ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸ਼੍ਰੀ ਰਜਿੰਦਰ ਅਗਰਵਾਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਬੀਮਾ ਕੰਪਨੀਆਂ ਦੇ ਨੁਮਾਇੰਦਿਆਂ ਅਤੇ ਐਡਵੋਕੇਟਾਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਪਰਮਿੰਦਰ ਸਿੰਘ ਰਾਏ, ਮਾਨਯੋਗ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ, ਰਮਨ ਗੋਕਲਾਨੀ, ਮਾਨਯੋਗ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ, ਰਵੀ ਗੁਲਾਟੀ, ਮਾਨਯੋਗ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਤੇ ਸੁਮਿੱਤ ਭੱਲਾ, ਸਿਵਲ ਜੱਜ (ਸੀਨੀਅਰ ਡਵੀਜ਼ਨ)-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੀ ਮੌਜੂਦ ਸਨ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਨੇ ਵੱਖ-ਵੱਖ ਬੀਮਾਂ ਕੰਪਨੀਆਂ ਦੇ ਨੁਮਾਇੰਦਿਆਂ ਅਤੇ ਵਕੀਲਾਂ ਨੂੰ ਕਿਹਾ ਕਿ ਉਹ ਬੀਮਾ ਮਾਮਲਿਆਂ ਨਾਲ ਸਬੰਧਤ ਵੱਖ-ਵੱਖ ਅਦਾਲਤਾਂ ਵਿੱਚ ਚੱਲਦੇ ਕੇਸਾਂ ਦਾ ਜਲਦ ਹੱਲ ਕਰਵਾਉਣ ਲਈ ਲੋਕ ਅਦਾਲਤਾਂ ਵਿੱਚ ਆਪਣੇ ਕੇਸ ਲਗਾਉਣ। ਉਨ੍ਹਾਂ ਦੱਸਿਆ ਕਿ 9 ਸਤੰਬਰ 2023 ਨੂੰ ਜ਼ਿਲ੍ਹਾ ਗੁਰਦਾਸਪੁਰ ਦੀਆਂ ਵੱਖ-ਵੱਖ ਅਦਾਲਤਾਂ ਵਿੱਚ ਕੌਮੀ ਲੋਕ ਅਦਾਲਤ ਲੱਗ ਰਹੀ ਹੈ ਜਿਸ ਵਿੱਚ ਹੋਰ ਕੇਸਾਂ ਦੇ ਨਾਲ ਬੀਮਾ ਕੰਪਨੀਆਂ ਨਾਲ ਸਬੰਧਤ ਕੇਸਾਂ ਦੀ ਸੁਣਵਾਈ ਵੀ ਕੀਤੀ ਜਾਵੇਗੀ।

ਉਨ੍ਹਾਂ ਬੀਮਾਂ ਕੰਪਨੀਆਂ ਦੇ ਨੁਮਾਇੰਦਿਆਂ ਅਤੇ ਵਕੀਲਾਂ ਨੂੰ ਕਿਹਾ ਕਿ ਉਹ 9 ਸਤੰਬਰ ਨੂੰ ਲੱਗ ਰਹੀ ਕੌਮੀ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਕੇਸਾਂ ਨੂੰ ਲਗਾ ਕੇ ਉਨ੍ਹਾਂ ਦਾ ਹੱਲ ਕਰਵਾਉਣ। ਇਸ ਦੌਰਾਨ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਨੇ ਲੋਕ ਅਦਾਲਤਾਂ ਦੇ ਮਹੱਤਵ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ।

# ਵਿਰੋਧੀ ਧਿਰਾਂ ਦੇ 'ਇੰਡੀਆ' ਤੋਂ ਕਿਉਂ ਘਬਰਾਈ ਮੋਦੀ ਸਰਕਾਰ ? : ਰਾਜਾ ਵੜਿੰਗ



ਅੰਮ੍ਰਿਤਸਰ/ਤਰਸਿੱਕਾ (**ਜਸਬੀਰ ਸਿੰਘ ਪੱਟੀ/ਤਰਸੇਮ ਸਿੰਘ ਸਾਧਪੁਰ**)—ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋ ਇੱਕ ਦਿਨਾ ਅੰਮ੍ਰਿਤਸਰ ਫੇਰੀ ਦੌਰਾਨ ਜਿੱਥੇ ਹਲਕਾ ਅਜਨਾਲਾ ਦੇ ਘੋਨੇਵਾਲ ਪਿੰਡਾਂ ਵਿੱਚ ਪਾਣੀ ਨਾਲ ਹੋਏ ਭਾਰੀ ਨੁਕਸਾਨ ਲਈ ਜ਼ਿਮੀਦਾਰਾਂ ਤੇ ਗਰੀਬ ਲੋਕਾਂ ਨਾਲ ਮੁਲਾਕਾਤ ਕੀਤੀ ਤੇ ਸਾਰੀ ਸਥਿਤੀ ਤੋਂ ਲੋਕਾਂ ਵੱਲੋਂ ਜਾਣੂ ਕਰਵਾਇਆ ਗਿਆ। ਉਪਰੰਤ ਬਾਬਾ ਬੁੱਢਾ ਜੀ ਦੇ ਦਰ ਤੇ ਸਰਬੱਤ ਦੇ ਭਲੇ ਦੀ ਅਰਦਾਸ ਬੇਨਤੀ ਕੀਤੀ। ਵਾਪਿਸੀ ਤੇ ਅੰਮ੍ਰਿਤਸਰ ਸਾਬਕਾ ਵਿਧਾਇਕ ਤੇ ਜ਼ਿਲਾ ਪ੍ਰਧਾਨ ਹਰਪਰਤਾਪ ਸਿੰਘ ਅਜਨਾਲਾ ਦੇ ਘਰ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕਾਂਗਰਸ ਪਾਰਟੀ ਸਮੇਤ 26 ਪਾਰਟੀਆਂ ਦੇ ਗਠਬੰਧਨ ਤੇ ਇੰਡੀਆ ਦੇ ਨਾਮ ਤੋਂ ਬਹੁਤ ਹੀ ਬੁਖਲਾਹਟ ਵਿੱਚ ਆ ਗਈ ਹੈ ਕਿਉਂਕਿ ਹੁਣ ਦੇਸ਼ ਵਾਸੀ ਇਸ ਸਰਕਾਰ ਦੇ ਅਸਲੀ ਚਿਹਰੇ ਨੂੰ ਪਛਾਣ ਚੁੱਕੇ ਹਨ ਤੇ ਸੱਤਾ ਵਿੱਚ ਵੱਡੀ ਤਬਦੀਲੀ ਦੇ ਰੌਅ ਵਿੱਚ ਹਨ ਜਿਹੜਾ ਕਿ ਮੋਦੀ ਤੇ ਇਨ੍ਹਾਂ ਦੀ ਟੀਮ ਅਮਿਤ ਸ਼ਾਹ ਹੋਰਾਂ ਨੂੰ ਮਾਫਿਕ ਨਹੀਂ ਬੈਠ ਰਿਹਾ। ਰਾਜਾ ਵੜਿੰਗ ਨੇ ਪੰਜਾਬ ਦੇ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਕੇਂਦਰ ਦੀ ਮੋਦੀ ਸਰਕਾਰ ਦਾ ਹਿੱਸਾ ਹੋ ਤੇ ਪੰਜਾਬ ਲਈ ਹੜ ਪੀੜਤਾਂ, ਫਸਲਾਂ ਦੇ ਖਰਾਬੇ ਤੇ ਹੋਰ ਹੋਏ ਨੁਕਸਾਨ ਲਈ ਵੱਡੀ ਰਾਸ਼ੀ ਦਾ ਪੈਕੇਜ ਲੈ ਕੇ ਆਓ ਤਾਂ ਜੋ ਲੋਕਾਂ ਨੂੰ ਕੁਝ ਰਾਹਤ ਮਿਲ ਸਕੇ। ਇਸ ਮੌਕੇ ਸਾਬਕਾ ਜ਼ਿਲਾ ਕਾਂਗਰਸ ਦੇ ਪ੍ਰਧਾਨ ਤੇ ਸੀਨੀਅਰ ਕਾਂਗਰਸੀ ਆਗੂ ਭਗਵੰਤ ਪਾਲ ਸਿੰਘ ਸੱਚਰ ਨੇ ਕਿਹਾ ਕਿ ਅਗਾਮੀ ਦਿਨਾਂ 'ਚ ਕੇਂਦਰ ਦੀ ਮੋਦੀ ਸਰਕਾਰ ਦੇ ਵਿਰੁੱਧ ਲੋਕ ਲਹਿਰ ਚੱਲੇਗੀ ਜੋ ਇਨ੍ਹਾਂ ਨੂੰ ਸੱਤਾ ਤੋਂ ਲਾਂਭੇ ਕਰਨ ਵਿੱਚ ਅਹਿਮ ਭੂਮਿਕਾ ਨਿਭਾਵੇਗੀ। ਇਸ ਮੌਕੇ ਸਾਬਕਾ ਵਿਧਾਇਕ ਤੇ ਜ਼ਿਲਾ ਕਾਂਗਰਸ ਪ੍ਰਧਾਨ ਹਰਪਰਤਾਪ ਸਿੰਘ ਅਜਨਾਲਾ, ਸਾਬਕਾ ਵਿਧਾਇਕ ਸੁਨੀਲ ਦੱਤੀ, ਸਾਬਕਾ ਵਿਧਾਇਕ ਸੁੱਖਵਿੰਦਰ ਸਿੰਘ ਡੈਨੀ, ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ, ਸਹਿਰੀ ਕਾਂਗਰਸ ਪ੍ਰਧਾਨ ਅਸ਼ਵਨੀ ਪੱਪੂ, ਕੰਵਰਪਰਤਾਪ ਸਿੰਘ, ਗੁਰਮੀਤ ਸਿੰਘ ਭੀਲੋਵਾਲ, ਨਵਤੇਜ ਸਿੰਘ ਸੋਹੀਆਂ, ਅਮਰਦੀਪ ਕੱਕੜ ਤੇ ਮਿੱਠੂ ਮਦਾਨ ਵੀ ਹਾਜ਼ਰ ਸਨ ।

# ਬੀਡੀਪੀਓ ਦਫ਼ਤਰ ਬਟਾਲਾ ਵਿਖੇ ਪਲੇਸਮੈਂਟ ਕੈਂਪ ਅੱਜ

ਬਟਾਲਾ (ਡਾ. ਮਲਵਿੰਦਰ ਸਿੰਘ)—ਡਾ. ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵੱਲੋਂ ਨੌਜਵਾਨਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਰੋਜ਼ਗਾਰ ਮੁਹੱਈਆ ਕਰਵਾਉਣ ਹਿੱਤ ਪਲੇਸਮੈਂਟ ਕੈਂਪ ਲਗਾਏ ਜਾ ਰਹੇ ਹਨ, ਤਾਂ ਜੋ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਮੁਹੱਈਆ ਕਰਵਾਇਆ ਜਾ ਸਕੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਫ਼ਸਰ, ਪਰਸ਼ੋਤਮ ਸਿੰਘ ਨੇ ਦੱਸਿਆ ਐੱਸਆਈਐੱਸ ਸਕਿਓਰਿਟੀ ਕੰਪਨੀ ਵਲੋਂ 27 ਜੁਲਾਈ ਨੂੰ ਬੀਡੀਪੀਓ ਦਫ਼ਤਰ ਬਟਾਲਾ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾਵੇਗਾ, ਜਿਸ ਵਿੱਚ ਐੱਸਆਈਐੱਸ ਸਕਿਓਰਿਟੀ ਕੰਪਨੀ ਵਲੋਂ ਸਕਿਓਰਿਟੀ ਗਾਰਡਾਂ ਦੀ ਭਰਤੀ ਕੀਤੀ ਜਾਵੇਗੀ। ਕੇਵਲ ਲੜਕੇ ਉਮੀਦਵਾਰਾਂ ਦੀ ਜ਼ਰੂਰਤ ਹੈ।

ਸਕਿਓਰਿਟੀ ਗਾਰਡ ਦੀ ਭਰਤੀ ਲਈ ਘੱਟ ਤੋਂ ਘੱਟ ਯੋਗਤਾ 10ਵੀਂ ਪਾਸ, ਉਮਰ 20 ਤੋਂ 35 ਸਾਲ, ਅਤੇ ਕੱਦ 5 ਫੁੱਟ 7 ਇੰਚ ਹੋਣਾ ਚਾਹੀਦਾ ਹੈ। ਉਪਰੋਕਤ ਦਰਸਾਈਆਂ ਗਈਆਂ ਮਿਤੀਆਂ ਅਨੁਸਾਰ ਦਰਸਾਏ ਗਏ ਸਥਾਨਾਂ 'ਤੇ ਪ੍ਰਾਰਥੀਆਂ ਦੀ ਇੰਟਰਵਿਊ ਕੀਤੀ ਜਾਵੇਗੀ। ਇੰਟਰਵਿਊ ਕਰਨ ਉਪਰੰਤ ਚੁਣੇ ਗਏ ਪ੍ਰਾਰਥੀਆਂ ਨੂੰ 1 ਮਹੀਨੇ ਦੀ ਸਿਖਲਾਈ ਦਿੱਤੀ ਜਾਵੇਗੀ ਅਤੇ ਟਰੇਨਿੰਗ ਮੁਕੰਮਲ ਕਰਨ ਉਪਰੰਤ 15000 ਤੋਂ 17000 ਰੁਪਏ ਤਨਖਾਹ ਮਿਲਣਯੋਗ ਹੋਵੇਗੀ।

# ਹਰ ਇਨਸਾਨ ਦਾ ਬੁਨਿਆਦੀ ਹੱਕ ਹੈ ਕਿ ਉਹ ਜਿਸ ਧਰਮ ਨੂੰ ਚਾਹੇ ਮੰਨੇ: ਕੇ. ਤਾਰਿਕ ਅਹਿਮਦ



ਧਾਰੀਵਾਲ/ਕਾਦੀਆਂ (ਮਨਦੀਪ ਸਿੰਘ ਵਿੱਕੀ/ਯਾਦਵਿੰਦਰ ਸਿੰਘ)-ਅਹਿਮਦੀਆ ਮੁਸਲਿਮ ਜਮਾਤ ਭਾਰਤ ਘੱਟ ਗਿਣਤੀ ਮੰਤਰਾਲਾ ਭਾਰਤ ਸਰਕਾਰ ਦੀ ਸ਼ੁਕਰਗੁਜ਼ਾਰ ਹੈ ਕਿ ਉਨ੍ਹਾਂ ਨੇ ਜਮਾਤ ਦੇ ਨਿਵੇਦਨ ਤੇ ਤੁਰੰਤ ਕਾਰਵਾਈ ਕਰਦਿਆਂ ਮੁਸਲਿਮ ਜਮਾਤ ਅਹਿਮਦੀਆ ਨੂੰ ਗੈਰ-ਮੁਸਲਿਮ ਕਰਾਰ ਦੇਣ ਦੇ ਫੈਸਲੇ ਨੂੰ ਗੈਰ-ਕਾਨੂੰਨੀ ਅਤੇ ਗੈਰ -ਸੰਵਿਧਾਨਿਕ ਕਰਾਰ ਦਿੱਤਾ ਹੈ। ਹਿੰਦੁਸਤਾਨ ਦੇ ਇੱਕ ਸੂਬੇ ਵਿੱਚ ਵਕਫ ਬੋਰਡ ਵੱਲੋਂ ਇੱਕ ਮੁਸਲਿਮ ਸੰਸਥਾ ਦੇ ਫਤਵੇ ਦੀ ਬੁਨਿਆਦ ਤੇ ਮੁਸਲਿਮ ਜਮਾਤ ਅਹਿਮਦੀਆ ਨੂੰ ਗੈਰ-ਮੁਸਲਿਮ ਕਰਾਰ ਦਿੱਤਾ ਗਿਆ ਸੀ।

ਇਹ ਪ੍ਰਗਟਾਵਾ ਕੇ ਤਾਰਿਕ ਅਹਿਮਦ ਪ੍ਰੈੱਸ ਸਕੱਤਰ ਅਹਿਮਦੀਆਂ ਮੁਸਲਿਮ ਜਮਾਤ ਭਾਰਤ ਨੇ ਜਾਰੀ ਪ੍ਰੈੱਸ ਬਿਆਨ ਰਾਹੀ ਕਰਦਿਆਂ ਕਿਹਾ ਕਿ ਸਾਡਾ ਦੇਸ਼ ਭਾਰਤ ਇੱਕ ਜਮਹੂਰੀ ਦੇਸ਼ ਹੈ ਅਤੇ ਇਸ ਦੇਸ਼ ਦੀ ਵਿਸ਼ੇਸ਼ਤਾ ਇਹ ਹੈ ਕਿ ਜਿੱਥੇ ਵੱਖ-ਵੱਖ ਅਕੀਦੇ ਰੱਖਣ ਵਾਲੇ ਅਤੇ ਵੱਖ-ਵੱਖ ਧਰਮਾਂ ਨਾਲ ਸੰਬੰਧ ਰੱਖਣ ਵਾਲੇ ਆਪਸੀ ਭਾਈਚਾਰਕ ਸਾਂਝ ਅਤੇ ਪ੍ਰੇਮ ਨਾਲ ਰਹਿੰਦੇ ਹਨ ਅਤੇ ਹਿੰਦੁਸਤਾਨ ਦੇ ਸੰਵਿਧਾਨ ਮੁਤਾਬਕ ਹਰ ਵਿਅਕਤੀ ਨੂੰ ਇਹ ਹੱਕ ਪ੍ਰਾਪਤ ਹੈ ਕਿ ਉਹ ਜਿਸ ਧਰਮ ਵੱਲ ਚਾਹੇ ਆਪਣੇ ਆਪ ਨੂੰ ਮਨਸੂਬ ਕਰੇ। ਇਸ ਦੇ ਬਾਵਜੂਦ ਮੁਸਲਿਮ ਸੰਸਥਾਵਾਂ ਅਤੇ ਵਕਫ਼ ਬੋਰਡ ਵੱਲੋਂ ਮੁਸਲਿਮ ਜਮਾਤ ਅਹਿਮਦੀਆ ਦੇ ਧਾਰਮਿਕ ਹਕੂਕ ਨੂੰ ਖੋਹਣ ਦੀ ਕਾਰਵਾਈ ਕੀਤੀ ਜਾਂਦੀ ਹੈ। ਇਹ ਕੇਵਲ ਦੇਸ਼ ਅਤੇ ਦੇਸ਼ ਦੀ ਪੁਰ ਅਮਨ ਫਿਜ਼ਾ ਵਿੱਚ ਫਸਾਦ ਪੈਦਾ ਕਰਨ ਅਤੇ ਅਹਿਮਦੀਆ ਮੁਸਲਿਮ ਜਮਾਤ ਦੇ ਵਿਰੁੱਧ ਲੋਕਾਂ ਨੂੰ ਭੜਕਾਉਣ ਦੀ ਕੋਸ਼ਿਸ਼ ਹੈ।

ਬਾਣੀਏ ਇਸਲਾਮ ਹਜ਼ਰਤ ਮੁਹੰਮਦ ਸਲੱਲਾਹੋ ਅਲੈਹੇ ਵਸਲਮ ਫਰਮਾਉਂਦੇ ਹਨ ਕਿ ਇਸਲਾਮ ਇਹ ਹੈ ਕਿ ਤੂੰ ਗਵਾਹੀ ਦੇ ਕੇ ਲਾ ਇਲਾਹਾ ਇਲਲਾਹੋ ਮੁਹੰਮਦ ਦੂਰ ਰਸੂਲਲਾਹ ਅਤੇ ਤੁਸੀ ਨਮਾਜ਼ ਅਦਾ ਕਰੋ ਅਤੇ ਜਕਾਤ ਅਦਾ ਕਰੋ, ਰਮਜ਼ਾਨ ਦੇ ਰੋਜ਼ੇ ਰੱਖੋ ਅਤੇ ਜੇਕਰ ਰਸਤਾ ਦੀ ਸਮਰੱਥਾ ਹੋਵੇ ਤਾਂ ਬੈਤੁੱਲਾਹ ਦਾ ਹੱਜ ਕਰੋ। ਮੁਸਲਿਮ ਜਮਾਤ ਅਹਿਮਦੀਆ ਭਾਰਤ ਦਿਲੋਂ ਜਾਨ ਤੋਂ ਇਸਲਾਮ ਦੀ ਇਨ੍ਹਾਂ ਬੁਨਿਆਦਾਂ 'ਤੇ ਅਮਲ ਕਰਦੀ ਹੈ।

ਅਹਿਮਦੀ ਮੁਸਲਮਾਨਾਂ ਦੇ ਹਵਾਲੇ ਨਾਲ ਮੌਲਵੀਆਂ ਵਲੋਂ ਇਹ ਵੀ ਝੂਠਾ ਪ੍ਰਚਾਰ ਕੀਤਾ ਜਾਂਦਾ ਹੈ ਕਿ ਅਹਿਮਦੀਆ ਮੁਸਲਮਾਨ ਹਜ਼ਰਤ ਮੁਹੰਮਦ ਮੁਸਤਫਾ ਸਲਲਾਹੋ ਅਲੈਹੇ ਵਸਲਮ ਨੂੰ ਨਹੀਂ ਮੰਨਦੇ ਹਨ। ਮੁਸਲਿਮ ਜਮਾਤ ਅਹਿਮਦੀਆ ਨੂੰ ਗੈਰ-ਮੁਸਲਿਮ ਕਰਾਰ ਦੇਣ ਦਾ ਕਿਸੇ ਨੂੰ ਵੀ ਹੱਕ ਹਾਸਲ ਨਹੀਂ ਹੈ। ਇਹ ਇੱਕ ਗ਼ੈਰ-ਕਾਨੂੰਨੀ ਅਤੇ ਗੈਰ-ਮਜ਼ਬੀ ਕਾਰਜ ਹੈ।

# ਭੁੱਲਰ ਦੀ ਅਗਵਾਈ 'ਚ ਹਲਕਾ ਪੱਟੀ ਵਿਕਾਸ ਪੱਖੋਂ ਚਮਕੇਗਾ: ਗੁਰਵੇਲ ਲੁਹਾਰੀਆ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਅਗਵਾਈ 'ਚ ਵਿਕਾਸ ਪੱਖੋਂ ਹਲਕਾ ਪੱਟੀ ਚਮਕੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਭੁੱਲਰ ਦੀ ਸੱਜੀ ਬਾਂਹ ਗੁਰਵੇਲ ਸਿੰਘ ਲੁਹਾਰੀਆ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਬੀਤੇ ਕਈ ਦਿਨਾਂ ਤੋਂ ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਦੀ ਬੈਕ ਸਾਇਡ ਵਾਰਡ ਨੰ. 19 ਵਾਲੀ ਗਲੀ ਵਿਖੇ ਬੰਦ ਪਏ ਸੀਵਰੇਜ ਕਾਰਨ ਲੋਕ ਨਰਕਭਰੀ ਜ਼ਿੰਦਗੀ ਜੀਣ ਲਈ ਮਜਬੂਰ ਸਨ। ਉਨ੍ਹਾਂ ਵੱਲੋਂ ਪਹਿਲਕਦਮੀ ਕਰਦਿਆਂ ਸੀਵਰੇਜ ਨੂੰ ਮੁੜ ਚਾਲੂ ਕਰਵਾਇਆ ਤੇ ਲੋਕਾਂ ਨੂੰ ਲੰਮੇਂ ਸਮੇਂ ਤੋਂ ਆ ਰਹੀਆਂ ਪ੍ਰੇਸ਼ਾਨੀਆਂ ਤੋਂ ਨਿਜਾਤ ਦਿਵਾਈ ਗਈ। ਲੁਹਾਰੀਆ ਨੇ ਦੱਸਿਆ ਕੇ ਕੈਬਨਿਟ ਮੰਤਰੀ ਭੁੱਲਰ ਖੁਦ ਪੱਟੀ ਦੇ ਜੰਮਪਲ ਹੋਣ ਕਾਰਨ ਪੱਟੀ ਦੇ ਲੋਕਾਂ ਦੀਆਂ ਦੁੱਖ ਤਕਲੀਫਾਂ ਤੋਂ ਬੜੀ ਚੰਗੀ ਤਰਾਂ ਜਾਣੂ ਹਨ ਜੋ ਇਨਸਾਨ ਧਰਤੀ ਨਾਲ ਜੁੜਿਆ ਤੇ ਆਮ ਲੋਕਾਂ ਵਿੱਚ ਰਹਿੰਦਾ ਉਹ ਲੋਕਾਂ ਦੀਆਂ ਸਮੱਸਿਆਵਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ। ਕੈਬਨਿਟ ਮੰਤਰੀ ਦੀ ਨੀਤ ਤੇ ਨੀਤੀ ਤੇ ਸ਼ੱਕ ਨਹੀਂ ਕੀਤਾ ਜਾ ਸਕਦਾ। ਭੁੱਲਰ ਸਥਾਨਕ ਸ਼ਹਿਰ ਦੀਆਂ ਆਪਣੇ ਪਿੰਡੇ ਤੇ ਹੰਢਾ ਚੁਕੇ ਹਨ। ਭੁੱਲਰ ਆਉਣ ਵਾਲੇ ਸਮੇਂ 'ਚ ਵੱਖ-ਵੱਖ ਵਾਰਡਾਂ 'ਚ ਡਿਵੈਲਪਮੈਂਟ ਵਾਰਡ ਕਮੇਟੀਆਂ ਬਣਾਉਣ ਜਾ ਰਹੇ ਹਨ ਜੋ ਛੋਟੀ ਤੋਂ ਛੋਟੀ ਮੁਸ਼ਕਿਲ ਦਾ ਹੱਲ ਮੌਕੇ 'ਤੇ ਕਰਵਾਉਣਗੇ। ਇਸ ਮੌਕੇ ਸਰਵਣ ਸਿੰਘ, ਕਾਰਜ ਸਿੰਘ, ਰਜਿੰਦਰ ਜੋਸ਼ੀ, ਜੋਨੀ ਜੋਸ਼ੀ, ਪ੍ਰਗਟ ਸਿੰਘ, ਕਰਮਬੀਰ ਸਿੰਘ, ਇਸ਼ਵਰ ਕੁਮਾਰ ਚੌਰਸੀਆ, ਮੰਜੂ ਦੇਵੀ, ਬਲਵੀਰ ਕੌਰ, ਸੀਮਾ ਦੇਵੀ, ਬਬਿਤਾ ਦੇਵੀ, ਰਵਿੰਦਰ ਕੌਰ, ਬਲਵਿੰਦਰ ਕੌਰ, ਨਿਸ਼ਾਨ ਸਿੰਘ, ਕੈਲਾਸ਼ ਰਾਣੀ, ਲਲਿਤਾ ਦੇਵੀ, ਬਲਵੀਰ ਕੌਰ, ਅੰਜੂ ਬਾਲਾ, ਪ੍ਰਵੀਨ ਕੌਰ, ਜਸਵੀਰ ਸਿੰਘ ਆਦਿ ਹਾਜ਼ਰ ਸਨ।

# ਜੀ ਐੱਨ ਡੀ ਯੂ ਆਫੀਸਰਜ਼ ਐਸੋਸੀਏਸ਼ਨ ਦਾ ਜਨਰਲ ਅਜਲਾਸ

## ਵਾਈਸ ਚਾਂਸਲਰ ਵੱਲੋਂ ਕੀਤੀਆਂ ਗਈਆਂ ਤਰੱਕੀਆਂ ਲਈ ਕੀਤਾ ਧੰਨਵਾਦ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਗੁਰੂ ਨਾਨਕ ਦੇਵ ਯੂਨੀਵਰਸਿਟੀ ਆਫਿਸਰਜ਼ ਐਸੋਸੀਏਸ਼ਨ ਵੱਲੋਂ ਜਨਰਲ ਬਾਡੀ ਦੀ ਇਕੱਤਰਤਾ ਯੂਨੀਵਰਸਿਟੀ ਵਿਚ ਸਥਿਤ ਬਾਬਾ ਬੁੱਢਾ ਕਾਲਜ ਭਵਨ ਵਿਖੇ 11:00 ਵਜੇ ਰੱਖੀ ਗਈ ਜਿਸ ਵਿਚ ਭਾਰੀ ਗਿਣਤੀ ਵਿਚ ਅਫਸਰਾਂ ਨੇ ਸ਼ਿਰਕਤ ਕੀਤੀ। ਸਕੱਤਰ ਮਨਪ੍ਰੀਤ ਸਿੰਘ ਨੇ ਇਜਲਾਸ ਦੀ ਸ਼ੁਰੂਆਤ ਕਰਦਿਆਂ ਐਸੋਸੀਏਸ਼ਨ ਵੱਲੋਂ ਕਰਵਾਏ ਗਏ ਕੰਮਾਂ ਤੋਂ ਜਾਣੂ ਕਰਵਾਇਆ। ਵਾਈਸ ਪ੍ਰਧਾਨ ਜਗੀਰ ਸਿੰਘ ਵੱਲੋਂ ਅਫਸਰਾਂ ਦੀਆਂ ਹੋਈਆਂ ਤਰੱਕੀਆਂ ਸਬੰਧੀ ਵਾਈਸ ਚਾਂਸਲਰ ਦਾ ਧੰਨਵਾਦ ਕੀਤਾ ਗਿਆ। ਜੁਆਇੰਟ ਸਕੱਤਰ ਵਿਪਨ ਕੁਮਾਰ ਵੱਲੋਂ ਆਏ ਹੋਏ ਅਫਸਰ ਸਾਹਿਬਾਨ ਦਾ ਸੁਆਗਤ ਕੀਤਾ ਗਿਆ। ਪ੍ਰਧਾਨ ਰਜ਼ਨੀਸ਼ ਭਾਰਦਵਾਜ ਵੱਲੋਂ ਸੰਬੋਧਨ ਕਰਦਿਆਂ ਯੂਨੀਵਰਸਿਟੀ ਦੇ ਵੱਖ-ਵੱਖ ਕਾਡਰਾਂ ਜਿਵੇਂ ਕਿ ਸਹਾਇਕ ਰਜਿਸਟਰਾਰ, ਨਿਗਰਾਨ, ਸਿਸਟਮ ਐਡਮਨਿਸਟ੍ਰੇਸ਼ਨ, ਨਿੱਜੀ ਸਹਾਇਕ ਦੇ ਪੱਦ ਉੱਨਤ ਹੋਏ ਅਫਸਰਾਂ ਨੂੰ ਵਧਾਈ ਦਿੱਤੀ ਗਈ ਅਤੇ ਅਗਾਮੀ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ਗਈਆਂ। ਪ੍ਰਧਾਨ ਰਜ਼ਨੀਸ਼ ਭਾਰਦਵਾਜ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਸਰਕਾਰ ਵੱਲੋਂ ਪ੍ਰੋਮੋਸ਼ਨਾਂ ਸੰਬੰਧੀ ਲਗਾਏ ਗਏ ਇਤਰਾਜ਼ ਕਾਰਨ ਅਫਸਰਾਂ ਦੀਆਂ ਪ੍ਰੋਮੋਸ਼ਨਾਂ ਲੰਬਿਤ ਸਨ, ਜਿਸ ਬਾਰੇ ਪੱਤਰ ਮਿਤੀ 13.06.2023 ਨੂੰ ਪੰਜਾਬ ਸਰਕਾਰ ਵੱਲੋਂ ਪ੍ਰਾਪਤ ਹੋ ਗਈ ਸੀ, ਜਿਸ ਵਿਚ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ ਅਨੁਸਾਰ ਪ੍ਰੋਮੋਸ਼ਨਾਂ ਕਰਨ ਦੇ ਆਦੇਸ਼ ਦਿੱਤੇ ਸਨ। ਉਨਾਂ ਤੇ ਪਹਿਰਾ ਦੇਂਦਿਆਂ ਮਾਨਯੋਗ ਵਾਈਸ ਚਾਂਸਲਰ ਪ੍ਰੋ. (ਡਾ.) ਜਸਪਾਲ ਸਿੰਘ ਸੰਧੂ ਅਤੇ ਰਜਿਸਟਰਾਰ ਪ੍ਰੋ. (ਡਾ.) ਕਰਨਜੀਤ ਸਿੰਘ ਕਾਹਲੋਂ ਨੇ 21 ਜੁਲਾਈ, 2023 ਨੂੰ ਕਾਰਵਾਈ ਕਰਦਿਆਂ ਕਰਮਚਾਰੀਆਂ ਦੀਆਂ ਪ੍ਰੋਮੋਸ਼ਨਾਂ ਕੀਤੀਆਂ। ਇਸ ਲਈ ਉਹ ਮਾਨਯੋਗ ਵਾਈਸ ਚਾਂਸਲਰ ਸਾਹਿਬ ਪ੍ਰੋ. (ਡਾ.) ਜਸਪਾਲ ਸਿੰਘ ਸੰਧੂ ਅਤੇ ਰਜਿਸਟਰਾਰ ਪ੍ਰੋ. (ਡਾ.) ਕਰਨਜੀਤ ਸਿੰਘ ਕਾਹਲੋਂ ਦਾ ਧੰਨਵਾਦ ਕਰਦੇ ਹਨ ਅਤੇ ਅਗਾਮੀ ਭਵਿੱਖ ਵਿਚ ਬਿਨਾਂ ਕਿਸੇ ਰੁਕਾਵਟ ਦੇ ਅਫਸਰਾਂ ਦੀਆਂ ਬਨਦੀਆਂ ਪ੍ਰੋਮੋਸ਼ਨਾਂ ਨਿਰੰਤਰ ਜਾਰੀ ਰਹਿਣ ਦੀ ਆਸ ਕਰਦੇ ਹਨ। ਉਨ੍ਹਾਂ ਸਾਲ 2023 ਦੀ ਚੁਣੀ ਹੋਈ ਅਫਸਰ ਐਸੋਸੀਏਸ਼ਨ ਦੀ ਜੱਥੇਬੰਦੀ ਵੱਲੋਂ ਕਰਵਾਏ ਗਏ ਕੰਮਾਂ ਜਿਵੇਂ ਕਿ ਅਫਸਰ ਐਸੋਸੀਏਸ਼ਨ ਵਾਸਤੇ ਪ੍ਰਬੰਧਕੀ ਬਲਾਕ ਵਿਚ ਦਫਤਰ ਦੀ ਅਲਾਟਮੈਂਟ, 9 ਸਹਾਇਕ ਰਜਿਸਟਰਾਰਾਂ ਦੀ ਪ੍ਰੋਮੋਸ਼ਨਾਂ, 12 ਨਿਗਰਾਨਾਂ ਦੀ ਪ੍ਰੋਮੋਸ਼ਨਾਂ, 4 ਨਿਜੀ ਸਹਾਇਕ, 4 ਸਿਸਟਮ ਐਡਮਨਿਸਟ੍ਰੇਸ਼ਨ ਦੀਆਂ ਕਰਵਾਈਆਂ ਗਈਆਂ ਪ੍ਰੋਮੋਸ਼ਨਾਂ ਬਾਰੇ ਜਾਣਕਾਰੀ ਦਿੱਤੀ ਅਤੇ ਅਗਾਮੀ ਭਵਿੱਖ ਵਿਚ ਰਹਿੰਦੇ ਕੰਮ ਜਿਵੇਂ ਕਿ ਲ਼ਠਛ ਦੀ ਬਹਾਲੀ, ਅ/ਧ ਦੀ ਉਚੇਰੇ ਗਰੇਡਾਂ ਵਿਚ ਪਲੇਸਮੈਂਟ, ਲਾਇਬ੍ਰੇਰੀ ਵਿਚ ਕੰਮ ਕਰਦੇ ਸਹਾਇਕ ਲਾਇਬ੍ਰੇਰੀਅਨਾਂ ਦੀ ਉਚੇਰੀ ਗਰੇਡ ਵਿਚ ਪਲੇਸਮੈਂਟ, ਉਸਾਰੀ ਵਿਭਾਗ ਦੇ ਸ਼ਧੌ/ਯਓਂ ਦੀ ਪੱਕੀ ਪ੍ਰੋਮੋਸ਼ਨ ਆਦਿ ਬਾਰੇ ਵਿਸ਼ਵਾਸ਼ ਦਿਵਾਇਆ ਗਿਆ ਕਿ ਉਹ ਜਲਦ ਹੀ ਇਹ ਕੰਮ ਕਰਵਾਉਣ ਵਿਚ ਵੀ ਸਫਲਤਾ ਹਾਸਲ ਕਰਨਗੇ।

ਡਿਪਟੀ ਰਜਿਸਟਰਾਰ ਡਾ. ਰਾਜੇਸ਼ ਕਾਲੀਆ ਨੇ ਨਵੇਂ ਪਦ ਉੱਨਤ ਹੋਏ ਅਫਸਰਾਂ ਨੂੰ ਵਧਾਈ ਦਿੱਤੀ ਅਤੇ ਵਾਈਸ ਚਾਂਸਲਰ ਪ੍ਰੋ. (ਡਾ.) ਜਸਪਾਲ ਸਿੰਘ ਸੰਧੂ ਦਾ ਧੰਨਵਾਦ ਕੀਤਾ। ਤੀਰਥ ਸਿੰਘ ਨੇ ਪ੍ਰੋਮੋਸ਼ਨਾਂ ਕਰਵਾਉਣ ਤੇ ਐਸੋਸੀਏਸ਼ਨ ਅਤੇ ਪ੍ਰਬੰਧਕੀ ਅਫਸਰਾਂ ਦਾ ਧੰਨਵਾਦ ਕੀਤਾ। ਪ੍ਰਧਾਨ ਰਜ਼ਨੀਸ਼ ਭਾਰਦਵਾਜ ਨੇ ਬਲਬੀਰ ਸਿੰਘ ਗਰਚਾ ਸਾਬਕਾ ਪ੍ਰਧਾਨ ਜਿਨ੍ਹਾਂ ਦੀ ਰਿਟਾਇਰਮੈਂਟ ਸਤੰਬਰ ਵਿਚ ਹੈ ਉਨ੍ਹਾਂ ਨੂੰ ਐਸੋਸੀਏਸ਼ਨ ਵਿਚ ਨਿਭਾਈਆਂ ਵੱਖ-ਵੱਖ ਜਿੰਮੇਵਾਰੀਆਂ ਪ੍ਰਤੀ ਕੀਤੇ ਕੰਮਾਂ ਬਾਰੇ ਸ਼ਲਾਘਾ ਵੀ ਕੀਤੀ। ਇਸ ਮੌਕੇ ਹਰਦੀਪ ਸਿੰਘ, ਅਜੈ ਅਰੋੜਾ, ਗੁਰਮੀਤ ਥਾਪਾ, ਹਰਚਰਨ ਸਿੰਘ, ਜਗਜੀਤ ਸਿੰਘ, ਮਤਬਰ ਚੰਦ ਅਤੇ ਰਾਜੇਸ਼ ਕੁਮਾਰ ਹਾਜ਼ਰ ਸਨ।

# ਵਰਿੰਦਰ ਭਾਟੀਆ ਨੇ ਤਹਿਸੀਲਦਾਰ ਵਜੋਂ ਚਾਰਜ ਸੰਭਾਲਿਆ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)-ਵਰਿੰਦਰ ਭਾਟੀਆ ਨੇ ਅੱਜ ਤਹਿਸੀਲਦਾਰ ਭਿੱਖੀਵਿੰਡ ਵਜੋਂ ਚਾਰਜ ਸੰਭਾਲ ਲਿਆ ਹੈ। ਇਸ ਮੌਕੇ ਉਨ੍ਹਾਂ ਨੂੰ ਰਜਿਸਟਰੀ ਕਲਰਕ ਦਿਲਬਾਗ ਸਿੰਘ, ਰੀਡਰ ਸਵਿੰਦਰ ਸਿੰਘ, ਟੀਏ ਗੁਰਦੇਵ ਸਿੰਘ, ਉਪਰੇਟਰ ਜੋਗਾ ਸਿੰਘ, ਮਾਮਲਾ ਕਲਰਕ ਜਗਰੂਪ ਸਿੰਘ, ਬਿੱਲ ਕਲਰਕ ਇਕਬਾਲ ਸਿੰਘ, ਸਾਥੀ ਦਵਿੰਦਰ ਸਿੰਘ, ਸਾਥੀ ਗੁਰਮੀਤ ਸਿੰਘ ਅਤੇ ਵਸੀਕਾ ਨਵੀਸ ਤੇ ਟਾਈਪ ਰਾਈਟਰ ਯੂਨੀਅਨ ਭਿੱਖੀਵਿੰਡ ਦੇ ਮੈਂਬਰ ਸੰਦੀਪ ਧਵਨ, ਮਾਣਕ ਧਵਨ, ਪ੍ਰਧਾਨ ਦਰਸ਼ਨ ਸਿੰਘ, ਟਾਈਪ ਰਾਈਟਰ ਕੁਲਵਿੰਦਰ ਸਿੰਘ, ਲਾਡੀ ਸਿੱਧੂ, ਮਲਕੀਤ ਸਿੰਘ ਪਹੂਵਿੰਡ, ਜਸਕਰਨ ਸਿੰਘ, ਦੀਦਾਰ ਸਿੰਘ ਅਤੇ ਰਣਬੀਰ ਸਿੰਘ ਵੱਲੋਂ ਜੀ ਆਇਆਂ ਆਖਿਆ ਗਿਆ। ਵਰਣਨਯੋਗ ਹੈ ਕਿ ਤਹਿਸੀਲਦਾਰ ਵਰਿੰਦਰ ਭਾਟੀਆ ਭਿੱਖੀਵਿੰਡ ਵਿਖੇ 2012 ਤੋਂ 2014 ਤੱਕ ਬਤੌਰ ਨਾਇਬ-ਤਹਿਸੀਲਦਾਰ ਸੇਵਾਵਾਂ ਨਿਭਾ ਚੁੱਕੇ ਹਨ ਅਤੇ ਹੁਣ ਬਰਨਾਲਾ ਜ਼ਿਲ੍ਹੇ ਦੇ ਤਪਾ ਤੋਂ ਤਬਾਦਲੇ ਮਗਰੋਂ ਸਬ-ਡਵੀਜ਼ਨ ਭਿੱਖੀਵਿੰਡ ਆਏ ਹਨ।

# ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਵੱਲੋਂ ਮਨੀਪੁਰ ਘਟਨਾਵਾਂ ਵਿਰੁੱਧ ਅਰਥੀ ਫੂਕ ਰੈਲੀ



**ਹੁਸ਼ਿਆਰਪੁਰ, (ਬਲਵੀਰ ਸੈਣੀ)**

ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੇ ਸੱਦੇ 'ਤੇ ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਪੰਜਾਬ ਤਹਿਸੀਲ ਹੁਸ਼ਿਆਰਪੁਰ ਵਲੋਂ ਸੂਬੇ ਦੇ ਬਾਕੀ ਸਥਾਨਾਂ ਵਾਂਗ ਮਨੀਪੁਰ ਵਿਖੇ ਔਰਤਾਂ ਦੇ ਯੌਨ ਸ਼ੋਸ਼ਣ ਅਤੇ ਵਾਪਰ ਰਹੀਆਂ ਅਪਮਾਨਜਨਕ ਘਟਨਾਵਾਂ ਵਿਰੁੱਧ ਸ਼ਹੀਦ ਊਧਮ ਸਿੰਘ ਪਾਰਕ ਹੁਸ਼ਿਆਰਪੁਰ ਵਿਖੇ ਰੋਸ ਰੈਲੀ ਕੀਤੀ ਗਈ ਅਤੇ ਸ਼ਹਿਰ ਅੰਦਰ ਰੋਸ ਮਾਰਚ ਕਕੇ ਬੱਸ ਅੱਡੇ ਅੱਗੇ ਮਣੀਪੁਰ ਦੇ ਮੁੱਖ ਮੰਤਰੀ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਦੀ ਅਰਥੀ ਫੂਕੀ ਗਈ। ਜੱਥੇਬੰਦੀ ਦੀਆਂ ਆਗੂਆਂ ਹਰਨਿੰਦਰ ਕੌਰ ਅਤੇ ਬਲਵਿੰਦਰ ਕੌਰ ਦੀ ਅਗਵਾਈ ਹੇਠ ਕੀਤੀ ਇਸ ਅਰਥੀ ਫੂਕ ਰੈਲੀ ਨੂੰ ਸੰਬੋਧਨ ਕਰਦਿਆਂ ਪ.ਸ.ਸ.ਫ. ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਨੇ ਕਿਹਾ ਕਿ ਔਰਤਾਂ ਤੇ ਅਤਿਆਚਾਰ ਕਰਨ ਵਾਲੇ ਦੋਸ਼ੀਆਂ ਨੂੰ ਤਰੁੰਤ ਫਾਹੇ ਲਾਇਆ ਜਾਵੇ ਅਤੇ ਮਨੀਪੁਰ ਵਿੱਚ ਸ਼ਾਂਤੀ ਸਥਾਪਿਤ ਕਰਨ ਲਈ ਉੱਪਰਾਲੇ ਕੀਤੇ ਜਾਣ ਅਤੇ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵ ਸਾਰੇ ਦੇਸ਼ ਵਿੱਚ ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ ਅਤੇ ਔਰਤਾਂ ਤੇ ਅੱਤਿਆਚਾਰ ਕਰਨ ਵਾਲੇ ਲੋਕਾਂ ਤੇ ਸਖਤ ਕਨੂੰਨੀ ਕਾਰਵਾਈ ਕੀਤੀ ਜਾਵੇ ਤੇ ਕਨੂੰਨ ਨੂੰ ਤੋੜਨ ਵਾਲਿਆਂ ਕੇ ਸਖਤੀ ਕੀਤੀ ਜਾਵੇ। ਇਸ ਸਮੇਂ ਆਗੂਆਂ ਨੇ ਕਿਹਾ ਕਿ ਬੀਤੇ ਤਿੰਨ ਮਹੀਨਿਆਂ ਤੋਂ ਮਨੀਪੁਰ ਵਿੱਚ ਸਰਕਾਰੀ ਸ਼ਹਿ 'ਤੇ ਇੱਕ ਖਾਸ ਫਿਰਕੇ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤੇ ਪੁਲਿਸ ਫੋਰਸ ਮੂਕ ਦਰਸ਼ਕ ਬਣ ਕੇ ਰਹਿ ਗਈ ਹੈ, ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਮਨੀਪੁਰ ਦੀਆਂ ਘਟਨਾਵਾਂ ਤੋਂ ਮੂੰਹ ਮੋੜ ਕੇ ਵਿਦੇਸ਼ੀ ਦੌਰੇ ਕਰਨ ਵਿੱਚ ਵਿਅਸਤ ਹਨ। ਇਸ ਸਮੇਂ ਆਗੂਆਂ ਨੇ ਕਿਹਾ ਕਿ ਡਬਲ ਇੰਜਣ ਦੀ ਸਰਕਾਰ ਹੋਣ ਦੇ ਬਾਵਜੂਦ ਦੋਸ਼ੀਆਂ ਨੂੰ ਡਬਲ ਪੁਸ਼ਤਪਨਾਹੀ ਕਰਕੇ ਬਚਾਇਆ ਜਾ ਰਿਹਾ ਹੈ। ਇਸ ਮੌਕ ਜਸਪ੍ਰੀਤ ਕੌਰ, ਹਜਿੰਦਰ ਕੌਰ, ਇੰਦਰਜੀਤ ਕੌਰ, ਕਮਲਜੀਤ ਕੌਰ, ਜਸਵੀਰ ਕੌਰ, ਮਨਿੰਦਰ ਕੌਰ, ਰਾਜ ਕੁਮਾਰੀ, ਪ੍ਰਵੀਨ ਕੁਮਾਰੀ, ਪਰਮਿੰਦਰ ਕੌਰ, ਕਮਲਜੀਤ ਕੌਰ, ਮਲਕੀਤ ਕੌਰ, ਕੁਲਵਿੰਦਰ ਕੌਰ, ਸੋਨੀਆ, ਨੀਲਮ, ਅਮਰਜੀਤ ਕੌਰ ਪ.ਸਸ.ਸ.ਫ. ਆਗੂ ਇੰਦਰਜੀਤ ਵਿਰਦੀ, ਰਕੇਸ਼ ਕੁਮਾਰ, ਗੁਰਪ੍ਰੀਤ ਸਿੰਘ, ਕੁਲ ਬਹਾਦਰ, ਸੁਖਵੀਰ ਸਿੰਘ, ਨਵਜੋਤ ਸਿੰਘ, ਪੈਨਸ਼ਨਰ ਆਗੂ ਕੁਲਵਰਨ ਸਿੰਘ, ਮਨਜੀਤ ਸੈਣੀ, ਦਵਿੰਦਰ ਸਿੰਘ ਕੱਕੋਂ, ਮਨਜੀਤ ਬਾਜਵਾ ਵੀ ਹਾਜਰ ਸਨ।

# ਬੰਨ੍ਹ ਲਈ 5 ਟਰਾਲੀਆਂ ਮਿੱਟੀ ਦੇ ਭਰੇ ਬੋਰਿਆਂ ਦੀਆਂ ਰਵਾਨਾ

**ਫਿਲੌਰ, (ਨਿਰਮਲ)**- ਬੀਤੇ ਦਿਨੀਂ ਸ਼ਾਹਕੋਟ ਇਲਾਕੇ 'ਚ ਸਤਲੁਜ ਦਰਿਆ ਦਾ ਜਲ ਸਤੱਰ ਵੱਧਣ ਨਾਲ ਬੰਨ ਟੁੱਟ ਕੇ ਪਿੰਡਾਂ ਵਿੱਚ ਪਾਣੀ ਵੜ ਗਿਆ ਸੀ। ਜਿਸ ਕਾਰਨ ਨਾਲ ਲੱਗਦੇ ਪਿੰਡ ਖਾਲੀ ਕਰਵਾਏ ਗਏ ਸਨ। ਲੋਕਾਂ ਕੋਲ ਖਾਣ ਪੀਣ ਵਾਲੀਆਂ ਵਸਤਾ ਅਤੇ ਪਸਸ਼ਆਂ ਨੂੰ ਪਾਉਣ ਵਾਲਾ ਚਾਰਾ ਨਹੀਂ ਸੀ। ਜਿਸ ਤਹਿਤ ਫਿਲੌਰ ਇਲਾਕੇ ਦੇ ਪਿੰਡ ਕੰਗ ਜਗੀਰ ਅਤੇ ਇਲਾਕੇ ਦੇ ਪ੍ਰਵਾਸੀ ਵੀਰਾਂ ਦੇ ਸਹਿਯੋਗ ਨਾਲ ਚਾਰਾ, ਪੀਣ ਵਾਲਾ ਪਾਣੀ, ਬਿਸਕੁਟ ਅਤੇ ਹੋਰ ਸਮੱਗਰੀ ਸ਼ਾਹਕੋਟ ਅਤੇ ਲੋਹੀਆਂ ਵਿਖੇ ਜਰੂਰਤਮੰਦ ਪਰਵਾਰਾਂ ਨੂੰ ਭੇਜਿਆ ਗਿਆ ਸੀ। ਬੀ ਡੀ ਓ ਫਿਲੌਰ ਰਜਿੰਦਰ ਕੌਰ ਬਾਜਵਾ ਦੀ ਅਗਵਾਈ ਹੇਠ ਬੰਨ ਬੰਨਣ ਲਈ 5 ਟਰਾਲੀਆਂ ਮਿੱਟੀ ਦੇ ਭਰੇ ਬੋਰਿਆਂ ਦੀਆਂ ਰਵਾਨਾ ਕੀਤੀਆਂ ਗਈਆਂ। ਇਸ ਮੌਕੇ ਸਰਪੰਚ ਪੰਡਿਤ ਰਮੇਸ਼ਵਰ ਨਾਥ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਬਿਪਤਾ ਦੀ ਘੜੀ 'ਚ ਸਾਨੂੰ ਸਾਰਿਆਂ ਨੂੰ ਮਦਦ ਕਰਨੀ ਚਾਹੀਦੀ ਹੈ। ਇਸ ਮੌਕੇ ਸੁਰਜੀਤ ਸਿੰਘ ਕੰਗ ਉਰਫ ਬਾਬਾ, ਕੁਲਦੀਪ ਸਿੰਘ, ਸੁਖਵੀਰ ਸਿੰਘ ਲੱਡੂ, ਨਰਿੰਦਰ ਸਿੰਘ ਨਿੰਦਾ,ਕੇਵਲ ਸਿੰਘ ਸਹੋਤਾ, ਸੁਖਰਾਜ ਸਿੰਘ ਕੰਗ ਅਤੇ ਹੋਰ ਸਨ।



# ਥੋੜ੍ਹੇ ਜਿਹੇ ਮੀਂਹ ਨਾਲ ਹੋਇਆ ਜਲਥਲ, ਘਰਾਂ ਅੰਦਰ ਵੜਿਆ ਪਾਣੀ



**ਅਲਾਵਲਪੁਰ, (ਮਦਨ ਬੰਗੜ)**

ਪਿਛਲੇ ਦੋ ਦਿਨ ਤੋਂ ਰੁਕ ਰੁਕ ਕੇ ਪੈ ਰਹੇ ਮੀਂਹ ਨੇ ਕਸਬਾ ਅਲਾਵਲਪੁਰ ਦੇ ਲੋਕਾਂ ਲਈ ਮੁਸੀਬਤ ਖੜੀ ਕਰ ਦਿੱਤੀ ਹੈ। ਕਸਬੇ ਵਿੱਚ ਅਚਾਨਕ ਸ਼ੁਰੂ ਹੋਏ ਮੀਂਹ ਦਾ ਪਾਣੀ ਨੀਵੇਂ ਇਲਾਕਿਆਂ ਵਿੱਚ ਜਮ੍ਹਾਂ ਹੋਣ ਕਾਰਨ ਅਤੇ ਕਈ ਘਰਾਂ ਵਿੱਚ ਮੀਂਹ ਦਾ ਪਾਣੀ ਵੜਣ ਕਾਰਨ ਲੋਕਾਂ ਨੂੰ ਭਾਰੀ ਮੁਸੀਬਤ ਦਾ ਸਾਹਮਣਾ ਕਰਨਾ ਪਿਆ। ਸ਼ਹਿਰ ਦੀਆਂ ਪ੍ਰਮੁੱਖ ਥਾਵਾਂ ਮੇਨ ਬਾਜਾਰ, ਮੁਹੱਲਾ ਪ੍ਰੇਮ ਨਗਰ, ਬਿਆਸ ਪਿੰਡ ਰੋਡ ,ਮਹਲਾ ਰਿਸ਼ੀ ਨਗਰ ਅਤੇ ਹੋਰ ਵੀ ਕਈ ਨੀਵੀਆਂ ਗਲੀਆਂ ਵਿੱਚ ਮੀਂਹ ਦਾ ਪਾਣੀ ਭਰ ਗਿਆ ਜਿਸ ਕਾਰਨ ਸਥਾਨਕ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਸਥਾਨਕ ਮੇਨ ਬਾਜਾਰ ਤੋਂ ਬਿਆਸ ਪਿੰਡ ਰੋਡ ਦੇ ਨਾਲ-ਨਾਲ ਨਵਾਂ ਬਣਾਇਆ ਜਾ ਰਿਹਾ ਗੰਦਾ ਨਾਲਾ, ਜਿਸ ਨੂੰ ਪਿਛਲੇ ਕਈ ਮਹੀਨਿਆਂ ਤੋਂ ਪੁੱਟਿਆ ਹੋਇਆ ਹੈ ਉਹ ਵੀ ਪਾਣੀ ਨਾਲ ਭਰ ਗਿਆ ਜਿਸ ਕਾਰਨ ਆਉਣ ਜਾਣ ਵਾਲੇ ਲੋਕਾਂ ਨੂੰ ਅਤੇ ਵਾਹਨ ਚਾਲਕਾਂ ਨੂੰ ਮੁਸੀਬਤ ਝੱਲਣੀ ਪਈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਸਮੇਂ ਸਿਰ ਸਹੀ ਢੰਗ ਨਾਲ ਸਫਾਈ ਨਾ ਹੋਣ ਕਾਰਨ ਸ਼ਹਿਰ ਵਿੱਚ ਥੋੜੇ ਜਿਹੇ ਮੀਂਹ ਨਾਲ ਹੀ ਜਿੱਥੇ ਨੀਵੇਂ ਇਲਾਕਿਆਂ ਵਿੱਚ ਪਾਣੀ ਭਰ ਜਾਂਦਾ ਹੈ ਉੱਥੇ ਮੀਂਹ ਦਾ ਅਤੇ ਗੰਦੇ ਨਾਲਿਆਂ ਦਾ ਪਾਣੀ ਲੋਕਾਂ ਦੇ ਘਰਾਂ ਅੰਦਰ ਵੜ ਜਾਂਦਾ ਹੈ ਜਿਸ ਕਾਰਨ ਨੁਕਸਾਨ ਹੁੰਦਾ ਹੈ।

# ਆਈ ਕੇ ਜੀ ਪੀ ਟੀ ਯੂ ਵਿਖੇ ਐਨ ਸੀ ਸੀ ਕੈਡਿਟਾਂ ਵੱਲੋਂ 60 ਯੂਨਿਟ ਖ਼ੂਨਦਾਨ



**ਜਲੰਧਰ (ਸ਼ੈਲੀ ਐਲਬਰਟ)**

ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ.ਪੀ.ਟੀ.ਯੂ.) ਮੁੱਖ ਕੈਂਪਸ ਵਿਖੇ ਆਯੋਜਿਤ 21 ਪੀ.ਬੀ.ਬੀ.ਐਨ.ਐਨ.ਸੀ.ਸੀ. ਕਪੂਰਥਲਾ ਦੇ 10 ਰੋਜ਼ਾ ਐਨ.ਸੀ.ਸੀ (ਨੈਸ਼ਨਲ ਕੈਡਿਟ ਕੋਰ) ਦੇ ਸਾਂਝੇ ਸਾਲਾਨਾ ਸਿਖਲਾਈ ਕੈਂਪ ਦੌਰਾਨ ਇੱਕ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਕਮਾਂਡਿੰਗ ਅਫ਼ਸਰ ਕਰਨਲ ਵਿਸ਼ਾਲ ਓਪਲ, ਪੀ.ਆਈ ਸਟਾਫ਼ ਅਤੇ ਕੈਡਿਟਾਂ ਵੱਲੋਂ 60 ਯੂਨਿਟ ਖ਼ੂਨਦਾਨ ਕੀਤਾ ਗਿਆ। ਇਸ ਮੌਕੇ ਕਰਨਲ ਵਿਸ਼ਾਲ ਓਪਲ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਐਨ.ਸੀ.ਸੀ ਕੈਡਿਟ ਅਜਿਹੇ ਨੇਕ ਕਾਰਜਾਂ ਵਿੱਚ ਭਾਗ ਲੈਣ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਡਾ. ਸ਼ਿਲਪਾ, ਬਲੱਡ ਟ੍ਰਾਂਸਫਿਊਜ਼ਨ ਅਫਸਰ, ਸਿਵਲ ਹਸਪਤਾਲ ਕਪੂਰਥਲਾ ਵੱਲੋਂ ਆਪਣੀ ਟੀਮ ਸਮੇਤ ਇਸ ਕੈਂਪ ਨੂੰ ਸਫਲ ਬਣਾਇਆ ਗਿਆ। ਉਨ੍ਹਾਂ ਕੈਡਿਟਾਂ ਨੂੰ ਖ਼ੂਨਦਾਨ ਪ੍ਰਤੀ ਸਮਾਜ ਵਿੱਚ ਵੱਧ ਤੋਂ ਵੱਧ ਜਾਗਰੂਕਤਾ ਲਿਆਉਣ ਦਾ ਸੱਦਾ ਦਿੱਤਾ। ਉਨ੍ਹਾਂ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ ਦੇਸ਼ ਵਿੱਚ ਸਵੈ-ਇੱਛਤ ਖ਼ੂਨਦਾਨ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰਨ । ਡਾ. ਸ਼ਿਲਪਾ ਬੀ.ਟੀ.ਓ., ਡਾ. ਜਸਵਿੰਦਰ ਸ਼ਰਮਾ ਅਤੇ ਬਲੱਡ ਬੈਂਕ, ਸਿਵਲ ਹਸਪਤਾਲ ਕਪੂਰਥਲਾ ਦੀ ਟੀਮ ਵੱਲੋਂ ਯੂਨੀਵਰਸਿਟੀ, ਕੈਡਿਟਸ ਸਟਾਫ਼ ਅਤੇ ਵਿਸ਼ੇਸ਼ ਤੌਰ 'ਤੇ ਕਰਨਲ ਵਿਸ਼ਾਲ ਓਪਲ ਅਤੇ ਐਨ.ਸੀ.ਸੀ. ਕੈਡਿਟਾਂ ਦਾ ਧੰਨਵਾਦ ਕੀਤਾ ਗਿਆ।

# ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ 31 ਨੂੰ ਮਨਾਇਆ ਜਾਵੇਗਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**

ਸ਼ਹੀਦ ਊਧਮ ਸਿੰਘ ਮੈਮੋਰੀਅਲ ਟਰੱਸਟ ਸੁਲਤਾਨਪੁਰ ਲੋਧੀ ਦੀ ਇੱਕ ਵਿਸ਼ੇਸ਼ ਮੀਟਿੰਗ ਪ੍ਰਧਾਨ/ ਸਰਪ੍ਰਸਤ ਪ੍ਰੋ.ਚਰਨ ਸਿੰਘ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਬਾਰ ਐਸੋਸੀਏਸ਼ਨ,ਸਾਹਿਤ ਸਭਾ, ਪ੍ਰੈੱਸ ਕਲੱਬ ਤੇ ਹੋਰ ਸਮਾਜ ਸੇਵੀ ਜਥੇਬੰਦੀਆਂ ਵਲੋਂ ਸ਼ਹੀਦ ਊਧਮ ਸਿੰਘ ਦੇ 83ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਸਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਮੀਟਿੰਗ ਉਪਰੰਤ ਜਾਣਕਾਰੀ ਦਿੰਦੇ ਹੋਏ ਪ੍ਰੋ.ਚਰਨ ਸਿੰਘ ਨੇ ਦੱਸਿਆ ਕਿ 31 ਜੁਲਾਈ ਨੂੰ ਸਵੇਰੇ 9 ਵਜੇ ਸ਼ਹੀਦ ਊਧਮ ਸਿੰਘ ਸਮਾਰਕ ਸੁਲਤਾਨਪੁਰ ਲੋਧੀ ਵਿਖੇ ਕੌਮ ਦੇ ਮਹਾਨ ਸ਼ਹੀਦ ਊਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਜਾਣਗੇ। ਉਪਰੰਤ ਉਹਨਾਂ ਦੇ ਜੀਵਨ,ਕੁਰਬਾਨੀ ਤੇ ਫਲਸਫੇ ਬਾਰੇ ਵਿਚਾਰ ਪੇਸ਼ ਕੀਤੇ ਜਾਣਗੇ। ਇਸ ਮੌਕੇ ਐਡ.ਰਜਿੰਦਰ ਸਿੰਘ ਰਾਣਾ ਨੇ ਦੱਸਿਆ ਕਿ ਸਮਾਗਮ ਵਿੱਚ ਉਚੇਚੇ ਤੌਰ 'ਤੇ ਬੁੱਧੀਜੀਵੀ ਵਰਗ ਲੇਖਕ ਆਦਿ ਸਮੇਤ ਹੋਰ ਸਖ਼ਸ਼ੀਅਤਾਂ ਸ਼ਾਮਿਲ ਹੋਣਗੀਆਂ ਉਹਨਾਂ ਦੱਸਿਆ ਕਿ ਸਮਾਗਮ ਦੀਆਂ ਤਿਆਰੀਆਂ ਜੰਗੀ ਪੱਧਰ 'ਤੇ ਚੱਲ ਰਹੀਆਂ ਇਸ ਮੌਕੇ ਸਾਬਕਾ ਚੇਅਰਮੈਨ ਐਡਵੋਕੇਟ ਜਸਪਾਲ ਸਿੰਘ ਧੰਜੂ, ਮੀਤ ਪ੍ਰਧਾਨ ਟਰੱਸਟ ਤਜਿੰਦਰ ਸਿੰਘ ਧੰਜੂ ਸਾਲਾਪੁਰ ਬੇਟ, ਐਡ.ਸਤਨਾਮ ਸਿੰਘ ਮੋਮੀ ਪ੍ਰਧਾਨ ਬਾਰ ਐਸੋਸੀਏਸਨ ਸੁਲਤਾਨਪੁਰ ਲੋਧੀ,ਐਡ.ਕੇਹਰ ਸਿੰਘ, ਐਡਵੋਕੇਟ ਵਿਕਰਮਜੀਤ ਸਿੰਘ ਚੰਦੀ, ਐਡਵੋਕੇਟ ਪਰਮਿੰਦਰ ਸਿੰਘ ਨੰਢਾ, ਐਡਵੋਕੇਟ ਵਿਕਾਸ ਦੀਪ ਸਿੰਘ ਨੰਢਾ, ਐਂਡ ਜਰਨੈਲ ਸਿੰਘ ਸੰਧਾ, ਕੁਲਵਿੰਦਰ ਕੰਵਲ, ਐਂਡ. ਗੁਰਮੀਤ ਸਿੰਘ ਢਿੱਲੋਂ, ਡਾ.ਸਵਰਨ ਸਿੰਘ ਪ੍ਰਧਾਨ ਸਾਹਿਤ ਸਭਾ, ਪ੍ਰੈੱਸ ਕਲੱਬ ਸਰਪ੍ਰਸਤ ਨਰਿੰਦਰ ਸਿੰਘ ਸੋਨੀਆ, ਬਲਵਿੰਦਰ ਸਿੰਘ ਧਾਲੀਵਾਲ, ਸਤਨਾਮ ਸਿੰਘ ਸਾਬੀ , ਮਲਕੀਤ ਸਿੰਘ ਮੀਰਾ, ਮਾ.ਚਰਨ ਸਿੰਘ ਹੈਬਤਪੁਰ ਆਦਿ ਹਾਜਰ ਸਨ।



# ਮੋਦੀ ਸਰਕਾਰ ਦਾ ਪੁਤਲਾ ਫੂਕਿਆ





**ਭੋਗਪੁਰ (ਨਵਾਂ ਜ਼ਮਾਨਾ ਸਰਵਿਸ)**

ਇਥੇ ਭਾਰਤੀ ਕਮਿਊਨਿਸਟ ਪਾਰਟੀ ਵਲੋਂ ਮਨੀਪੁਰ ਵਿੱਚ ਲਗਾਤਾਰ ਹੋ ਰਹੀ ਹਿੰਸਾ ਦੇ ਖਿਲਾਫ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ ਤੇ ਸ਼ਹਿਰ ਵਿਚ ਮਾਰਚ ਕੀਤਾ ਗਿਆ। ਲੋਕਾਂ ਦੇ ਭਰਵੇਂ ਇਕੱਠ ਨੂੰ ਸੀਪੀਆਈ ਦੇ ਜ਼ਿਲ੍ਹਾ ਸਹਾਇਕ ਸਕੱਤਰ ਹਰਜਿੰਦਰ ਮੌਜੀ, ਖੇਤ ਮਜ਼ਦੂਰ ਸਭਾ ਦੇ ਆਗੂ ਵੀਰ ਕੁਮਾਰ, ਕਿਸਾਨ ਆਗੂ ਸਵਰਨਜੀਤ ਸਿੰਘ ਨੇ ਸੰਬੋਧਨ ਕੀਤਾ। ਉਪਰੋਕਤ ਆਗੂਆਂ ਨੇ ਕਿਹਾ ਕਿ ਮਨੀਪੁਰ ਬੀਜੇਪੀ ਵਲੋਂ ਲਗਾਈ ਗਈ ਨਫਰਤੀ ਅੱਗ ਵਿਚ ਸੜ ਰਿਹਾ ਹੈ ਪਰ ਮੋਦੀ ਸਾਹਿਬ ਵਿਦੇਸ਼ ਘੁੰਮਣ ਵਿੱਚ ਮਸ਼ਰੂਫ ਨੇ। ਔਰਤਾਂ ਦੀ ਸ਼ਰੇਆਮ ਨਗਨ ਪਰੇਡ ਕਰਵਾਈ ਜਾ ਰਹੀ ਏ, ਗੈਂਗ ਰੇਪ ਹੋ ਰਹੇ ਹਨ ਪਰ ਰਾਜ ਤੇ ਕੇਂਦਰ ਸਰਕਾਰ ਗੁੰਡਿਆਂ ਅੱਗੇ ਹਥਿਆਰ ਸੁੱਟ ਕੇ ਵੋਟਾਂ ਦੀ ਗਿਣਤੀ ਮਿਣਤੀ ਵਿੱਚ ਉਲਝੀ ਹੋਈ ਏ। ਸਰਕਾਰ ਦੇ ਵਤੀਰੇ ਤੋਂ ਸਾਫ ਝਲਕਦਾ ਏ ਕਿ 2024 ਦੀਆਂ ਚੋਣਾਂ ਨੂੰ ਧਿਆਨ 'ਚ ਰੱਖ ਕੇ ਦੇਸ਼ ਵਿੱਚ ਨਫਰਤੀ ਹਨੇਰੀਆਂ ਵਗਾਉਣ ਦੀ ਤਿਆਰੀ ਕਰੀ ਬੈਠੀ ਏ । ਬੁਲਾਰਿਆਂ ਨੇ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਦੇਸ਼ ਨੂੰ ਇਹਨਾਂ ਫਿਰਕੂ ਦਰਿੰਦਿਆਂ ਤੋਂ ਬਚਾਉਣ ਤੇ ਭਾਰਤੀ ਔਰਤਾਂ ਦੇ ਮਾਨ ਸਨਮਾਨ ਲਈ ਹਰ ਸੰਭਵ ਯਤਨ ਕਰੇਗੀ। ਇਸ ਸਮੇਂ ਵੱਡੀ ਗਿਣਤੀ ਵਿੱਚ ਔਰਤਾਂ ਨੇ ਹਿੱਸਾ ਲਿਆ।

# ਡੀ ਐਸ ਪੀ ਵਿਨੋਦ ਕੁਮਾਰ ਨੂੰ ਸਦਮਾ, ਮਾਤਾ ਦਾ ਦੇਹਾਂਤ

**ਨਵਾਂਸ਼ਹਿਰ (ਮਨੋਜ ਲਾਡੀ)**- ਪੰਜਾਬ ਪੁਲਸ 'ਚ ਸੇਵਾਵਾਂ ਨਿਭਾਅ ਰਹੇ ਡੀ ਐਸ ਪੀ ਵਿਨੋਦ ਕੁਮਾਰ ਨੂੰ ਉਦੋਂ ਗਹਿਰਾ ਸਦਮਾ ਲੱਗਾ ਜਦੋਂ ਉਨਾਂ ਦੀ ਮਾਤਾ ਜੀ ਚੰਨਣ ਕੌਰ ਦਾ ਦੇਹਾਂਤ ਹੋ ਗਿਆ ਤੇ ਨਵਾਂਸ਼ਹਿਰ ਦੇ ਬੰਗਾ ਰੋਡ ਵਿਖੇ ਸਥਿਤ ਸ਼ਮਸ਼ਾਨ ਘਾਟ ਵਿਚ ਸੈਂਕੜੇ ਸੇਜਲ ਅੱਖਾਂ ਦੀ ਹਾਜਰੀ 'ਚ ਸਸਕਾਰ ਕੀਤਾ ਗਿਆ । ਚਿਖਾ ਨੂੰ ਅਗਨੀ ਪਰਦੀਪ ਕੁਮਾਰ ਤੇ ਡੀ ਐਸ ਪੀ ਵਿਨੋਦ ਕੁਮਾਰ ਵਲੋਂ ਦਿੱਤੀ ਗਈ । ਇਸ ਮੌਕੇ ਐਸ ਡੀ ਐਮ ਨਵਦੀਪ ਕੁਮਾਰ , ਐਸ ਪੀ ਡਾਕਟਰ ਮੁਕੇਸ਼ ਕੁਮਾਰ , ਡੀ ਐਸ ਪੀ ਲਖਵੀਰ ਸਿੰਘ , ਡੀ ਐਸ ਪੀ ਅਮਰਨਾਥ , ਡੀ ਐਸ ਪੀ ਦਵਿੰਦਰ ਸਿੰਘ , ਡੀ ਐਸ ਪੀ ਪ੍ਰੇਮ ਕੁਮਾਰ , ਡੀ ਐਸ ਪੀ ਗੁਰਮੁੱਖ ਸਿੰਘ , ਐਸ ਐੱਚ ਓ ਸਤੀਸ਼ ਕੁਮਾਰ , ਐਸ ਐੱਚ ਓ ਬਲਵਿੰਦਰ ਸਿੰਘ , ਵਿਧਾਇਕ ਡਾਕਟਰ ਨਛੱਤਰ ਪਾਲ , ਕੌਂਸਲਰ ਪਰਮ ਸਿੰਘ ਖਾਲਸਾ , ਕੌਂਸਲਰ ਗੁਰਮੁੱਖ ਨੌਰਥ , ਸਤਵੀਰ ਸਿੰਘ ਪੱਲੀ ਝਿਕੀ , ਕੌਂਸਲਰ ਮੱਖਣ ਸਿੰਘ ਗਰੇਵਾਲ , ਜਰਨੈਲ ਸਿੰਘ ਖਾਲਸਾ ,ਐਡਵੋਕੇਟ ਸੁਮਨ , ਕੁਮਾਰ ਹਿਤੇਸ਼ , ਅਜੈ ਕੁਮਾਰ ,ਚਮਨ ਸਿੰਘ ਭਾਨ ਮਜਾਰਾ ,ਰਤਨ ਜੈਨ , ਵਿਵੇਕ ਮਾਰਕੰਡਾ ,ਹਰਜਾਪ ਸਿੰਘ ਵੀ ਪਰਵਾਰ ਨਾਲ ਦੁੱਖ ਸਾਂਝਾ ਕਰਨ ਪਹੁੰਚੇ ਸਨ ।



# ਕਾਰਗਿਲ ਵਿਜੈ ਦਿਵਸ 'ਤੇ ਸੀ ਬੀ ਸੀ ਵੱਲੋਂ ਫੋਟੋ ਪ੍ਰਦਰਸ਼ਨੀ



**ਜਲੰਧਰ (ਸੁਰਿੰਦਰ ਕੁਮਾਰ, ਸ਼ੈਲੀ ਐਲਬਰਟ)**

'ਸੇਵਾ, ਸੁਸ਼ਾਸਨ ਅਤੇ ਗਰੀਬ ਕਲਿਆਣ' ਅਤੇ 'ਕਾਰਗਿਲ ਵਿਜੈ ਦਿਵਸ' ਨੂੰ ਸਮਰਪਿਤ ਦੋ ਰੋਜ਼ਾ ਫੋਟੋ ਪ੍ਰਦਰਸ਼ਨੀ ਵਿਰਸਾ ਵਿਹਾਰ ਵਿਖੇ ਸ਼ੁਰੂ ਹੋਈ। ਇਹ ਪ੍ਰਦਰਸ਼ਨੀ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਕੇਂਦਰੀ ਸੰਚਾਰ ਬਿਊਰੋ (ਸੀਬੀਸੀ) ਵੱਲੋਂ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਦੇ ਇਰਾਦੇ ਨਾਲ ਜਲੰਧਰ ਵਿੱਚ ਲਗਾਈ ਗਈ ਹੈ। ਇਸ ਵਿੱਚ ਆਮ ਲੋਕਾਂ ਲਈ ਸਰਕਾਰ ਦੀਆਂ ਵੱਖ-ਵੱਖ ਵੱਡੀਆਂ ਭਲਾਈ ਸਕੀਮਾਂ ਨੂੰ ਇਨਫੋਗ੍ਰਾਫਿਕਸ ਰਾਹੀਂ ਪੇਸ਼ ਕੀਤਾ ਗਿਆ ਹੈ। ਪੂਰਾ ਦੇਸ਼ ਕਾਰਗਿਲ ਵਿਜੈ ਦਿਵਸ ਮਨਾ ਰਿਹਾ ਹੈ। ਇਸ ਦੀ ਯਾਦ ਵਿਚ ਕਾਰਗਿਲ ਯੁੱਧ ਦੀਆਂ ਤਸਵੀਰਾਂ ਦਿਖਾਉਣ ਲਈ ਇਕ ਵਿਸ਼ੇਸ਼ ਬਲਾਕ ਵੀ ਬਣਾਇਆ ਗਿਆ ਹੈ, ਜਿਸ ਵਿਚ ਆਮ ਲੋਕਾਂ ਅਤੇ ਖਾਸ ਕਰਕੇ ਨੌਜਵਾਨਾਂ ਨੂੰ ਉਸਾਰੂ ਸੋਚ ਨਾਲ ਜੋੜਨ ਦੀ ਮਨਸਾ ਰੱਖਦਿਆਂ ਤਿਆਰ ਕੀਤਾ ਗਿਆ ਹੈ, ਤਾਂ ਜੋ ਸਾਡੇ ਨੌਜਵਾਨਾਂ ਵਿੱਚ ਬਹਾਦਰ ਸੈਨਿਕਾਂ ਤੋਂ ਪ੍ਰੇਰਿਤ ਹੋ ਕੇ ਦੇਸ਼ ਨੂੰ ਸਮਰਪਿਤ ਹੋਣ ਦੀ ਭਾਵਨਾ ਉਤਸ਼ਾਹਿਤ ਹੋ ਸਕੇ। ਵਧੀਕ ਡਿਪਟੀ ਕਮਿਸ਼ਨਰ ਮੇਜਰ (ਸੇਵਾ ਮੁਕਤ) ਅਮਿਤ ਮਹਾਜਨ ਨੇ ਰਜਿੰਦਰਾ ਚੌਧਰੀ, ਵਧੀਕ ਡਾਇਰੈਕਟਰ ਜਨਰਲ, ਸੂਚਨਾ ਅਤੇ ਪ੍ਰਸਾਰਣ ਮੰਤਰਾਲੇ, ਉੱਤਰੀ ਖੇਤਰ, ਚੰਡੀਗੜ੍ਹ ਦੇ ਨਾਲ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਐੱਨ.ਸੀ.ਸੀ. ਕੈਡਿਟਾਂ ਨੂੰ ਦੇਸ ਦੀ ਸੇਵਾ ਕਰਨ ਲਈ ਹਥਿਆਰਬੰਦ ਬਲਾਂ 'ਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ। ਕਾਰਗਿਲ ਜੰਗ ਦਾ ਹਿੱਸਾ ਰਹੇ 3 ਪੰਜਾਬ ਦੇ ਐਨਸੀਸੀ ਜੇਸੀਓ ਸੂਬੇਦਾਰ ਲਾਭ ਸਿੰਘ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਦੀ ਪਲਟਨ ਨੇ ਬਟਾਲਿਕ ਸੈਕਟਰ ਦੇ ਪਹਾੜਾਂ ਵਿੱਚ ਕੁਝ ਅਣਪਛਾਤੇ ਵਿਅਕਤੀਆਂ ਦੀਆਂ ਸ਼ੱਕੀ ਹਰਕਤਾਂ ਨੂੰ ਦੇਖਿਆ ਅਤੇ ਉੱਚ ਅਧਿਕਾਰੀਆਂ ਨੂੰ ਸੂਚਿਤ ਕੀਤਾ। ਉਸ ਤੋਂ ਬਾਅਦ ਜੋ ਵੀ ਹੋਇਆ ਉਹ ਇਤਿਹਾਸ ਹੈ। ਫੀਲਡ ਪਬਲੀਸਿਟੀ ਅਫਸਰ ਰਾਜੇਸ਼ ਬਾਲੀ ਨੇ ਕਿਹਾ ਕਿ ਸਰਕਾਰ ਦੀਆਂ ਅਜਿਹੀਆਂ ਪਹਿਲਕਦਮੀਆਂ ਜਿੱਥੇ ਲੋਕਾਂ ਵਿੱਚ ਰਾਸ਼ਟਰੀ ਏਕਤਾ ਅਤੇ ਦੇਸ਼ ਭਗਤੀ ਦਾ ਸੰਦੇਸ਼ ਫੈਲਾਉਂਦੀਆਂ ਹਨ, ਉੱਥੇ ਹੀ ਲੋਕਾਂ ਨੂੰ ਇਹ ਸਮਝਾਉਣ ਵਿੱਚ ਵੀ ਸਹਾਈ ਹੁੰਦੀਆਂ ਹਨ ਕਿ ਕਿਵੇਂ ਸਾਡਾ ਦੇਸ਼ ਵੱਖ-ਵੱਖ ਖੇਤਰਾਂ ਵਿੱਚ ਤਰੱਕੀ ਦੀਆਂ ਨਵੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ।

# ਮਣੀਪੁਰ ਦੀ ਘਟਨਾ ਇਨਸਾਨੀਅਤ ਨੂੰ ਕਰਦੀ ਸ਼ਰਮਸਾਰ : ਗਗਨਦੀਪ

**ਮਹਿਤਪੁਰ (ਰਾਜਾ)**- ਦੇਸ਼ 'ਚ ਔਰਤਾਂ ਨਾਲ ਅਪਰਾਧਿਕ ਘਟਨਾਵਾਂ ਵੱਧ ਰਹੀਆ ਹਨ ਤੇ ਮਣੀਪੁਰ 'ਚ ਸਰੇਆਮ ਦੋ ਔਰਤਾਂ ਨੂੰ ਨਿਰਵਸਤਰ ਕਰਕੇ ਸੜਕਾਂ 'ਤੇ ਘੁਮਾਇਆ ਗਿਆ ਤੇ ਉਨ੍ਹਾਂ ਨਾਲ ਜਬਰ ਜਨਾਹ ਕੀਤਾ ਗਿਆ, ਇਸ ਤੋਂ ਵੱਡੀ ਸਾਡੇ ਦੇਸ਼ ਵਾਸਤੇ ਸ਼ਰਮ ਦੀ ਗੱਲ ਕੀ ਹੋ ਸਕਦੀ ਹੈ। ਇਹ ਪ੍ਰਗਟਾਵਾ ਗਗਨਦੀਪ ਸਿੰਘ ਲੰਬੜਦਾਰ ਨੇ ਪ੍ਰੈਸ ਰਾਹੀਂ ਬਿਆਨ ਕੀਤਾ। ਉਨ੍ਹਾਂ ਕਿਹਾ ਕਿ ਮਣੀਪੁਰ ਵਿੱਚ ਵਾਪਰੀ ਘਿਨਾਉਣੀ ਘਟਨਾ ਨੇ ਦੁਨੀਆ ਭਰ 'ਚ ਸਾਰੇ ਦੇਸ਼ ਦਾ ਸਿਰ ਸ਼ਰਮ ਨਾਲ ਝੁਕਾ ਦਿੱਤਾ ਹੈ। ਜਿਸ ਦੇਸ਼ 'ਚ ਔਰਤਾਂ ਸੁਰੱਖਿਅਤ ਨਹੀਂ ਹਨ, ਸਰਕਾਰਾਂ ਨੂੰ ਤੁਰੰਤ ਅਸਤੀਫੇ ਦੇ ਦੇਣੇ ਚਾਹੀਦੇ ਹਨ। ਨਾਰੀ ਸਸ਼ਕਤੀਕਰਨ ਦੀਆਂ ਫੋਕੀਆਂ ਗੱਲਾਂ ਕਰਨ ਵਾਲੀ ਸਰਕਾਰ ਇੱਕ ਪਾਸੇ ਬੇਟੀ ਬਚਾਓ ਬੇਟੀ ਪੜ੍ਹਾਓ ਦੀਆਂ ਗੱਲਾਂ ਕਰਦੀ ਹੈ ਤੇ ਦੂਜੇ ਪਾਸੇ ਦੇਸ ਚ ਔਰਤਾ ਔਰਤਾਂ ਤੇ ਲੜਕੀਆਂ ਨਾਲ ਜਬਰ ਜਨਾਹ ਦੀਆਂ ਘਟਨਾਵਾਂ ਵਾਪਰ ਰਹੀਆ ਹਨ। ਉਨਾਂ ਕਿਹਾ ਕਿ ਮਣੀਪੁਰ ਦੀ ਘਟਨਾ ਇਨਸਾਨੀਅਤ ਨੂੰ ਸ਼ਰਮਸਾਰ ਕਰਦੀ ਹੈ ਤੇ ਦੇਸ਼ ਵਿੱਚ ਪਹਿਲਵਾਨ ਔਰਤਾਂ ਦੇ ਜਿਨਸੀ ਸੋਸ਼ਣ ਦਾ ਮਸਲਾ, ਗੋਧਰਾ ਕਾਂਡ ਜਿੱਥੇ ਗਰਭਵਤੀ ਔਰਤਾਂ ਨੂੰ ਵੀ ਨਹੀਂ ਬਖਸ਼ਿਆ ਗਿਆ ਤੇ ਔਰਤਾਂ ਨਾਲ ਅਜਿਹੀਆਂ ਘਟਨਾਂਵਾ ਹਰ ਰੋਜ ਵਾਪਰ ਰਹੀਆਂ ਹਨ। ਦੇਸ਼ ਦੀਆਂ ਸਰਕਾਰਾਂ ਬਿਲਕੁਪ ਚੁੱਪ ਹੈ। ਸਰਕਾਰ ਨੂੰ ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ। ਇਸ ਮੌਕੇ ਸੁਖਵਿੰਦਰ ਗਿੱਲ, ਗੁਰਵਿੰਦਰ ਸਿੰਘ, ਹਰਵਿੰਦਰ ਸਿੰਘ, ਭਜਨ ਸਿੰਘ, ਜਗਦੀਪ ਸਿੰਘ, ਲਖਵੀਰ ਸਿੰਘ, ਅਕਾਸ਼ ਮਾਨ, ਰਾਕੇਸ਼ ਮਾਨ, ਸ਼ਾਮ ਕ੍ਰਿਸ਼ਨ ਆਦਿ ਹਾਜਰ ਸਨ।

# ਵਿਆਹ ਦੇ ਬੰਧਨ 'ਚ ਬੱਝਣ ਜਾ ਰਹੇ ਐਕਸ ਮਿਸਟਰ ਪੰਜਾਬ ਪ੍ਰਭਜੋਤ ਸਿੰਘ

**ਫਗਵਾੜਾ (ਰਮਨ ਸ਼ਰਮਾ )**- ਸਾਲ 2018 'ਚ ਮਿਸਟਰ ਪੰਜਾਬ ਦਾ ਖਿਤਾਬ ਜਿੱਤ ਕੇ ਫਗਵਾੜਾ ਦਾ ਨਾਂਅ ਰੌਸ਼ਨ ਕਰਨ ਵਾਲੇ ਪ੍ਰਸਿੱਧ ਮਾਡਲ ਪ੍ਰਭਜੋਤ ਸਿੰਘ ਜਲਦੀ ਹੀ ਵਿਆਹ ਦੇ ਬੰਧਨ 'ਚ ਬੱਝਣ ਜਾ ਰਹੇ ਹਨ। ਐਤਵਾਰ ਨੂੰ ਪ੍ਰਭਜੋਤ ਸਿੰਘ ਅਤੇ ਫਗਵਾੜਾ ਦੀ ਹੀ ਵਸਨੀਕ ਅਮਨਪ੍ਰੀਤ ਕੌਰ ਦੀ ਮੰਗਣੀ ਹੋਈ ਹੈ। ਪ੍ਰਭਜੋਤ ਸਿੰਘ ਸੋਸ਼ਲ ਮੀਡੀਆ 'ਤੇ ਵੀ ਛਾਏ ਰਹਿੰਦੇ ਹਨ। ਉਨ੍ਹਾਂ ਦੇ ਕਰੀਬ ਤਿੰਨ ਲੱਖ ਫੋਲੋਅਰਸ ਹਨ। ਇਸ ਤੋਂ ਇਲਾਵਾ ਵੱਖ-ਵੱਖ ਉਤਪਾਦਾਂ ਦੀ ਮਸ਼ਹੂਰੀ ਕਰਦੇ ਵੀ ਉਨ੍ਹਾਂ ਨੂੰ ਅਕਸਰ ਦੇਖਿਆ ਜਾਂਦਾ ਹੈ। ਇਸੇ ਸਾਲ ਪੰਜਾਬ ਸਰਕਾਰ ਦੀ ਕੈਬਨਿਟ ਮੰਤਰੀ ਬਲਜੀਤ ਕੌਰ ਵੱਲੋਂ ਪ੍ਰਭਜੋਤ ਸਿੰਘ ਨੂੰ ਸਨਮਾਨਤ ਕਰਕੇ ਹੌਸਲਾ ਅਫਜ਼ਾਈ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਪ੍ਰਭਜੋਤ ਦੇ ਮਾਤਾ-ਪਿਤਾ ਪ੍ਰਿਤਪਾਲ ਕੌਰ ਅਤੇ ਗੁਰਦੀਪ ਸਿੰਘ ਤੁਲੀ ਸ਼ਹਿਰ ਦੇ ਪ੍ਰਸਿੱਧ ਸਮਾਜ ਸੇਵਕ ਹਨ। ਪ੍ਰਿਤਪਾਲ ਕੌਰ ਤੁਲੀ ਆਮ ਆਦਮੀ ਪਾਰਟੀ ਦੀ ਸਰਗਰਮ ਮਹਿਲਾ ਆਗੂ ਵੀ ਹਨ। ਤੁਲੀ ਜੋੜੇ ਨੂੰ ਉਨ੍ਹਾਂ ਦੇ ਸਪੁੱਤਰ ਦੀ ਮੰਗਣੀ 'ਤੇ ਸ਼ੁੱਭਚਿੰਤਕਾਂ ਵੱਲੋਂ ਸ਼ੁੱਭ ਇੱਛਾਵਾਂ ਪ੍ਰਾਪਤ ਹੋ ਰਹੀਆਂ ਹਨ।



# ਸੇਂਟ ਸੋਲਜਰ ਵਿਦਿਆਰਥੀਆਂ ਦੀ ਮਾਲਦੀਵ ਤੇ ਫਰਾਂਸ 'ਚ ਪਲੇਸਮੈਂਟ



**ਜਲੰਧਰ, (ਇਕਬਾਲ ਸਿੰਘ ਉੱਭੀ)**

ਸੇਂਟ ਸੋਲਜਰ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਐਂਡ ਕੇਟਰਿੰਗ ਟੈਕਨਾਲੋਜੀ ਦੇ ਵਿਦਿਆਰਥੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾ ਰਹੇ ਹਨ। ਪ੍ਰਿੰਸੀਪਲ ਸੰਦੀਪ ਲੋਹਾਨੀ ਨੇ ਜਾਣਕਾਈ ਦਿੰਦੇ ਹੋਏ ਦੱਸਿਆ ਕਿ ਵਿਦਿਆਰਥਣ ਤਰਨਾ ਦੀ ਪਲੇਸਮੈਂਟ ਆਯਾਤ ਰੈਸਟੋਰੈਂਟ ਮਾਲਦੀਵਸ 'ਚ ਹੋਈ ਹੈ ਅਤੇ ਵਿਦਿਆਰਥੀ ਹਰਿਕਿਸ਼ਨ ਦੀ ਪਲੇਸਮੈਂਟ ਫ੍ਰਾਂਸ ਦੇ ਵਿਕਟੋਰੀਆ ਰੈਸਟੋਰੈਂਟ 'ਚ ਹੋਈ ਹੈ। ਪ੍ਰਿੰਸੀਪਲ ਸੰਦੀਪ ਲੋਹਾਨੀ ਨੇ ਦੱਸਿਆ ਕਿ ਦੋਵੇਂ ਵਿਦਿਆਰਥੀ ਸਰਵੋਤਮ ਪੈਕੇਜ 'ਤੇ ਚੁਣੇ ਗਏ ਹਨ। ਚੇਅਰਮੈਨ ਅਨਿਲ ਚੋਪੜਾ ਨੇ ਦੱਸਿਆ ਕਿ ਸੰਸਥਾ ਹਮੇਸ਼ਾ ਹੀ ਵਿਦਿਆਰਥੀਆਂ ਵਿੱਚ ਲੋੜੀਂਦੇ ਹੁਨਰ ਨੂੰ ਵਿਕਸਿਤ ਕਰਨ ਲਈ ਯਤਨਸ਼ੀਲ ਰਹਿੰਦੀ ਹੈ ਤਾਂ ਜੋ ਉਹ ਭਵਿੱਖ ਵਿੱਚ ਆਪਣੇ ਖੇਤਰ ਵਿੱਚ ਵਧੀਆ ਪ੍ਰਦਰਸ਼ਨ ਕਰ ਸਕਣ। ਉਨ੍ਹਾਂ ਕਿਹਾ ਕਿ ਸੰਸਥਾ ਦੇ ਸਾਬਕਾ ਵਿਦਿਆਰਥੀ ਵੀ ਸਮੇਂ-ਸਮੇਂ 'ਤੇ ਆਨਲਾਈਨ ਮਾਧਿਅਮ ਰਾਹੀਂ ਇਨ੍ਹਾਂ ਬੱਚਿਆਂ ਦੇ ਸੰਪਰਕ ਵਿੱਚ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਅੱਗੇ ਵਧਣ ਲਈ ਦਿਸ਼ਾ-ਨਿਰਦੇਸ਼ ਦਿੰਦੇ ਰਹਿੰਦੇ ਹਨ। ਵਾਇਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੰਦੇ ਹੋਏ ਸੰਸਥਾ ਵਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਵੀ ਸ਼ਲਾਘਾ ਕੀਤੀ।

## ਪੰਜਾਬੀ ਗਾਇਕ ਸੁਰਿੰਦਰ ਛਿੰਦਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਬਹਿਰਾਮ (ਅਵਤਾਰ ਕਲੇਰ)**- ਪੰਜਾਬੀ ਲੋਕ ਗਾਇਕ , ਸੰਗੀਤਕਾਰ , ਅਦਾਕਾਰ ਸੁਰਿੰਦਰ ਛਿੰਦਾ ਦੀ ਮੌਤ ਨਾਲ ਪੰਜਾਬੀ ਗਾਇਕੀ ਅਤੇ ਪੰਜਾਬੀ ਸੰਗੀਤ ਨੂੰ ਪਿਆਰ ਕਰਨ ਵਾਲਿਆਂ ਨੂੰ ਸਦਮਾ ਪਹੁੰਚਿਆ ਹੈ । ਸੁਰਿੰਦਰ ਛਿੰਦਾ ਕੁੱਝ ਦਿਨਾਂ ਤੋਂ ਬੀਮਾਰ ਸਨ। ਉਹਨਾਂ ਦੀ ਮੌਤ 'ਤੇ ਪੰਜਾਬੀ ਗਾਇਕ ਬੂਟਾ ਮੁਹੰਮਦ , ਦੇਬੀ ਮਖਸੂਸਪੁਰੀ, ਨਛੱਤਰ ਗਿੱਲ, ਅਮਰ ਅਰਸ਼ੀ-ਨਰਿੰਦਰ ਜੋਤ, ਫਿਰੋਜ਼ ਖਾਨ, ਰਣਜੀਤ ਰਾਣਾ, ਬਲਰਾਜ ਬਿਲਗਾ, ਲੱਖਾ-ਨਾਜ ਜੋੜੀ ਨੰਬਰ ਵਨ, ਗੁਰਮੇਜ ਮੇਹਲੀ, ਮਕਬੂਲ, ਘੁੱਲਾ ਸਰਹਾਲੇ ਵਾਲਾ, ਸੱਤੀ ਖੋਖੇਵਾਲੀਆ, ਰਾਜਨ ਮੱਟੂ, ਬਲਵਿੰਦਰ ਬਿੰਦਾ, ਕਮਲ ਕਟਾਣੀਆ, ਜਮੀਲ ਅਖਤਰ, ਜਸਵੀਰ ਮਾਹੀ, ਨਿਰਮਲਜੀਤ, ਰਮੇਸ਼ ਚੌਹਾਨ, ਮਨਮੀਤ ਮੇਵੀ, ਸੁਲਤਾਨ ਮੁਹੰਮਦ, ਰਾਣੀ ਅਰਮਾਨ ਬਲਵੀਰ ਰਾਗਣੀ, ਬਲਜੀਤ ਜੱਸੀ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ।

## ਬੰਨ੍ਹ ਮਜਬੂਤ ਕਰਨ ਦੇ ਉਪਰਾਲੇ ਤੇਜ਼ ਕਰਨ ਦੀ ਮੰਗ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਮੈਅ ਸਾਹਿਬ ਮੀਓਵਾਲ ਸਤਲੁਜ ਦਰਿਆ ਧੁੱਸੀ ਬੰਨ ਤੇ ਕਿਰਤੀ ਕਿਸਾਨ ਯੂਨੀਅਨ ਅਤੇ ਪੇਂਡੂ ਮਜਦੂਰ ਯੂਨੀਅਨ ਨੇ ਡਰੇਨ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਬੰਨ੍ਹ ਦੀ ਮਜਬੂਤੀ ਕਰਨ 'ਤੇ ਵਿਚਾਰ ਚਰਚਾ ਕੀਤੀ ਗਈ। ਦਰਿਆ ਵਿੱਚ ਪਾਣੀ ਲਗਾਤਾਰ ਵਧ ਰਿਹਾ ਹੈ। ਦੂਸਰਾ ਬੰਨ੍ਹ ਲਾਗਿਉਂ ਰੇਤੇ ਦੀ ਨਜਾਇਜ ਮਾਈਨਿੰਗ ਵੀ ਹੋ ਰਹੀ ਹੈ, ਬੰਨ੍ਹ ਕਮਜੋਰ ਹੋ ਰਹੇ ਹਨ। ਬੰਨ੍ਹਾਂ ਤੋ ਦੀ ਵੱਡੇ ਵੱਡੇ ਟਿੱਪਰ, ਡਬਲ ਟਰਾਲੀਆਂ ਪਾ ਕੇ ਬੰਨ੍ਹ ਤੋੜੇ ਜਾ ਰਹੇ ਹਨ। ਆਗੂਆਂ ਨੇ ਅਧਿਕਾਰੀਆਂ ਤੋਂ ਜੋਰਦਾਰ ਮੰਗ ਕੀਤੀ ਗਈ ਕਿ ਬੰਨ੍ਹ ਲਾਗਿਉਂ ਰੇਤਾ ਚੁੱਕਣੋਂ ਰੋਕਿਆ ਜਾਵੇ, ਬੰਨ੍ਹ ਮਜਬੂਤ ਕਰਨ ਦੇ ਉਪਰਾਲੇ ਤੇਜ ਕੀਤੇ ਜਾਣ।

# ਐੱਚ ਆਈ ਐੱਮ ਟੀ ਕਾਲਜ 'ਚ ਮਨਾਇਆ ਕਾਰਗਿਲ ਵਿਜੇ ਦਿਵਸ

**ਟਾਂਡਾ ਉੜਮੁੜ, (ਉਂਕਾਰ ਸਿੰਘ, ਜਸਵਿੰਦਰ ਸੰਧੂ )**- ਐੱਚ ਆਈ ਐੱਮ ਟੀ ਕਾਲਜ ਟਾਂਡਾ ਵਿਚ ਕਾਰਗਿਲ ਵਿਜੇ ਦਿਵਸ ਮਨਾਇਆ ਗਿਆ। ਇਸ ਦੌਰਾਨ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਕਾਰਗਿਲ ਜੰਗ ਵਿਚ ਸਹੀਦ ਹੋਏ ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸੰਸਥਾ ਦੇ ਚੇਅਰਮੈਨ ਰੋਹਿਤ ਟੰਡਨ ਨੇ ਕਿਹਾ ਕਿ ਦੇਸ ਦੇ ਫੌਜੀ ਜਵਾਨਾਂ ਨੇ ਕਾਰਗਿਲ ਦੀ ਜੰਗ ਬੜੀ ਔਖੀ ਸਥਿਤੀ ਵਿਚ ਲੜੀ। ਸਾਡੇ ਜਵਾਨ ਪਾਕਿਸਤਾਨ ਵੱਲੋਂ ਭੇਜੇ ਗਏ ਅੱਤਵਾਦੀਆਂ ਨੂੰ ਭਾਰਤ ਦੀ ਧਰਤੀ ਤੋਂ ਭਜਾਉਣ ਵਿਚ ਸਫਲ ਰਹੇ। ਇਸ ਜੰਗ ਵਿਚ ਦੇਸ ਦੇ 500 ਤੋਂ ਵੱਧ ਬਹਾਦਰ ਜਵਾਨਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ। ਟੰਡਨ ਨੇ ਕਿਹਾ ਕਿ ਕਾਰਗਿਲ ਵਿਜੇ ਦਿਵਸ ਦੇਸ਼ ਦੇ ਉਨ੍ਹਾਂ ਮਹਾਨ ਬਹਾਦਰ ਸੈਨਿਕਾਂ ਦੀ ਬਹਾਦਰੀ ਦੀ ਗਾਥਾ ਨੂੰ ਦਰਸਾਉਂਦਾ ਹੈ, ਜੋ ਦੇਸ਼ ਵਾਸੀਆਂ ਲਈ ਹਮੇਸ਼ਾ ਪ੍ਰੇਰਨਾ ਸਰੋਤ ਬਣੇ ਰਹਿਣਗੇ। ਇਸ ਮੌਕੇ ਉਨ੍ਹਾਂ ਦੱਸਿਆ ਕਿ ਟਾਂਡਾ ਇਲਾਕੇ ਦੇ ਦੋ ਸੂਰਵੀਰਾਂ ਰਣਜੀਤ ਸਿੰਘ ਪਿੰਡ ਰੜਾ ਅਤੇ ਜੋਗਿੰਦਰ ਸਿੰਘ ਪਿੰਡ ਮਿਆਣੀ ਨੇ ਇਸ ਜੰਗ ਵਿਚ ਦੇਸ਼ ਦੀ ਰਾਖੀ ਕਰਦਿਆਂ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ ਸਨ। ਇਸ ਦਿਨ ਨੂੰ ਯਾਦ ਕਰਦਿਆਂ ਵਿਦਿਆਰਥੀਆਂ ਵੱਲੋਂ ਭਾਸ਼ਣ ਅਤੇ ਦੇਸ਼ ਭਗਤੀ ਦੇ ਗੀਤ ਵੀ ਗਾਏ ਗਏ। ਇਸ ਮੌਕੇ ਭਾਰਤ ਰਤਨ ਟੰਡਨ, ਦਿਸ਼ਾਂਤ ਕੁਮਾਰ, ਅਮਨਦੀਪ ਕੁਮਾਰ, ਅਲੋਕ ਸ਼ਰਮਾ, ਭਾਨੂ ਪ੍ਰਿਆ, ਪਾਰੁਲ ਪ੍ਰਿਆ, ਹਰਜੀਤ ਕੌਰ, ਗੁਰਜੀਤ ਕੌਰ, ਅੰਕਿਤਾ ਕੁਮਾਰੀ, ਰੁਪਿੰਦਰ ਕੌਰ, ਹਰਪ੍ਰੀਤ ਕੌਰ, ਗੁਰਪ੍ਰੀਤ ਕੌਰ, ਅਮਨਦੀਪ ਕੌਰ ਅਤੇ ਖੁਸ਼ਪ੍ਰੀਤ ਕੌਰ ਵੀ ਹਾਜਰ ਸਨ।



# ਪੰਜਾਬ ਰੈਸਲਿੰਗ ਐਸੋਸੀਏਸ਼ਨ ਦੀ ਮੀਟਿੰਗ ਅੱਜ



**ਫਗਵਾੜਾ (ਇੰਦਰਜੀਤ ਸਿੰਘ ਮਠਾੜੂ)**- ਪੰਜਾਬ ਰੈਸਲਿੰਗ ਐਸੋਸੀਏਸ਼ਨ ਦੀ ਇਕ ਮੀਟਿੰਗ ਫਗਵਾੜਾ ਦੇ ਸਿਟੀ ਕਲੱਬ ਵਿਖੇ 27 ਜੁਲਾਈ ਨੂੰ ਹੋਵੇਗੀ, ਜਿਸ ਵਿਚ ਐਸੋਸੀਏਸ਼ਨ ਦੇ ਅਹੁਦੇਦਾਰ ਹਿੱਸਾ ਲੈਣਗੇ। ਪ੍ਰਧਾਨ ਪਦਮਸ੍ਰੀ ਕਰਤਾਰ ਸਿੰਘ ,ਕੇ.ਕੇ. ਸਰਦਾਨਾ ਅਤੇ ਸੂਬਾ ਜਨਰਲ ਸਕੱਤਰ ਆਰ.ਐਸ. ਕੁੰਡੂ ਨੇ ਦੱਸਿਆ ਇਸ ਮੀਟਿੰਗ ਵਿੱਚ ਕੁਸ਼ਤੀ ਨੂੰ ਪ੍ਰਮੋਟ ਕਰਨਾ, ਐਸੋਸੀਏਸ਼ਨ ਮਜਬੂਤ ਲਈ ਵਿਚਾਰਾਂ ਕੀਤੀਆਂ ਜਾਣਗੀਆਂ ਅਤੇ ਪ੍ਰਤਿਭਾਸ਼ਾਲੀ ਪਹਿਲਵਾਨਾਂ ਦੀ ਕੁਸ਼ਤੀ ਦੇ ਹੁਨਰ ਨੂੰ ਨਿਖਾਰ ਲਿਉਣ ਲਈ ਉਪਰਾਲੇ ਕੀਤੇ ਜਾਣਗੇ। ਇਹਜਾਣਕਾਰੀ ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਪੀ.ਆਰ.ਓ. ਗੀਤ ਪ੍ਰੀਤ ਪਾਲ ਸਿੰਘ ਨੇ ਦਿੱਤੀ।

# ਸ਼੍ਰੋਮਣੀ ਜਰਨੈਲ ਬਾਬਾ ਜੀਵਨ ਸਿੰਘ ਦਾ 362ਵਾਂ ਪ੍ਰਕਾਸ਼ ਦਿਹਾੜਾ ਮਨਾਇਆ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)**

ਸ਼੍ਰੋਮਣੀ ਜਰਨੈਲ ਬਾਬਾ ਜੀਵਨ ਸਿੰਘ ਜੀ ਦਾ 362 ਵਾਂ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਗਿਆ। ਅਸਥਾਨ ਗੁਰਦੁਆਰਾ ਸ਼ਹੀਦ ਬੁਰਜ ਸਾਹਿਬ ਬਾਬਾ ਜੀਵਨ ਸਿੰਘ ਵਿਖੇ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਤੇ ਮੱਧ ਦੇ ਭੋਗ ਅਤੇ ਰੈਣ ਸਬਾਈ ਕੀਰਤਨ ਸਮਾਗਮ ਕਰਵਾਏ ਗਏ। ਜਿਸ ਵਿਚ ਪ੍ਰਸਿੱਧ ਢਾਡੀ, ਰਾਗੀ ਅਤੇ ਕਥਾਵਾਚਕ ਪਹੁੰਚੇ ਸਨ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਗੁਰਮਤਿ ਸਮਾਗਮ ਵਿੱਚ ਭਾਈ ਗੁਰਪਾਲ ਸਿੰਘ ਲੁਧਿਆਣੇ ਵਾਲੇ , ਭਾਈ ਹਰਪਾਲ ਸਿੰਘ ਨਿਸਾਨਾ ਫਰੀਦਕੋਟ ਵਾਲੇ , ਭਾਈ ਦਲਜੀਤ ਸਿੰਘ ,ਭਾਈ ਜਤਿੰਦਰ ਸਿੰਘ ਦਿਲਗੀਰ ਚੰਡੀਗੜ੍ਹ ਵਾਲੇ , ਭਾਈ ਜਸਵੀਰ ਸਿੰਘ ਲੁਧਿਆਣੇ ਵਾਲੇ,ਬੀਬੀ ਪਰਮਜੀਤ ਕੌਰ ਸ੍ਰੀ ਅਨੰਦਪੁਰ ਸਾਹਿਬ ਵਾਲੇ,ਜਥੇਦਾਰ ਭਾਈ ਬਹਾਦਰ ਸਿੰਘ ਮਕੜੋਨਾ ਕਲਾਂ, ਭਾਈ ਨਰਿੰਦਰ ਸਿੰਘ ਹਜੂਰੀ ਰਾਗੀ ਗੁਰਦਵਾਰਾ ਸ੍ਰੀ ਕਤਲਗੜ੍ਹ ਸਾਹਿਬ, ਭਾਈ ਜਤਿੰਦਰ ਸਿੰਘ ਹਜੂਰੀ ਰਾਗੀ ਗੁਰਦਵਾਰਾ ਸ੍ਰੀ ਕਤਲਗੜ੍ਹ ਸਾਹਿਬ, ਭਾਈ ਗੁਰਪਾਲ ਸਿੰਘ ,ਭਾਈ ਓਮਵੀਰ ਸਿੰਘ ਮੁਸਾਫਿਰ ਦੇਹਰਾਦੂਨ ਵਾਲੇ ਹਜ਼ੂਰੀ ਰਾਗੀ ਸ੍ਰੀ ਹੇਮਕੁੰਟ ਸਾਹਿਬ ਆਦਿ ਨੇ ਸੰਗਤਾਂ ਨੂੰ ਕੀਰਤਨ ਗੁਰਬਾਣੀ ਨਾਲ ਨਿਹਾਲ ਕੀਤਾ। ਰੈੱਡ ਕਰਾਸ ਖਰੜ ਵਲੋਂ ਮੈਡੀਕਲ ਕੈਂਪ ਲਗਾਇਆ ਗਿਆ ਅਤੇ ਬੁਲੰਦ ਪ੍ਰੈਸ ਕਲੱਬ ਸ੍ਰੀ ਚਮਕੌਰ ਸਾਹਿਬ ਵਲੋਂ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ । ਤਿੰਨੋਂ ਦਿਨ ਗੁਰੂ ਕਾ ਲੰਗਰ , ਮਾਲ ਪੂੜੇ ,ਖੀਰ, ਜਲੇਬੀਆਂ ਅਤੇ ਪਕੌੜਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਸਰਬਜੀਤ ਸਿੰਘ ਯੂਐਸਏ, ਲਖਵਿੰਦਰ ਸਿੰਘ ਸੰਧੂ ਕੌਮੀ ਪ੍ਰਧਾਨ ਸਾਹਿਬ ਭਾਈ ਜੈਤਾ ਜੀ ਯੂਥ ਫਾਊਂਡੇਸ਼ਨ ਰਜਿ: ਪੰਜਾਬ ,.ਹਰਜੀਤ ਸਿੰਘ ਚੰਡੀਗੜ੍ਹ , ਨੌਜਵਾਨ ਸਭਾ ਪੰਜਾਬ ਦੇ ਪ੍ਰਧਾਨ ਅਮਰਜੀਤ ਸਿੰਘ ਕਲਸੀ , ਹਰਿੰਦਰ ਸਿੰਘ ਬੋਨੀ ,ਅਮਰਪ੍ਰੀਤ ਸਿੰਘ ਚੌਹਾਨ, ਟਹਿਲ ਸਿੰਘ ਗਿੱਲ, ਗੁਰਦੇਵ ਸਿੰਘ ਮੋਹਾਲੀ ,ਮਨਦੀਪ ਸਿੰਘ ਸੰਧੂ ,ਗੁਰਮੇਲ ਸਿੰਘ ਚਾਹਲ , ਸੁਰਿੰਦਰ ਸਿੰਘ ਸਰਪੰਚ ਭੱਠੇ ਵਾਲੇ, ਜਸਵਿੰਦਰ ਸਿੰਘ ਮੁਹਾਲੀ ,ਸਰਬਜੀਤ ਸਿੰਘ ਚੰਡੀਗੜ੍ਹ ,ਵਿਕਰਮਜੀਤ ਸਿੰਘ ਮਿੱਕੀ ,ਅਮਰਜੀਤ ਸਿੰਘ ਕਲਸੀ ,ਪਰਮਿੰਦਰ ਸਿੰਘ ਬੱਗਾ ਅਤੇ ਗਗਨਦੀਪ ਸਿੰਘ, ਧਰਮਜੀਤ ਸਿੰਘ ਘਟੌੜਾ , ਸੈਂਡੀ ਮਠਾੜੂ, ਐਡਵੋਕੇਟ ਮਨਸਿਪੀ ਮਠਾੜੂ ਆਦਿ ਹਾਜ਼ਰ ਸਨ। ਮਾਗਮਾਂ ਦੇ ਸਮਾਪਤੀ ਵੇਲੇ ਆਈਆਂ ਹੋਈਆਂ ਸਾਰੀਆਂ ਸਿੱਖ ਸੰਗਤਾਂ ਦਾ ਮੁੱਖ ਸੇਵਾਦਾਰ ਸੰਤ ਬਾਬਾ ਧਰਮ ਸਿੰਘ ਖ਼ਾਲਸਾ ਵੱਲੋਂ ਧੰਨਵਾਦ ਕੀਤਾ ਗਿਆ।



# ਬਾਬਾ ਮੇਲਾ ਸਿੰਘ ਦੀ ਬਰਸੀ ਮੌਕੇ ਗੁਰਮਤਿ ਸਮਾਗਮ ਕਰਵਾਏ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਜਾਗਣੀਵਾਲ ਵਿਖੇ ਗੁਰਦੁਆਰਾ ਸ਼ਹੀਦ ਬੁੰਗਾ ਸਾਹਿਬ ਛਾਉਣੀ ਨਿਹੰਗ ਸਿੰਘਾਂ ਬਜਵਾੜਾ ਕਲਾਂ ਵੱਲੋਂ ਸਮੂਹ ਸਾਧ ਸੰਗਤ ਅਤੇ ਇਲਾਕੇ ਦੇ ਸਹਿਯੋਗ ਨਾਲ ਜਥੇਬੰਦੀ ਵੱਲੋ ਬਾਬਾ ਮੇਲਾ ਸਿੰਘ ਜੀ ਦੀ ਸਾਲਾਨਾ ਬਰਸੀ ਮੌਕੇ ਮਹਾਨ ਗੁਰਮਤਿ ਸਮਾਗਮ ਜਥੇਬੰਦੀ ਦੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਮੁੱਖੀ ਸਾਹਿਬਜਾਦਾ ਫਤਿਹ ਸਿੰਘ ਜੀ ਛਾਉਣੀ ਨਿਹੰਗ ਸਿੰਘਾਂ ਤਰਨਾਂ ਤਰਨਾ ਦਲ ਬਜਵਾੜਾ ਕਲਾਂ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਬਾਬਾ ਰਾਜਵੀਰ ਸਿੰਘ ਹੁਸ਼ਿਆਰਪੁਰ ਨੇ ਦੱਸਿਆ ਕਿ ਸਮਾਗਮ ਸਬੰਧੀ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ, ਭਾਈ ਜਸਵਿੰਦਰ ਸਿੰਘ ਹੈਡ ਗ੍ਰੰਥੀ ਬਜਵਾੜਾ ਕਲਾਂ, ਭਾਈ ਸਿਮਰਨਜੀਤ ਸਿੰਘ ਬਜਵਾੜਾ ਕਲਾਂ, ਭਾਈ ਤਰਨਜੀਤ ਸਿੰਘ ਹੁਸ਼ਿਆਰਪੁਰ ਆਦਿ ਨੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਬੱਬੀ ਸਿੰਘ, ਗੁਰਪਾਲ ਸਿੰਘ, ਗੁਰਪ੍ਰੀਤ ਸਿੰਘ, ਦੀਪਕ ਸਿੰਘ, ਬਲਦੇਵ ਸਿੰਘ ਅਜੜਾਮ, ਸੁਰਜੀਤ ਸਿੰਘ ਢੱਕੋਵਾਲ, ਬਲਵੀਰ ਸਿੰਘ ਹੇੜੀਆ, ਸੁਰਿੰਦਰ ਸਿੰਘ, ਤਲਵਿੰਦਰ ਸਿੰਘ, ਬਾਬਾ ਕੁਲਵਰਨ ਸਿੰਘ ਗੋਪਾਲੀਆ, ਹਰਵਿੰਦਰ ਸਿੰਘ ਰਾਣਾ ਸਿਮਰਨਜੀਤ ਸਿੰਘ, ਬਲਦੇਵ ਸਿੰਘ ਆਦਿ ਹਾਜਰ ਸਨ।

# ਸਰਬਾਂਗੀ ਲੇਖਕ ਰਣਜੀਤ ਸਿੰਘ ਆਜ਼ਾਦ ਕਾਂਝਲਾ ਸਨਮਾਨਤ

**ਜਲੰਧਰ (ਨਵਾਂ ਜ਼ਮਾਨਾ ਬਿਊਰੋ)**

ਪਿਛਲੇ ਦਿਨੀਂ ਪੰਜਾਬੀ ਦੇ ਜਾਣੇ ਪਛਾਣੇ ਸਰਬਾਂਗੀ ਲੇਖਕ ਅਤੇ ਸਾਹਿਤ ਸਭਾ (ਰਜਿ:) ਧੂਰੀ ਦੇ ਸਾਬਕਾ ਪ੍ਰਧਾਨ ਰਣਜੀਤ ਸਿੰਘ ਆਜਾਦ ਕਾਂਝਲਾ (ਸੇਵਾ ਮੁਕਤ ਲੈਕਚਰਾਰ) ਮਾਲਵਾ ਲਿਖਾਰੀ ਸਭਾ(ਰਜਿ:) ਸੰਗਰੂਰ ਵਿਖੇ ਸਾਹਿਤਕ ਸਮਾਗਮ ਵਿਚ ਸ਼ਮੂਲੀਅਤ ਕਰਨ ਪਿੱਛੋਂ ਗੁਰਸਾਗਰ ਮਸਤੂਆਣਾ ਸਾਹਿਬ ਵਿਖੇ ਨਤਮਸਤਕ ਹੋਣ ਲਈ ਪਹੁੰਚਿਆ। ਗੁਰਦਵਾਰਾ ਅੰਗੀਠਾ ਸਾਹਿਬ ਦੇਗ ਲੈ ਗੇਟ ਵੱਲ ਆਉਂਦਿਆ ਇਕ ਸਿੰਘ ਕਾਂਝਲਾ ਨੂੰ ਪਹਿਚਾਣ ਨੇੜੇ ਆਉਂਦਿਆਂ ਸੰਬੋਧਿਤ ਹੋਇਆ, 'ਤੁਸੀਂ ਰਣਜੀਤ ਸਿੰਘ ਆਜਾਦ ਕਾਂਝਲਾ ਹੋ ?' ਕਾਂਝਲਾ ਹਾਂ ਕਹਿ ਅਜੇ ਸੋਚ ਹੀ ਰਿਹਾ ਸੀ ਕਿ ਇਹ ਸੱਜਣ ਪਿੰਡ ਕਾਂਝਲਾ ਤੋਂ ਨਾ ਹੋਣ ਪਰ ਉਹ ਤਾਂ ਜਾਣਦਾ ਨਹੀਂ। ਉਹ ਸਮੇਂ ਦੀ ਨਜਾਕਤ ਨੂੰ ਭਾਂਪ ਆਪ ਹੀ ਬੋਲੇ,' ਮੈਂ ਤੁਹਾਡੀਆਂ ਲਿਖਤਾਂ/ ਰਚਨਾਵਾਂ ਸਾਹਿਤਕ ਪੇਪਰਾਂ ਅਤੇ ਫੇਸਬੁਕ 'ਤੇ ਅਕਸਰ ਪੜ ਕੇ ਕੁਮੈਂਟ ਵੀ ਕਰਦਾ ਰਹਿੰਦਾ ਹਾਂ। ਮੈਂ ਰਾਜਿੰਦਰ ਸਿੰਘ ਖਾਲਸਾ ਹਾਂ ਤੇ ਏਥੇ ਗੁ: ਅੰਗੀਠਾ ਸਾਹਿਬ ਵਿਖੇ ਮੁੱਖ ਗ੍ਰੰਥੀ ਦੀ ਸੇਵਾ ਨਿਭਾ ਰਿਹਾ ਹਾਂ। ਆਉ ਤੁਹਾਡਾ ਸਨਮਾਨ ਕਰਨਾ ਹੈ। ਤੁਸੀਂ ਸਮਾਜ ਨੂੰ ਚੰਗੀ ਸੇਧ ਦੇਣ ਵਾਲੀਆਂ ਲਿਖਤਾਂ/ ਰਚਨਾਵਾਂ ਰਾਹੀਂ ਲੰਮੇ ਸਮੇਂ ਤੋਂ ਸੇਵਾ ਕਰਦੇ ਆ ਰਹੇ ਹੋ।' ਵੀਰ ਖਾਲਸਾ ਜੀ ਕਾਂਝਲਾ ਦੀਆਂ ਲਿਖਤਾਂ ਦੇ ਅੱਛੇ ਕਦਰਦਾਨ ਹਨ। ਉਹਨਾਂ ਨੇ ਕਾਂਝਲਾ ਨੂੰ ਸਨਮਾਨਤ ਕਰ ਬੜੀ ਖੁਸ਼ੀ ਮਹਿਸੂਸ ਕੀਤੀ।

